Works : KANGANWAL ROAD, V.P.O. JUGIANA,
G.T. ROAD, LUDHIANA-141120 (INDIA)
Fax : +91-161-2512285
E-mail : gargfurnace@yahoo.com
CIN No. : L99999PB1973PLC003385
GSTIN No. : 03AAACG8307R1ZD

**GARG FURNACE LTD.**

**To,** **Date: 19.02.2026**

**The Corporate Relationship Department**
**BSE Limited**
**25th Floor, P.J. Towers, Dalal Street,**
**Mumbai-400001**

**Scrip code: 530615**

Sub: Newspaper Advertisement- Unaudited Financial Results for the quarter and nine months ended 31.12.2025

Dear Sir,

Please find enclosed copies of newspaper advertisements pertaining to Unaudited Financial Results for the quarter and nine months ended 31.12.2025, published on February 15, 2026 in Financial Express (English) and Desh Sewak (Punjabi).

You are requested to take the above information on your records.

Thanking You,

Yours faithfully

**For GARG FURNACE LIMITED**

**Devinder Garg**
**Managing Director**
**DIN: 01665456**

**Encl.: As above**

## NORTHLINK FISCAL AND CAPITAL SERVICES LIMITED

**Registered Office:** 86, Mall Road, Civil Lines, Ludhiana, Punjab-141001
**CIN:** L65921PB1994PLC015365 **Website:** www.northlink.co.in
**E-mail:** northlink86mall@gmail.com **Ph & Fax:** 0161-2449890

**EXTRACT OF UN-AUDITED FINANCIAL RESULTS FOR THE QUARTER AND NINE MONTHS ENDED 31st DECEMBER, 2025**

(Rs. in Lakhs)

| Particulars | Quarter ended 31.12.2025 (Un-audited) | Nine Months ended 31.12.2025 (Un-audited) | Quarter ended 31.12.2024 (Un-audited) |
|---|---|---|---|
| Total Income from operations | 3.87 | 18.48 | 13.11 |
| Other Income | 0.15 | 0.37 | 0.00 |
| Net Profit/(Loss) for the period (Before Tax, Exceptional and/or Extraordinary items) | (50.88) | (64.52) | (7.70) |
| Net Profit/(Loss) for the period before tax (After Exceptional and/or Extraordinary items) | (50.88) | (64.52) | (7.70) |
| Net Profit/(Loss) for the period after tax (After Exceptional and/or Extraordinary items) | (51.30) | (64.94) | (8.82) |
| Total Comprehensive Income for the period [Comprising Profit/(Loss) for the period (after Tax) and Other Comprehensive Income (after Tax)] | (51.30) | (64.94) | (8.82) |
| Equity Share Capital (Face Value of Rs 10/- per share) | 525.00 | 525.00 | 525.00 |
| Reserves (excluding Revaluation Reserve) as shown in the Audited Balance Sheet of the previous year. | – | – | – |
| Earnings Per Share (of Rs. 10/-each) (for continuing and Discontinued operations) | | | |
| a) Basic | (0.98) | (1.24) | (0.17) |
| b) Diluted | (0.98) | (1.24) | (0.17) |

**Notes: a)** The above financial results were reviewed by the Audit Committee and approved by the Board of Directors at their meeting held on Friday, 13th February 2026. Statutory Auditors of the Company have issued the limited review report on these un-audited financial results.
**b)** The above is an extract of the detailed format of the Financial Results for the quarter endnine months ended 31st December 2025, filed with Stock Exchange under regulation 33 of the SEBI (Listing Obligations and Disclosure Requirement) Regulations, 2015. The full format of the financial results is available on the Company's website www.northlink.co.in and on the website of the stock exchange www.bseindia.com and www.msei.in and can also be accessed by scanning the following Quick Response Code.

**For Northlink Fiscal and Capital Services Limited**
**sd/-**
**(Shamli Madia)**
**Managing Director**

**Place: Ludhiana**
**Dated: 14.02.2026**

## INDO GULF INDUSTRIES LIMITED

CIN : L74900DL1981PLC011425
4237/11,IInd Floor, Narendra Bhawan, 1, Ansari Road, Daryaganj, New Delhi-110002
Website : www.indogulfind.com, Email-rj.headoffice@gmail.com
Extract of Unaudited Standalone Financial Results for the quarter ended 31.12.2025
Regulation 47(1)(b) of the SEBI (LODR) Regulations, 2015

(Rs.in Lacs)

| Sr. No. | Particulars | Quarter Ended 31.12.2025 (Unaudited) | Quarter ended 31.12.2024 (Unaudited) |
|---|---|---|---|
| 1) | Total Income from operations | 4,822.81 | 6,119.20 |
| 2) | Net Profit/(loss) for the period (before tax and exceptional items) | -484.37 | 302.37 |
| 3) | Net Profit/(Loss) for the period before tax (after exceptional items) | -484.37 | 302.37 |
| 4) | Net Profit/(Loss) for the period after tax (after exceptional items) | -362.46 | 226.27 |
| 5) | Total Comprehensive Income for the period (comprising Profit/(loss) for the period (after tax) and Other Comprehensive Income (after tax)) | -362.46 | 226.27 |
| 6) | Equity Share Capital | 95.67 | 95.67 |
| 7) | Earnings per share (of Rs. 1/-each) not annualised for quarterly figures: | | |
| | a) Basic (Rs.) | (3.79) | 2.37 |
| | b) Diluted (Rs.) | (3.79) | 2.37 |

Notes:
1) The above is an extract of the detailed format of Annual Financial Results with the Stock Exchanges under Regulation 33 of the SEBI (Listing Obligations and Disclosure Requirements) Regulations, 2015 The full format of the Annual Financial Results are available on the Stock Exchange website i.e www.bseindia.com and on the company's website i.e www.indogulfind.com
2) The Standalone financial results of the Company have been prepared in accordance with Indian Accounting Standards (Ind AS) notified under the Companies (Indian accounting Standards) Rules, 2015 as amended by the Companies, (Indian Accounting Standards) (Amendment) Rules,2016. The Company has adopted Ind AS from 1st April 2016, with a transition date of 1st April, 2015 and accordingly these results (including for period ended 31st December, 2016 presented in accordance with Ind AS 101.

For and on behalf of the Board of Directors
Indo Gulf Industries Limited
Sd/-
Gaurav Kumar
Managing Director
DIN : 08063422

Place : Dehradun
Date : 13.02.2026

## ATAM VALVES LIMITED

**Registered Office : 1051, Industrial Area, Jalandhar, Punjab-144004**
**CIN: L27109PB1985PLC006476,Website: www.atamvalves.in**

**Un-Audited Financial Results For The Quarter and Nine Months ended 31st December, 2025**
**Rs. In Lakhs Except Per Share Data**

| Particulars | Quarter ending 31.12.2025 | Quarter ending 30.09.2025 | Quarter ending 31.12.2024 | Nine Months ending 31.12.2025 | Nine Months ending 31.12.2024 | Year ending 31.03.2025 |
|---|---|---|---|---|---|---|
| | (Unaudited) | (Unaudited) | (Unaudited) | (Unaudited) | (Unaudited) | (Audited) |
| Revenue from Operations | 1,041.16 | 1,140.78 | 1,738.17 | 3,419.07 | 4,579.13 | 6050.01 |
| Total Income | 1,041.68 | 1,141.06 | 1,738.61 | 3,420.29 | 4,583.75 | 6057.10 |
| Net Profit/(Loss) for the Period (Before Tax and Exceptional Items) | (75.03) | 119.81 | 212.62 | 210.40 | 564.37 | 851.81 |
| Net Profit/(Loss) for the Period Before Tax (After Exceptional Items) | (75.03) | 119.81 | 212.62 | 210.40 | 564.37 | 851.81 |
| Net Profit/(Loss) for the Period After Tax (After Exceptional Items) | (57.64) | 89.85 | 157.55 | 156.13 | 416.84 | 629.89 |
| Total Comprehensive Income / (Loss) for the Period | (57.64) | 89.71 | 159.78 | 157.54 | 413.86 | 628.52 |
| Equity Share Capital | 1,146.30 | 1,146.30 | 1,146.30 | 1,146.30 | 1,146.30 | 1146.30 |
| Other equity (excluding revaluation reserve) | - | - | - | - | - | 2500.70 |
| Earning Per Share (Face Value of Rs. 10/- Each) | | | | | | |
| (a) Basic | (0.50) | 0.78 | 1.37 | 1.36 | 3.64 | 5.50 |
| (b) Diluted | (0.50) | 0.78 | 1.37 | 1.36 | 3.64 | 5.50 |

**Note 1:** The financial results of the Company for the Quarter and Nine Months ended December 31, 2025 have been reviewed & recommended by Audit Committee and approved by the Board of Directors at their respective meetings held on 13/02/2026.
**Note 2:** The above is an extract of the detailed format of Unaudited financial results for the Quarter and Nine Months ended December 31, 2025 filed with the Stock Exchanges under regulation 33 of the SEBI (Listing and Other Disclosure Requirements) Regulations, 2015. The full format of the unaudited financial results for the Quarter and Nine Months ended December 31, 2025 is available on the Stock Exchange Website www.bseindia.com & www.nseindia.com and on the Company Website https://www.atamvalves.in/ .
**Note 3:** The figures of the previous period/year have been regrouped/rearranged wherever necessary to make them comparable with the current period's figures

**For and on behalf of the Board of Directors of**
**AMIT JAIN**
**Place: Jalandhar**
**Date: 13/02/2026**
**MANAGING DIRECTOR**

## PTC INDUSTRIES

ASPIRE • INNOVATE • ACHIEVE

CIN: L27109UP1963PLC002931
Registered Office: Advanced Manufacturing & Technology Centre, NH-25A, Sarai Sahjadi, Lucknow, Uttar Pradesh - 226401, India
Ph: +91 522 7111017 | Fax: +91 522 7111020 | Web: www.ptcil.com | email: ptc@ptcil.com

**Unaudited (Standalone & Consolidated) Financial Results of the Company for the Quarter and Nine Months ended on December 31, 2025**

In compliance with Regulation 33 of the SEBI (Listing Obligations and Disclosure Requirements) Regulation, 2015 (the "Listing Regulations"), the Board of Directors of PTC Industries Limited in its meeting held on Saturday, February 14, 2026 approved Unaudited (Standalone & Consolidated) Financial Results of the Company for the quarter and nine months ended on December 31, 2025.
The Unaudited (Standalone & Consolidated) Financial Results along with the Review Report by S.N. Dhawan & CO LLP are available on the website of the company at www.ptcil.com and also on the website of Stock Exchanges i.e BSE Limited and National Stock Exchange of India Limited at www.bseindia.com and www.nseindia.com respectively.
In compliance with Regulation 47 of the SEBI (Listing Obligations and Disclosure Requirements) Regulation, 2015, we hereby notify you that the same can also be accessed by scanning the following Quick Response (QR) Code:

For **PTC Industries Limited**
Sd/-
**Pragati Gupta Agrawal**
**Company Secretary & Compliance Officer**

Place: Lucknow
Date : 14.02.2026

## SMC CREDITS LTD.

**24, Ashoka Chambers, 5-B Rajindra Park, Pusa Road, New Delhi - 110060**
**CIN: L65910DL1992PLC049566**
**Email id: smccorp011@gmail.com, Ph: 011-45012880, Website: www.smccredits.com**

**STATEMENT OF UNAUDITED STANDALONE FINANCIAL RESULTS FOR THE QUARTER AND NINE MONTH ENDED DECEMBER 31, 2025**

The Board of Directors of the Company, at the meeting held on February 14, 2026, approved the unaudited financial results of the Company for the quarter and Nine Month ended December 31, 2025

The results are available on the Stock Exchange website i.e. www.bseindia.com (URL: https://www.bseindia.com/corporates/anndet_new.aspx?newsid=6e2f8560-8022-43d8-be19-35dc924b2d84 and on the Company's website i.e. www.smccredits.com (URL:- https://www.smccredits.com/productpicture/505QTR-3%20Result%20UFR%20%2031-12-2025.pdf
The same can also be accessed by scanning the Quick Response Code provided below:

**By Order of the Board**
**For SMC Credits Limited**
**Sd/-**
**Rajesh Goenka**
**Whole Time Director & CFO**
**DIN:00298227**

**Place: New Delhi**
**Date: February 14, 2026**

**Note** - *The above intimation is in accordance with Regulation 33 read with Regulation 47(1) of the SEBI (Listing Obligation & Disclosure Requirements) Regulations, 2015*




## GARG FURNACE LTD.

**CIN: L99999PB1973PLC003385**
**Regd Office : Kanganwal Road, V.P.O. Jugiana, G.T. Road, Ludhiana - 141120**
**Email: gargfurnace@yahoo.com**

**UNAUDITED STANDALONE & CONSOLIDATED FINANCIAL RESULTS FOR THE QUARTER & NINE MONTHS ENDED 31 DEC, 2025**

(Rs. in Lacs)

| Sr. No. | Particulars | Standalone | | | | | | Consolidated | | |
|---|---|---|---|---|---|---|---|---|---|---|
| | | Quarter ended | | | Nine Months Ended | | Year ended | Quarter ended | | Nine Months Ended |
| | | 31.12.2025 Unaudited | 30.09.2025 Unaudited | 31.12.2024 Unaudited | 31.12.2025 Unaudited | 31.12.2024 Unaudited | 31.03.2025 Audited | 31.12.2025 Unaudited | 30.09.2025 Unaudited | 31.12.2025 Unaudited |
| 1 | Total Income from Operations | 9,239.14 | 6,138.43 | 6,297.08 | 21,392.88 | 18,745.91 | 26,161.49 | 9,423.98 | 6,173.41 | 21,612.70 |
| 2 | Net Profit/(Loss) for the period (before Tax, Exceptional and/ or Extraordinary Items*) | 367.82 | 274.19 | 205.21 | 766.89 | 435.20 | 763.59 | 393.38 | 287.03 | 805.29 |
| 3 | Net Profit/(Loss) for the period before tax (after Tax, Exceptional and/or Extraordinary Items*) | 367.82 | 274.19 | 205.21 | 766.89 | 435.20 | 763.59 | 393.38 | 287.03 | 805.29 |
| 4 | Net Profit/(Loss) for the period after tax (after Exceptional and/or Extraordinary items*) | 367.82 | 274.19 | 205.21 | 766.89 | 435.20 | 763.59 | 386.12 | 283.20 | 794.20 |
| 5 | Total Comprehensive Income for the period [Comprising Profit / (Loss) for the period (after tax) and Other Comprehensive Income (after tax)] | 368.90 | 275.27 | 205.21 | 770.13 | 435.20 | 768.74 | 387.20 | 284.28 | 797.44 |
| 6 | Paid up Equity Share Capital | 680.87 | 680.87 | 540.87 | 680.87 | 540.87 | 500.87 | 680.87 | 680.87 | 680.87 |
| 7 | Reserves (excluding Revaluation Reserve) | 8,946.59 | 8,577.69 | 5,930.43 | 8,946.59 | 5,930.43 | 5,723.96 | 8,959.93 | 8,582.30 | 8,959.93 |
| 8 | Net Worth | 9,627.46 | 9,258.56 | 6,471.30 | 9,627.46 | 6,471.30 | 6,224.83 | 9,640.80 | 9,263.17 | 9,640.80 |
| 9 | Earnings Per Share (of Rs. 10/- each) (for continuing and discontinued operations) - | | | | | | | | | |
| | Basic ₹ | 6.01 | 4.75 | 4.21 | 12.53 | 8.92 | 15.88 | 6.15 | 4.83 | 12.97 |
| | Diluted ₹ | 6.01 | 4.75 | 3.80 | 12.53 | 8.06 | 14.16 | 6.15 | 4.83 | 12.97 |

**NOTES:**
The above is an extract of the detailed format of Unaudited Financial Results filed with the Stock Exchanges as per Regulation 33 of the SEBI (Listing and Other Disclousre Requirements) Regulations, 2015. The full format of the Unaudited Financial Results is available on the website of Stock Exchange(s) and the portal of Bombay Stock Exchange i.e. www. bseindia.com

**For Garg Furnace Limited**
**Sd/-**
**(Devinder Garg)**
**Chairman Cum Managing Director**
**DIN: 01665456**

**Place : Ludhiana**
**Dated : 14.02.2026**

## Superhouse Limited

LEGACY OF EXCELLENCE

Registered Office : 150 Feet Road, Jajmau, Kanpur | CIN : L24231UP1980PLC004910
Website: www.superhouse.in Email: share@superhouse.in

**EXTRACT OF STANDALONE AND CONSOLIDATED FINANCIAL RESULTS FOR THE QUARTER ENDED 31ST DECEMBER, 2025**

(Rs. in Lacs)

| S. No. | Particulars | Standalone | | | | Consolidated | | | |
|---|---|---|---|---|---|---|---|---|---|
| | | Quarter Ended | | | Year Ended | Quarter Ended | | | Year Ended |
| | | 31.12.2025 | 30.09.2025 | 31.12.2024 | 31.03.2025 | 31.12.2025 | 30.09.2025 | 31.12.2024 | 31.03.2025 |
| | | Unaudited | Unaudited | Unaudited | Audited | Unaudited | Unaudited | Unaudited | Audited |
| 1 | Total Income from operations | 13093.48 | 14644.81 | 12307.74 | 51702.10 | 17139.32 | 19301.89 | 16963.33 | 67714.75 |
| 2 | Net Profit for the period (before tax, exceptional and/or extra-ordinary items) | 531.83 | 613.22 | 411.81 | 1172.93 | 261.83 | 499.07 | 165.77 | 412.55 |
| 3 | Net Profit for the period before tax (after exceptional and/or extra-ordinary items) | 531.83 | 613.22 | 411.81 | 1793.10 | 261.83 | 499.07 | 165.77 | 1032.72 |
| 4 | Net Profit for the period after tax (after exceptional and/or extra-ordinary items) | 394.63 | 470.86 | 299.31 | 1341.33 | 128.06 | 425.44 | 51.31 | 800.61 |
| 5 | Total Comprehensive income for the period [comprising profit / loss for the period (after tax) and other comprehensive income (after tax)] | 404.59 | 466.73 | 321.19 | 1295.89 | 138.81 | 528.33 | 101.65 | 891.30 |
| 6 | Paid-up Equity Share Capital | 1102.50 | 1102.50 | 1102.50 | 1102.50 | 1074.97 | 1074.97 | 1074.97 | 1074.97 |
| 7 | Earning Per Share (of Rs. 10/- each)(Not Annualised) | | | | | | | | |
| | Basic (Rs.) | 3.58 | 4.27 | 2.71 | 12.17 | 1.06 | 3.72 | 0.26 | 7.24 |
| | Diluted (Rs.) | 3.58 | 4.27 | 2.71 | 12.17 | 1.06 | 3.72 | 0.26 | 7.24 |

**Notes :-**
1. The above is an extract of the detailed format of Quarterly Financial Results filed with the Stock Exchanges under Regulation 33 of the SEBI (Listing Obligations and Disclosure Requirements) Regulations, 2015. The full format of the Quarterly Financial Results are available on the website of the company 'www.superhouse.in" and website of respective Stock exchanges at "www.bseindia.com" and "www.nseindia.com".
2. The above financial results have been reviewed by the Audit committee and approved by the Board of Directors at its meeting held on 14th February, 2026.

For and on behalf of the Board
Sd/-
**Zafarul Amin**
**Joint Managing Director**
**DIN - 15533**

Allen Cooper

**Place: Unnao**
**Date: 14.02.2026**

**ਸੋਸ਼ਲ ਮੀਡੀਆ**
ਮੋਬਾ. 7098405555
Youtube : Desh Sewak
Twitter : @deshsewaknews
Facebook : deshsewaknewspaper95
www.deshsewak.org
ਐਮ.ਡੀ. ਦੇਸ਼ ਸੇਵਕ

DESH SEWAK

# ਦੇਸ਼ ਸੇਵਕ

ਨਿੱਗਰ ਸੋਚ, ਨਿਡਰ ਆਵਾਜ਼

ਐਤਵਾਰ, 15 ਫਰਵਰੀ 2026, 4 ਫੱਗਣ, ਨਾਨਕਸ਼ਾਹੀ ਸੰਮਤ 557, ਪੰਨੇ 12+4 ਮੁੱਲ 4.00 ਰੁ:
Chandigarh, Sunday, 15 February, 2026, Pages 12+4 Price : Rs. 4.00

**ਅਹਿਮ ਫੋਨ ਨੰਬਰ**
ਇਸ਼ਤਿਹਾਰ ਵਿਭਾਗ
0172-2657257
ਮੋਬਾ. 76579-20056
ਈਮੇਲ : deshadvt@gmail.com
ਅਦਾਰੇ ਦਾ ਪੱਤਰਕਾਰ ਬਣਨ ਸਬੰਧੀ ਸੰਪਰਕ ਕੀਤਾ ਜਾ ਸਕਦੈ।
ਰੈਜੀਡੈਂਟ ਐਡੀਟਰ : 7098405555
ਐਮ.ਡੀ. ਦੇਸ਼ ਸੇਵਕ

INS No. : 50733 | ਜਿਲਦ ਨੰ : 31, ਅੰਕ : 45 / Vol. : 31, No: 45 | ਪੋਸਟਲ ਰਜਿ. ਨੰ: / Postal Regd. No. CHD/0035/2024-26 | RNI REGD. NO. 62951/95 | email : newsdeshsewak@gmail.com


## ਬੰਗਲਾਦੇਸ਼ ਦੇ ਹਿੱਤਾਂ ਨੂੰ ਸਭ ਤੋਂ ਉੱਪਰ ਰੱਖਾਂਗੇ : ਤਾਰਿਕ ਰਹਿਮਾਨ



**ਏਜੰਸੀਆਂ**
**ਢਾਕਾ/14 ਫਰਵਰੀ :** ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀਐਨਪੀ) ਦੇ ਪ੍ਰਧਾਨ ਤਾਰਿਕ ਰਹਿਮਾਨ ਨੇ ਬੰਗਲਾਦੇਸ਼ ਦੀਆਂ ਆਮ ਚੋਣਾਂ ਜਿੱਤਣ ਤੋਂ ਬਾਅਦ ਸ਼ਨੀਵਾਰ ਨੂੰ ਪਹਿਲੀ ਵਾਰ ਮੀਡੀਆ ਨਾਲ ਗੱਲਬਾਤ ਕੀਤੀ। ਭਾਰਤ-ਬੰਗਲਾਦੇਸ਼ ਸਬੰਧ ਬਾਰੇ ਸਵਾਲਾਂ ਦੇ ਜਵਾਬ ਵਿੱਚ, ਉਨ੍ਹਾਂ ਕਿਹਾ, 'ਅਸੀਂ ਬੰਗਲਾਦੇਸ਼ ਦੇ ਹਿੱਤਾਂ ਨੂੰ ਸਭ ਤੋਂ ਉੱਪਰ ਰੱਖਾਂਗੇ।' ਰਹਿਮਾਨ ਨੇ ਇਹ ਵੀ ਕਿਹਾ ਕਿ ਚੀਨ ਬੰਗਲਾਦੇਸ਼ ਦੇ ਵਿਕਾਸ ਵਿੱਚ ਇੱਕ ਭਾਈਵਾਲ ਹੈ । ਉਨ੍ਹਾਂ ਉਮੀਦ ਪ੍ਰਗਟਾਈ ਕਿ ਬੰਗਲਾਦੇਸ਼ ਅਤੇ ਚੀਨ ਭਵਿੱਖ ਵਿੱਚ ਇਕੱਠੇ ਕੰਮ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਚੀਨ, ਦੂਜੇ ਦੇਸ਼ਾਂ ਵਾਂਗ, ਬੰਗਲਾਦੇਸ਼ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ।
ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਭਾਰਤ ਤੋਂ ਵਾਪਸ ਲਿਆਉਣ ਬਾਰੇ ਪੁੱਛੇ ਜਾਣ 'ਤੇ, ਰਹਿਮਾਨ ਨੇ ਕਿਹਾ ਕਿ ਇਹ ਪੂਰੀ ਤਰ੍ਹਾਂ ਕਾਨੂੰਨੀ ਪ੍ਰਕਿਰਿਆ 'ਤੇ ਨਿਰਭਰ ਕਰੇਗਾ । ਤਾਰਿਕ ਰਹਿਮਾਨ ਨੇ ਕਿਹਾ ਕਿ ਬੰਗਲਾਦੇਸ਼ ਨੇ ਸਾਰਕ ਦੀ ਸ਼ੁਰੂਆਤ ਕੀਤੀ ਸੀ, ਅਤੇ ਇਸ ਲਈ, ਉਹ ਇਸ ਨੂੰ ਮੁੜ ਸੁਰਜੀਤ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਬਣਾਉਣ ਤੋਂ ਬਾਅਦ, ਉਹ ਦੂਜੇ ਦੇਸ਼ਾਂ ਨਾਲ ਗੱਲਬਾਤ ਕਰਨਗੇ ਅਤੇ ਸੰਗਠਨ ਨੂੰ ਮੁੜ ਸਰਗਰਮ ਕਰਨ ਦੀ ਕੋਸ਼ਿਸ਼ ਕਰਨਗੇ ।
ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਦੇਸ਼ ਵਿੱਚ ਹਰ ਕੀਮਤ 'ਤੇ ਕਾਨੂੰਨ ਵਿਵਸਥਾ ਬਣਾਈ ਰੱਖੀ ਜਾਵੇਗੀ । ਸ਼ਾਂਤੀ ਅਤੇ ਸੁਰੱਖਿਆ ਨੂੰ ਭੰਗ ਕਰਨ ਵਾਲੀ ਕੋਈ ਵੀ ਗਤੀਵਿਧੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਕਾਨੂੰਨ ਸਾਰਿਆਂ 'ਤੇ ਬਰਾਬਰ ਲਾਗੂ ਹੋਵੇਗਾ । ਤਾਰਿਕ ਰਹਿਮਾਨ ਨੇ ਦੇਸ਼ ਵਾਸੀਆਂ ਨੂੰ ਇਕਜੁੱਟ ਰਹਿਣ ਦੀ ਅਪੀਲ ਕੀਤੀ । ਉਨ੍ਹਾਂ ਕਿਹਾ ਕਿ ਰਸਤੇ ਅਤੇ ਵਿਚਾਰ ਵੱਖੋ-ਵੱਖਰੇ ਹੋ ਸਕਦੇ ਹਨ, ਪਰ ਸਾਰਿਆਂ ਨੂੰ ਦੇਸ਼ ਦੇ ਹਿੱਤ ਵਿੱਚ ਇਕਜੁੱਟ ਰਹਿਣਾ ਚਾਹੀਦਾ ਹੈ । ਰਾਸ਼ਟਰੀ ਏਕਤਾ ਦੇਸ਼ ਦੀ ਤਾਕਤ ਹੈ, ਅਤੇ ਵੰਡ ਇਸ ਦੀ ਕਮਜ਼ੋਰੀ ਹੈ । ਤਾਰਿਕ ਨੇ ਕਿਹਾ ਕਿ ਅੱਜ ਤੋਂ, ਸ਼ਬਦ ਦੇ ਸਹੀ ਅਰਥਾਂ ਵਿੱਚ ਆਜ਼ਾਦੀ ਅਤੇ ਅਧਿਕਾਰ ਬਹਾਲ ਹੋ ਗਏ ਹਨ। ਉਨ੍ਹਾਂ ਬੰਗਲਾਦੇਸ਼ ਦੇ ਲੋਕਾਂ ਨੂੰ ਵਧਾਈ ਦਿੰਦੇ ਹੋਏ (ਬਾਕੀ ਸਫ਼ਾ 2 'ਤੇ)

## ਟੀ-20 ਵਿਸ਼ਵ ਕੱਪ : ਭਾਰਤ-ਪਾਕਿ ਵਿਚਾਲੇ ਮੁਕਾਬਲਾ ਅੱਜ

### ਹੱਥ ਮਿਲਾਉਣ ਬਾਰੇ ਹਾਲੇ ਫ਼ੈਸਲਾ ਨਹੀਂ



**ਏਜੰਸੀਆਂ**
**ਕੋਲੰਬੋ/14 ਫਰਵਰੀ :** ਟੀ-20 ਵਿਸ਼ਵ ਕੱਪ 2026 ਦਾ ਵੱਡਾ ਮੁਕਾਬਲਾ ਭਾਰਤ-ਪਾਕਿਸਤਾਨ ਨਾਲ ਐਤਵਾਰ, 15 ਫਰਵਰੀ ਨੂੰ ਕੋਲੰਬੋ ਦੇ ਆਰ. ਪ੍ਰੇਮਦਾਸਾ ਸਟੇਡੀਅਮ ਵਿੱਚ ਹੋਵੇਗਾ । ਏਸ਼ੀਆ ਕੱਪ 2025 ਤੋਂ ਬਾਅਦ ਇਹ ਪਹਿਲੀ ਵਾਰ ਹੋਵੇਗਾ, ਜਦੋਂ ਦੋਵੇਂ ਟੀਮਾਂ ਇੱਕ ਦੂਜੇ ਦਾ ਸਾਹਮਣਾ ਕਰਨਗੀਆਂ। ਕੋਲੰਬੋ ਪਹੁੰਚਣ 'ਤੇ ਭਾਰਤੀ ਖਿਡਾਰੀਆਂ ਦਾ ਸਵਾਗਤ ਰਵਾਇਤੀ ਸ੍ਰੀਲੰਕਾ ਦੇ ਨਾਚ ਅਤੇ ਢੋਲ ਦੀ ਤਾਲ ਨਾਲ ਕੀਤਾ ਗਿਆ। ਨਾਮੀਬੀਆ 'ਤੇ 93 ਦੌੜਾਂ ਦੀ ਪ੍ਰਭਾਵਸ਼ਾਲੀ ਜਿੱਤ ਤੋਂ ਬਾਅਦ ਭਾਰਤੀ ਟੀਮ ਸਖ਼ਤ ਸੁਰੱਖਿਆ ਅਤੇ ਮੀਡੀਆ ਦੀ ਮੌਜੂਦਗੀ ਵਿਚਕਾਰ ਨਵੀਂ ਦਿੱਲੀ ਹਵਾਈ ਅੱਡੇ ਤੋਂ ਰਵਾਨਾ ਹੋਈ । ਕੁਝ ਘੰਟਿਆਂ (ਬਾਕੀ ਸਫ਼ਾ 2 'ਤੇ)

## ਪੰਜਾਬੀ ਅਦਾਕਾਰਾ ਹਿਮਾਂਸ਼ੀ ਖੁਰਾਣਾ ਨੂੰ ਜਾਨੋਂ ਮਾਰਨ ਦੀ ਧਮਕੀ

**ਵੀ. ਪੀ. ਸਿੰਘ ਨਾਗਰਾ**
**ਚੰਡੀਗੜ੍ਹ/14 ਫਰਵਰੀ :** ਮਸ਼ਹੂਰ ਪੰਜਾਬੀ ਅਦਾਕਾਰਾ ਅਤੇ ਗਾਇਕਾ ਹਿਮਾਂਸ਼ੀ ਖੁਰਾਣਾ ਨੂੰ ਗੈਂਗਸਟਰਾਂ ਵੱਲੋਂ ਜਾਨੋਂ ਮਾਰਨ ਦੀ ਧਮਕੀ ਮਿਲਣ ਦਾ ਮਾਮਲਾ ਸਾਹਮਣੇ ਆਇਆ ਹੈ । ਸੂਤਰਾਂ ਅਨੁਸਾਰ, ਧਮਕੀ ਦੇਣ ਵਾਲਿਆਂ ਨੇ ਅਦਾਕਾਰਾ ਤੋਂ 10 ਕਰੋੜ ਰੁਪਏ ਦੀ ਭਾਰੀ ਫਿਰੌਤੀ ਦੀ ਮੰਗ ਕੀਤੀ ਹੈ । ਇਹ ਧਮਕੀ ਹੈਰੀ ਬਾਕਸਰ ਨਾਂ ਦੇ ਗੈਂਗਸਟਰ ਵੱਲੋਂ ਦਿੱਤੀ ਗਈ, ਜੋ ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜਿਆ ਹੋਇਆ ਹੈ। ਇਹ ਧਮਕੀ ਵਿਦੇਸ਼ੀ ਨੰਬਰ ਤੋਂ ਆਈ ਹੈ। ਸੂਤਰਾਂ ਮੁਤਾਬਕ, ਹਿਮਾਂਸ਼ੀ ਖੁਰਾਣਾ ਨੂੰ ਇਹ ਧਮਕੀ ਕਥਿਤ ਤੌਰ 'ਤੇ ਗੈਂਗਸਟਰਾਂ ਵੱਲੋਂ ਦਿੱਤੀ ਗਈ ਹੈ। 10 ਕਰੋੜ ਰੁਪਏ ਦੀ ਮੰਗ ਕਰਦਿਆਂ ਸਾਫ਼ ਸ਼ਬਦਾਂ ਵਿੱਚ ਕਿਹਾ ਗਿਆ ਹੈ ਕਿ ਜੇਕਰ ਮੰਗ (ਬਾਕੀ ਸਫ਼ਾ 2 'ਤੇ)

## ਮੋਹਾਲੀ : ਕੈਪਟਨ ਅਮਰਿੰਦਰ ਨੂੰ ਮਿਲੀ ਹਸਪਤਾਲੋਂ ਛੁੱਟੀ

**ਹਰਬੰਸ ਬਾਗੜੀ**
**ਮੋਹਾਲੀ/14 ਫਰਵਰੀ :** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸ਼ਨੀਵਾਰ ਮੋਹਾਲੀ ਦੇ ਫੋਰਟਿਸ ਹਸਪਤਾਲ ਵਿਚੋਂ ਛੁੱਟੀ ਦੇ ਦਿੱਤੀ ਗਈ ਹੈ। ਉਨ੍ਹਾਂ ਨੂੰ ਗੋਡੇ ਬਦਲਣ ਲਈ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਸੀ । ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਕੈਪਟਨ ਅਮਰਿੰਦਰ ਸਿੰਘ ਨੂੰ ਗੋਡੇ ਦੀ ਤਕਲੀਫ਼ ਕਾਰਨ ਮੁਹਾਲੀ ਦੇ ਫੋਰਟਿਸ ਹਸਪਤਾਲ ਵਿੱਚ 9 ਫਰਵਰੀ ਨੂੰ ਦਾਖਲ ਕਰਵਾਇਆ ਗਿਆ ਸੀ। ਅਪਰੇਸ਼ਨ ਤੋਂ ਬਾਅਦ ਉਨ੍ਹਾਂ ਨੂੰ ਡਾਕਟਰਾਂ ਦੀ ਨਿਗਰਾਨੀ ਹੇਠ ਆਈ.ਸੀ.ਯੂ. ਵਿੱਚ ਰੱਖਿਆ ਗਿਆ ਸੀ । ਕੈਪਟਨ ਅਮਰਿੰਦਰ ਸਿੰਘ ਪਹਿਲਾਂ ਵੀ ਗੋਡਿਆਂ ਦੀਆਂ ਸਮੱਸਿਆਵਾਂ (ਬਾਕੀ ਸਫ਼ਾ 2 'ਤੇ)

## ਕਾਂਗਰਸੀ ਵਿਧਾਇਕ ਪ੍ਰਗਟ ਸਿੰਘ ਨੂੰ ਜੰਮੂ-ਕਸ਼ਮੀਰ ਪੁਲਿਸ ਨੇ ਹਿਰਾਸਤ 'ਚ ਲਿਆ

**ਏਜੰਸੀਆਂ**
**ਜੰਮੂ/14 ਫਰਵਰੀ :** ਜਲੰਧਰ ਕੈਂਟ ਤੋਂ ਕਾਂਗਰਸੀ ਵਿਧਾਇਕ ਪਰਗਟ ਸਿੰਘ ਨੂੰ ਜੰਮੂ-ਕਸ਼ਮੀਰ ਪੁਲਿਸ ਵੱਲੋਂ ਹਿਰਾਸਤ ਵਿਚ ਲੈ ਲਿਆ ਗਿਆ ਹੈ । ਉਹ ਕਾਂਗਰਸੀ ਲੀਡਰਾਂ ਤੇ ਵਰਕਰਾਂ ਦੇ ਨਾਲ ਮਗਨਰੇਗਾ ਬਚਾਓ ਸੰਗਰਾਮ ਤਹਿਤ ਪੁਲਿਸ ਲਾਈਨ ਜੰਮੂ ਵਿਖੇ ਰੋਸ ਪ੍ਰਦਰਸ਼ਨ ਕਰ ਰਹੇ ਸਨ, ਜਿਸ ਦੌਰਾਨ ਜੰਮੂ ਕਸ਼ਮੀਰ ਪੁਲਿਸ ਵੱਲੋਂ ਉਨ੍ਹਾਂ ਸਮੇਤ ਹੋਰ ਕਾਂਗਰਸੀਆਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ । ਸੋਸ਼ਲ ਮੀਡੀਆ 'ਤੇ ਪਰਗਟ ਸਿੰਘ ਨੇ ਖ਼ੁਦ ਇਸ ਦੀ ਜਾਣਕਾਰੀ ਸਾਂਝੀ ਕੀਤੀ ਹੈ । ਉਨ੍ਹਾਂ ਦੱਸਿਆ ਕਿ ਜੰਮੂ ਵਿਖੇ 'ਮਗਨਰੇਗਾ ਬਚਾਓ ਸੰਗਰਾਮ' ਅਤੇ 'ਹਮਾਰੀ ਰਿਆਸਤ, ਹਮਾਰਾ ਹੱਕ' ਦੇ ਤਹਿਤ ਜਮਹੂਰੀ ਮੰਗਾਂ ਉਠਾ ਰਹੇ ਕਾਂਗਰਸੀ (ਬਾਕੀ ਸਫ਼ਾ 2 'ਤੇ)

## ਸੇਵਾਮੁਕਤੀ ਤੋਂ 20 ਸਾਲ ਬਾਅਦ ਅਧਿਕਾਰੀ ਛਪਾ ਸਕਣਗੇ ਆਪਣੀ ਕਿਤਾਬ

**ਏਜੰਸੀਆਂ**
**ਨਵੀਂ ਦਿੱਲੀ/14 ਫਰਵਰੀ :** ਸਾਬਕਾ ਜਨਰਲ ਐਮਐਮ ਨਰਵਣੇ ਦੀ ਅਣਛਪੀ ਕਿਤਾਬ ਵਿਵਾਦਾਂ 'ਚ ਆਉਣ ਮਗਰੋਂ ਕੇਂਦਰ ਸਰਕਾਰ ਸਖ਼ਤ ਕਦਮ ਚੁੱਕਣ ਦੀ ਤਿਆਰੀ ਕਰ ਰਹੀ ਹੈ। ਸਰਕਾਰ ਸੇਵਾਮੁਕਤੀ ਤੋਂ ਬਾਅਦ ਸੀਨੀਅਰ ਅਹੁਦਿਆਂ 'ਤੇ ਰਹੇ ਅਧਿਕਾਰੀਆਂ ਲਈ 20 ਸਾਲ ਦਾ ਕੂਲਿੰਗ ਆਫ਼ ਪੀਰੀਅਡ ਲਾਗੂ ਕਰਨ 'ਤੇ ਵਿਚਾਰ ਕਰ ਰਹੀ ਹੈ। ਇਸ ਦੌਰਾਨ ਅਧਿਕਾਰੀ ਆਪਣੀ ਸਰਵਿਸ ਨਾਲ ਜੁੜੀ ਕਿਤਾਬ ਛਪਾ ਨਹੀਂ ਸਕਣਗੇ। ਸੇਵਾਮੁਕਤੀ ਤੋਂ 20 ਸਾਲ ਬਾਅਦ ਹੀ ਅਧਿਕਾਰੀ ਆਪਣੀ ਕਿਤਾਬ ਛਪਾ ਸਕਣਗੇ। ਇਹ ਕਦਮ ਜਨਰਲ ਨਰਵਣੇ ਦੀ ਅਣਛਪੀ ਕਿਤਾਬ ਵਿਵਾਦਾਂ ਵਿੱਚ ਆਉਣ ਦੇ ਮੱਦੇਨਜ਼ਰ ਚੁੱਕਿਆ ਜਾ ਰਿਹਾ ਹੈ। ਮੀਡੀਆ ਰਿਪੋਰਟਾਂ ਮੁਤਾਬਕ ਕੇਂਦਰੀ ਕੈਬਨਿਟ ਦੀ ਮੀਟਿੰਗ ਵਿੱਚ ਇਸ ਮੁੱਦੇ 'ਤੇ ਚਰਚਾ ਹੋਈ। ਕਈ ਮੰਤਰੀਆਂ ਦਾ ਮੰਨਣਾ ਸੀ ਕਿ ਫੌਜ ਅਧਿਕਾਰੀਆਂ ਸਮੇਤ ਅਹਿਮ ਅਹੁਦਿਆਂ 'ਤੇ ਰਹੇ ਅਧਿਕਾਰੀਆਂ ਲਈ ਸੇਵਾਮੁਕਤੀ ਮਗਰੋਂ ਕਿਤਾਬ ਲਿਖਣ ਤੋਂ ਪਹਿਲਾਂ ਇੱਕ ਨਿਸ਼ਚਿਤ ਕੂਲਿੰਗ ਆਫ ਪੀਰੀਅਡ ਹੋਣਾ ਚਾਹੀਦਾ ਹੈ।
ਸੂਤਰਾਂ ਮੁਤਾਬਕ ਇਹ ਮੁੱਦਾ ਅਧਿਕਾਰਤ 27 ਨੁਕਤਿਆਂ ਦੇ ਏਜੰਡੇ ਵਿੱਚ ਸ਼ਾਮਲ ਨਹੀਂ ਸੀ, ਪਰ ਆਮ ਚਰਚਾ ਦੌਰਾਨ (ਬਾਕੀ ਸਫ਼ਾ 2 'ਤੇ)

## ਸੀਪੀਆਈ (ਐਮ) ਦੇ ਜਨਰਲ ਸਕੱਤਰ ਐਮਏ ਬੇਬੀ ਵੱਲੋਂ ਚੋਣ ਕਮਿਸ਼ਨਰ ਨੂੰ ਖ਼ਤ

### ਵੋਟਰ ਸੂਚੀਆਂ ਦੀ ਵਿਸ਼ੇਸ਼ ਤੀਖਣ ਸੋਧ 'ਤੇ ਉਠਾਏ ਇਤਰਾਜ਼

**ਆਈਐਨਐਨ**
**ਨਵੀਂ ਦਿੱਲੀ/14 ਫਰਵਰੀ :** ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਕੌਮੀ ਜਨਰਲ ਸਕੱਤਰ ਐਮ.ਏ. ਬੇਬੀ ਨੇ ਚੋਣ ਸੂਚੀਆਂ ਦੀ ਚੱਲ ਰਹੀ ਵਿਸ਼ੇਸ਼ ਤੀਖਣ ਸੋਧ (ਐਸਆਈਆਰ) ਸਬੰਧੀ ਮੁੱਖ ਚੋਣ ਕਮਿਸ਼ਨਰ ਨੂੰ ਇੱਕ ਪੱਤਰ ਲਿਖਿਆ ਹੈ।
ਇਸ ਪੱਤਰ ਵਿੱਚ ਉਨ੍ਹਾਂ ਲਿਖਿਆ ਹੈ ਕਿ ਅਸੀਂ ਇੱਕ ਵਾਰ ਫਿਰ ਤੁਹਾਡੇ ਕੋਲ ਚੋਣ ਸੂਚੀਆਂ ਦੀ ਚੱਲ ਰਹੀ ਵਿਸ਼ੇਸ਼ ਤੀਖਣ ਸੋਧ (ਐਸਆਈਆਰ) ਸਬੰਧੀ ਆਪਣੀ ਗੰਭੀਰ ਚਿੰਤਾ ਪ੍ਰਗਟ ਕਰ ਰਹੇ ਹਾਂ। ਜਦੋਂ ਕਿ ਅਸੀਂ ਮੰਨਦੇ ਹਾਂ ਕਿ ਵੋਟਰ ਸੂਚੀਆਂ ਦੀ ਸਮੇਂ-ਸਮੇਂ 'ਤੇ ਸੋਧ ਇੱਕ ਰੁਟੀਨ ਅਤੇ ਜ਼ਰੂਰੀ ਲੋਕਤੰਤਰੀ ਅਭਿਆਸ ਹੈ, ਪਰ ਮੌਜੂਦਾ ਐਸਆਈਆਰ ਦਾ ਤਰੀਕਾ, ਸਮਾਂ ਅਤੇ ਕਾਰਜਪ੍ਰਣਾਲੀ ਸਥਾਪਤ ਕਾਨੂੰਨ, ਪਿਛਲੀ ਪ੍ਰਥਾ ਅਤੇ ਸੰਵਿਧਾਨਕ ਸਿਧਾਂਤਾਂ ਤੋਂ ਬਿਲਕੁਲ ਉਲਟ ਹੈ। ਇੱਕ ਆਮ, ਪਾਰਦਰਸ਼ੀ ਅਤੇ ਨਾਗਰਿਕ-ਅਨੁਕੂਲ ਪ੍ਰਕਿਰਿਆ ਹੋਣ ਤੋਂ ਬਹੁਤ ਦੂਰ ਅਤੇ ਮੌਜੂਦਾ ਐਸਆਈਆਰ ਇੱਕ ਅਰਾਜਕ, ਮਨਮਾਨੀ ਅਤੇ ਬਾਹਰ ਕੱਢਣ ਵਾਲੀ ਪ੍ਰਕਿਰਿਆ ਵਿੱਚ ਬਦਲ ਗਈ ਹੈ ਜੋ ਵੋਟਰ ਸੂਚੀਆਂ ਦੀ ਅਖੰਡਤਾ ਅਤੇ ਵੋਟ ਪਾਉਣ ਦੇ ਮੌਲਿਕ ਅਧਿਕਾਰ ਦੋਵਾਂ ਲਈ ਖ਼ਤਰਾ ਹੈ।
ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਇੱਕ ਅਯਥਾਰਥਵਾਦੀ ਤੌਰ 'ਤੇ ਸੰਕੁਚਿਤ ਸਮਾਂ-ਸੀਮਾ ਦੇ ਅੰਦਰ ਇੱਕ ਵਿਆਪਕ ਅਤੇ ਦਖਲਅੰਦਾਜ਼ੀ ਸੋਧ ਅਭਿਆਸ ਕਰਨਾ ਅਟੱਲ ਤੌਰ 'ਤੇ ਚੋਣ ਮਾਹੌਲ ਨੂੰ ਵਿਗਾੜਦਾ ਹੈ ਅਤੇ ਵੱਡੇ ਪੱਧਰ 'ਤੇ ਗਲਤੀਆਂ ਅਤੇ ਵੋਟਰ ਸੂਚੀ 'ਚੋਂ ਬਾਹਰ ਕੱਢਣ ਦੇ ਖ਼ਤਰੇ ਨਾਲ ਭਰਿਆ ਹੋਇਆ ਹੈ। ਜਿਵੇਂ ਕਿ ਰਿਪੋਰਟਾਂ ਨੇ ਸੰਕੇਤ ਦਿੱਤਾ ਹੈ ਕਿ ਇਸ ਅਭਿਆਸ (ਬਾਕੀ ਸਫ਼ਾ 2 'ਤੇ)

## ਅਮਰੀਕਾ-ਭਾਰਤ ਵਪਾਰ ਸਮਝੌਤਾ ਕਿਸਾਨਾਂ ਤੇ ਕੱਪੜਾ ਉਦਯੋਗ ਨੂੰ ਕਰੇਗਾ ਤਬਾਹ : ਰਾਹੁਲ ਗਾਂਧੀ

**ਏਜੰਸੀਆਂ**
**ਨਵੀਂ ਦਿੱਲੀ/14 ਫਰਵਰੀ :** ਸੀਨੀਅਰ ਕਾਂਗਰਸੀ ਆਗੂ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਭਾਰਤ-ਅਮਰੀਕਾ ਵਪਾਰ ਸਮਝੌਤੇ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਿਆ ਹੈ।
ਉਨ੍ਹਾਂ ਕਿਹਾ ਕਿ ਅਮਰੀਕਾ ਨਾਲ ਵਪਾਰ ਸਮਝੌਤਾ ਕਪਾਹ ਉਦਪਾਦਕ ਕਿਸਾਨਾਂ ਅਤੇ ਕੱਪੜਾ ਉਦਯੋਗ ਨੂੰ ਪੂਰੀ ਤਰ੍ਹਾਂ ਤਬਾਹ ਕਰ ਦੇਵੇਗਾ। ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਸ਼ਨੀਵਾਰ ਨੂੰ ਆਪਣੇ ਵੀਡੀਓ ਪੋਸਟ ਵਿੱਚ ਰਾਹੁਲ ਨੇ ਦੋਸ਼ ਲਾਇਆ ਕਿ 18 ਪ੍ਰਤੀਸ਼ਤ ਟੈਰਿਫ ਬਨਾਮ 0 ਪ੍ਰਤੀਸ਼ਤ ਬਾਰੇ ਸਮਝਾਉਂਦਾ ਹਾਂ ਕਿ ਕਿਵੇਂ ਝੂਠ ਬੋਲਣ ਵਿੱਚ ਮਾਹਿਰ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੀ ਕੈਬਨਿਟ ਇਸ 'ਤੇ ਝੂਠ ਫੈਲਾ ਰਹੇ ਹਨ ਅਤੇ ਕਿਸ ਤਰ੍ਹਾਂ ਉਹ ਭਾਰਤ-ਅਮਰੀਕਾ ਵਪਾਰ ਸਮਝੌਤੇ ਨਾਲ ਦੇਸ਼ ਦੇ ਕਪਾਹ ਦਾ ਉਤਪਾਦਨ ਕਰਨ ਵਾਲੇ ਕਿਸਾਨਾਂ ਅਤੇ ਕੱਪੜਾ ਉਦਯੋਗ ਨੂੰ ਧੋਖਾ ਦੇ ਰਹੇ ਹਨ। ਆਪਣੀ ਪੋਸਟ ਵਿੱਚ ਰਾਹੁਲ ਨੇ ਕਿਹਾ ਕਿ ਬੰਗਲਾਦੇਸ ਨੂੰ ਅਮਰੀਕਾ ਵਿੱਚ ਕੱਪੜਾ ਨਿਰਯਾਤ 'ਤੇ 0 ਫ਼ੀਸਦੀ ਟੈਰਿਫ ਦਾ ਫਾਇਦਾ ਦਿੱਤਾ ਜਾ ਰਿਹਾ ਹੈ। ਸ਼ਰਤ (ਬਾਕੀ ਸਫ਼ਾ 2 'ਤੇ)

## ਪ੍ਰਧਾਨ ਮੰਤਰੀ ਮੋਦੀ ਹਵਾਈ ਫ਼ੌਜ ਦੇ ਜਹਾਜ਼ ਰਾਹੀਂ ਅਸਾਮ ਦੇ ਹਾਈਵੇਅ 'ਤੇ ਉਤਰੇ

**ਏਜੰਸੀਆਂ**
**ਗੁਹਾਟੀ/14 ਫਰਵਰੀ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਅਸਾਮ



ਦੇ ਡਿਬਰੂਗੜ੍ਹ ਜ਼ਿਲ੍ਹੇ ਵਿੱਚ ਸੀ-130ਜੇ ਜਹਾਜ਼ ਰਾਹੀਂ ਉੱਤਰ-ਪੂਰਬ ਦੀ ਪਹਿਲੀ ਐਮਰਜੈਂਸੀ ਲੈਂਡਿੰਗ ਫੈਸੀਲਿਟੀ 'ਤੇ ਇਤਿਹਾਸਕ ਲੈਂਡਿੰਗ ਕੀਤੀ। ਮੋਦੀ ਆਪਣੇ ਪਹੁੰਚਣ ਤੋਂ ਬਾਅਦ ਚਾਬੂਆ ਏਅਰਫੀਲਡ ਤੋਂ ਰਵਾਨਾ ਹੋਏ ਅਤੇ ਨੈਸ਼ਨਲ ਹਾਈਵੇਅ-37 ਦੇ ਇੱਕ ਹਿੱਸੇ 'ਤੇ ਮੋਰਾਨ ਵਿਖੇ ਈਐਲਐਫ਼ 'ਤੇ ਉੱਤਰੇ । ਅਧਿਕਾਰੀਆਂ ਨੇ ਦੱਸਿਆ ਕਿ ਮੋਰਾਨ ਬਾਈਪਾਸ 'ਤੇ 4.2 ਕਿਲੋਮੀਟਰ (ਬਾਕੀ ਸਫ਼ਾ 2 'ਤੇ)

## ਫ਼ਿਰੋਜ਼ਪੁਰ : 22 ਕਿਲੋ ਹੈਰੋਇਨ ਤੇ ਦੋ ਪਿਸਤੌਲਾਂ ਸਮੇਤ 4 ਕਾਬੂ

**ਅਸ਼ੋਕ ਭਾਰਦਵਾਜ/ਹਰਜਿੰਦਰਪਾਲ ਸ਼ਰਮਾ**
**ਫ਼ਿਰੋਜ਼ਪੁਰ/14 ਫਰਵਰੀ :** ਸੀਆਈਏ ਸਟਾਫ਼ ਜ਼ੀਰਾ ਦੀ ਪੁਲਿਸ ਨੇ ਇੰਚਾਰਜ



ਗੁਰਮੀਤ ਸਿੰਘ ਦੀ ਅਗਵਾਈ ਹੇਠ 4 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ 22 ਕਿੱਲੋ 295 ਗ੍ਰਾਮ ਹੈਰੋਇਨ, 25,000 ਰੁਪਏ ਦੀ ਡਰੱਗ ਮਨੀ, ਦੋ ਗਲੌਕ ਪਿਸਤੌਲ, ਮੈਗਜ਼ੀਨ, ਦੋ ਜ਼ਿੰਦਾ 9 ਐਮਐਮ ਕਾਰਤੂਸ ਅਤੇ ਚਾਰ ਮੋਬਾਇਲ ਫੋਨ ਬਰਾਮਦ ਕੀਤੇ । ਇਹ ਨਸ਼ਾ ਤਸਕਰ ਹਰਿਆਣਾ ਨੰਬਰ ਦੀ ਕਾਰ 'ਚ ਹੈਰੋਇਨ ਅਤੇ ਹਥਿਆਰ ਲੈ ਕੇ ਆ ਰਹੇ ਸਨ । ਇਹ ਜਾਣਕਾਰੀ ਦਿੰਦਿਆਂ ਡੀਆਈਜੀ ਫਿਰੋਜ਼ਪੁਰ ਰੇਂਜ ਸਨੇਹਦੀਪ ਸ਼ਰਮਾ ਨੇ ਆਯੋਜਿਤ ਪ੍ਰੈੱਸ (ਬਾਕੀ ਸਫ਼ਾ 2 'ਤੇ)

## ਤੇਜ਼ ਰਫ਼ਤਾਰ ਸਕਾਰਪੀਓ ਦਰੱਖ਼ਤ ਨਾਲ ਟਕਰਾਈ, 5 ਨੌਜਵਾਨਾਂ ਦੀ ਮੌਤ, 2 ਜ਼ਖ਼ਮੀ

### ਵਿਆਹ ਸਮਾਗਮ ਤੋਂ ਪਰਤ ਰਹੇ ਸਨ ਵਾਪਸ

**ਦਸਨਸ**
**ਸੋਨੀਪਤ/14 ਫਰਵਰੀ :** ਹਰਿਆਣਾ



ਦੇ ਸੋਨੀਪਤ ਜ਼ਿਲ੍ਹੇ ਵਿੱਚ ਇੱਕ ਸੜਕ ਹਾਦਸੇ ਵਿੱਚ ਪੰਜ ਦੋਸਤਾਂ ਦੀ ਮੌਤ ਹੋ ਗਈ, ਜਦੋਂ ਕਿ ਦੋ ਹੋਰ ਗੰਭੀਰ ਜ਼ਖਮੀ ਹੋ ਗਏ । ਪੁਲਿਸ ਨੇ ਸ਼ਨੀਵਾਰ ਨੂੰ ਦੱਸਿਆ ਕਿ ਇਹ ਹਾਦਸਾ ਉਦੋਂ ਵਾਪਰਿਆ, ਜਦੋਂ ਤੇਜ਼ ਰਫਤਾਰ ਐਸਯੂਵੀ ਬੇਕਾਬੂ ਹੋ ਕੇ ਇੱਕ ਦਰੱਖਤ ਨਾਲ ਜਾ ਟਕਰਾਈ । ਜਾਣਕਾਰੀ ਅਨੁਸਾਰ, ਗੱਡੀ ਵਿੱਚ ਸਵਾਰ ਸਾਰੇ ਪਿੰਡ ਭਾਵੜ ਵਿੱਚ ਇੱਕ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਗਏ ਸਨ। ਜਦੋਂ ਉਹ ਖੁਸ਼ੀ-ਖੁਸ਼ੀ ਵਾਪਸ ਪਰਤ ਰਹੇ ਸਨ, ਤਾਂ ਰਸਤੇ ਵਿੱਚ (ਬਾਕੀ ਸਫ਼ਾ 2 'ਤੇ)

## ਸੁਖਬੀਰ ਬਾਦਲ ਵੱਲੋਂ ਮਹਿੰਦਰ ਸਿੰਘ ਕੇਪੀ ਕਰਤਾਰਪੁਰ ਹਲਕੇ ਤੋਂ ਇੰਚਾਰਜ ਨਿਯੁਕਤ



**ਦਸਨਸ**
**ਜਲੰਧਰ/14 ਫਰਵਰੀ :** ਸੁਖਬੀਰ ਸਿੰਘ ਬਾਦਲ ਨੇ ਜਲੰਧਰ ਦੇ ਸਾਬਕਾ ਸੰਸਦ ਮੈਂਬਰ ਮਹਿੰਦਰ ਸਿੰਘ ਕੇਪੀ (68) ਨੂੰ ਕਰਤਾਰਪੁਰ ਹਲਕੇ ਦਾ ਇੰਚਾਰਜ ਨਿਯੁਕਤ ਕੀਤਾ ਹੈ । ਇਹ ਐਲਾਨ ਉਨ੍ਹਾਂ ਕਰਤਾਰਪੁਰ ਦੌਰੇ ਦੌਰਾਨ ਕੀਤਾ । ਜ਼ਿਕਰਯੋਗ ਹੈ ਕਿ ਕਰਤਾਰਪੁਰ ਤੋਂ ਪਹਿਲਾਂ ਅਕਾਲੀ ਵਿਧਾਇਕ ਰਹੇ ਸਰਵਣ ਸਿੰਘ ਫਿਲੌਰ ਅਤੇ ਅਵਿਨਾਸ਼ ਚੰਦਰ ਕਾਫੀ ਸਮਾਂ ਪਹਿਲਾਂ ਪਾਰਟੀ ਨੂੰ ਅਲਵਿਦਾ ਆਖ ਚੁੱਕੇ ਹਨ । ਫਿਲੌਰ ਹੁਣ ਅਕਾਲੀ ਦਲ (ਪੁਨਰਗਠਨ) ਨਾਲ ਹਨ ਅਤੇ ਅਵਿਨਾਸ਼ ਚੰਦਰ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ।
ਇਸ ਤੋਂ ਪਹਿਲਾਂ ਅਕਾਲੀ ਦਲ ਨੇ ਸੇਠ ਸਤਪਾਲ ਮੱਲ 'ਤੇ ਭਰੋਸਾ ਜਤਾਇਆ ਸੀ, ਪਰ ਉਹ ਉਮੀਦ ਮੁਤਾਬਕ ਪ੍ਰਦਰਸ਼ਨ ਨਹੀਂ ਕਰ ਸਕੇ । ਪਿਛਲੇ ਦੋ ਸਾਲਾਂ ਦੌਰਾਨ ਸਾਬਕਾ ਐਮਸੀ (ਬਾਕੀ ਸਫ਼ਾ 2 'ਤੇ)






CMYB CMYB CMYB CMYB

# ਸ਼੍ਰੋਮਣੀ ਕਮੇਟੀ ਨੇ ਸਿਕਲੀਗਰ ਸਿੱਖ ਬੱਚਿਆਂ ਦੀਆਂ ਫੀਸਾਂ ਲਈ ਦਿੱਤੇ 43 ਲੱਖ ਰੁਪਏ

## ਭਾਈ ਰਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ ਤੇ ਬਲਵਿੰਦਰ ਸਿੰਘ ਕਾਹਲਵਾਂ ਨੇ ਆਂਧਰਾ ਪ੍ਰਦੇਸ਼ ਦੇ ਵੱਖ-ਵੱਖ ਸਕੂਲਾਂ 'ਚ ਜਾ ਕੇ ਸੌਂਪੇ ਚੈਕ

**ਜੋਗਿੰਦਰ ਪਾਲ ਸਿੰਘ ਕੁੰਦਰਾ**

**ਅੰਮ੍ਰਿਤਸਰ /14 ਫਰਵਰੀ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਂਧਰਾ ਪ੍ਰਦੇਸ ਦੇ ਵਿਸਾਖਾਪਟਨਮ ਤੇ ਵਿਜੇਵਾੜਾ ਅੰਦਰ ਸਿਕਲੀਗਰ ਸਿੱਖ ਬੱਚਿਆਂ ਦੀਆਂ ਸਕੂਲ/ਕਾਲਜ਼ ਦੀਆਂ ਫੀਸਾਂ ਲਈ 43 ਲੱਖ 3 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਤਹਿਤ ਇਹ ਸਹਾਇਤਾ ਰਾਸ਼ੀ ਸ੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵੱਡ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਆਂਧਰਾ ਪ੍ਰਦੇਸ਼ ਦੇ ਵੱਖ-ਵੱਖ ਥਾਵਾਂ 'ਤੇ ਪੜ੍ਹਦੇ ਸਿਕਲੀਗਰ ਬੱਚਿਆਂ ਦੀਆਂ ਫੀਸਾਂ ਦੇ ਰੂਪ ਵਿਚ ਸਕੂਲਾਂ ਨੂੰ ਸੌਂਪੀ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਿਕਲੀਗਰ ਸਿੱਖ ਬੱਚਿਆਂ ਨੂੰ ਸਵੈ-ਨਿਰਭਰ ਬਣਾਉਣ ਲਈ ਹਰ ਸਾਲ ਬੱਚਿਆਂ ਦੀਆਂ ਫੀਸਾਂ ਭਰਨ ਦਾ ਫੈਸਲਾ ਕੀਤਾ ਹੋਇਆ ਹੈ। ਇਸੇ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ ਵਿਦਿਅਕ ਸਾਲ 2024-25 ਤੇ 2025-26 ਦੀਆਂ ਫੀਸਾਂ ਭੇਜੀਆਂ ਗਈਆਂ ਹਨ।

ਇਸ ਸਬੰਧੀ ਗਲ ਕਰਦਿਆਂ ਸ੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਵੱਖ ਵੱਖ ਸੂਬਿਆਂ ਅੰਦਰ ਵੱਸਦੇ ਸਿਕਲੀਗਰ ਸਿੱਖ ਸਮਾਜ ਦਾ ਅਹਿਮ ਅੰਗ ਹਨ ਜਿਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਸ੍ਰੋਮਣੀ ਕਮੇਟੀ ਨਿਰੰਤਰ ਯਤਨਸੀਲ ਹੈ। ਉਨ੍ਹਾਂ ਕਿਹਾ ਕਿ ਇਹ ਫੀਸਾਂ ਦੇਣ ਦਾ ਮੰਤਵ ਸਿਕਲੀਗਰ ਸਿੱਖ ਬੱਚਿਆਂ ਨੂੰ ਸਵੈ-ਨਿਰਭਰ ਬਣਾਉਣ ਲਈ ਸਿਖਿਅਤ ਕਰਨਾ ਹੈ, ਤਾਂ ਜੋ ਭਵਿੱਖ ਵਿਚ ਉਹ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ। ਉਨ੍ਹਾਂ ਕਿਹਾ ਕਿ ਸਾਡੇ ਲਈ ਖੁਸ਼ੀ ਦੀ ਗੱਲ ਹੈ ਕਿ ਬਹੁਤ ਸਾਰੇ ਬੱਚੇ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਪੜ੍ਹ ਕੇ ਨੌਕਰੀਆਂ ਪ੍ਰਾਪਤ ਕਰ ਰਹੇ ਹਨ, ਜੋ ਆਪਣੇ ਪਰਿਵਾਰ ਦਾ ਸਹਾਰਾ ਬਨਣਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ.



ਬਲਵਿੰਦਰ ਸਿੰਘ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸਾਂ ਅਨੁਸਾਰ ਆਂਧਰਾ ਪ੍ਰਦੇਸ਼ ਦੇ ਵੱਖ-ਵੱਖ ਸਕੂਲਾਂ ਕਾਲਜਾਂ ਵਿੱਚ ਜਾ ਕੇ ਇਥੇ ਪੜ੍ਹ ਰਹੇ ਸਿਕਲੀਗਰ ਤੇ ਵਣਜਾਰੇ ਸਿੱਖ ਬੱਚਿਆਂ ਦੀਆਂ ਫੀਸਾਂ ਸਿੱਧੇ ਤੌਰ 'ਤੇ ਸਕੂਲਾਂ ਤੇ ਕਾਲਜਾਂ ਨੂੰ ਸੌਂਪੀਆਂ ਗਈਆਂ ਹਨ।

ਉਨ੍ਹਾਂ ਦੱਸਿਆ ਕਿ ਬੀਤੇ 'ਚ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਗਏ ਫੈਸਲੇ ਅਨੁਸਾਰ ਸਾਲ ਭਰ ਦੀਆਂ ਫੀਸਾਂ ਇਕੋ ਸਮੇਂ ਖੁਦ ਜਾ ਕੇ ਜਮ੍ਹਾਂ ਕਰਵਾਈਆਂ ਜਾਂਦੀਆਂ ਹਨ, ਤਾਂ ਜੋ ਇਸ ਦੀ ਸੁਜੋਗ ਵਰਤੋਂ ਯਕੀਨੀ ਬਣੀ ਰਹੇ। ਇਸ ਮੌਕੇ ਉਨ੍ਹਾਂ ਨਾਲ ਸ. ਦਿਲਸ਼ਾਹ ਸਿੰਘ ਅਨੰਦ, ਸੁਪਰਵਾਈਜਰ ਸ. ਹਰਮਿੰਦਰਬੀਰ ਸਿੰਘ ਤੇ ਗੁਰਦੁਆਰਾ ਇੰਸਪੈਕਟਰ ਸ. ਚੰਚਲਦੀਪ ਸਿੰਘ ਸ਼ਾਮਲ ਹਨ।

# ਮੁੱਖ ਮੰਤਰੀ ਦੇ ਓਐਸਡੀ ਵੱਲੋਂ ਪਿੰਡ ਲੱਡਾ-ਬਾਲੀਆਂ 'ਚ ਇੰਟਰਲਾਕ ਟਾਈਲਾਂ ਲਗਾਉਣ ਦੇ ਕੰਮ ਦੀ ਸ਼ੁਰੂਆਤ

## ਸੜਕ ਦਾ ਆਲਾ-ਦੁਆਲਾ ਪੱਕਾ ਹੋਣ ਨਾਲ ਆਵਾਜਾਈ ਹੋਵੇਗੀ ਹੋਰ ਸੁਖਾਲੀ ਤੇ ਸੁਰੱਖਿਅਤ

**ਪੁਸ਼ਪਿੰਦਰ ਅੱਤਰੀ**

**ਧੂਰੀ/14 ਫਰਵਰੀ:** ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸ. ਸੁਖਵੀਰ ਸਿੰਘ ਵੱਲੋਂ ਅੱਜ ਧੂਰੀ ਹਲਕੇ ਅਧੀਨ ਆਉਂਦੇ ਪਿੰਡ ਕਾਂਝਲਾ ਵਿਖੇ 89 ਲੱਖ ਰੁਪਏ ਦੀ ਲਾਗਤ ਨਾਲ ਲਗਭਗ 18 ਕਿ ਮੀ ਲੱਡਾ -ਬਾਲੀਆਂ ਸੜਕ ਦੇ ਦੋਵੇਂ ਪਾਸੇ 5-5 ਫੁੱਟ ਇੰਟਰਲਾਕ ਟਾਈਲਾਂ ਲਗਾਉਣ ਦੇ ਕੰਮ ਦੀ ਸੁਰੂਆਤ ਕਰਵਾਈ ਗਈ। ਇਸ ਮੌਕੇ ਜ਼ਿਲ੍ਹਾ ਪ੍ਰੀਸਦ ਮੈਂਬਰ ਸ੍ਰੀ ਹਰਜਿੰਦਰ ਸਿੰਘ ਕਾਂਝਲਾ ਅਤੇ ਬਲਾਕ ਸੰਮਤੀ ਮੈਂਬਰ ਸ੍ਰੀ ਰਣਜੋਧ ਸਿੰਘ ਯੋਧਾ ਸਮੇਤ ਹੋਰ ਪ੍ਰਮੁੱਖ ਸਖਸੀਅਤਾਂ ਅਤੇ ਪਿੰਡ ਵਾਸੀ ਵੀ ਮੌਜੂਦ ਸਨ। ਇਸ ਮੌਕੇ ਸੰਬੋਧਨ ਕਰਦਿਆਂ ਓਐਸਡੀ ਸੁਖਵੀਰ ਸਿੰਘ ਨੇ ਕਿਹਾ ਕਿ ਪਿੰਡ ਕਿਲਾ ਹਕੀਮਾ, ਕਾਂਝਲਾ ਅਤੇ ਬਾਲੀਆਂ ਦੀਆਂ 18 ਫੁੱਟ ਚੌੜੀਆਂ ਸੜਕਾਂ ਦੇ ਦੋਵੇਂ ਪਾਸਿਆਂ 5-5 ਫੁੱਟ ਇੰਟਰਲਾਕ ਟਾਈਲਾਂ ਲਗਾਈਆਂ ਜਾ ਰਹੀਆਂ ਹਨ, ਜਿਸ ਨਾਲ ਸੜਕਾਂ ਦੇ ਕਿਨਾਰਿਆਂ ਦੀ ਮਜਬੂਤੀ ਯਕੀਨੀ ਬਣੇਗੀ ਅਤੇ ਬਰਸਾਤੀ ਮੌਸਮ ਦੌਰਾਨ ਸੜਕਾਂ ਦੇ ਕਟਾਅ ਦੀ ਸਮੱਸਿਆ ਤੋਂ ਵੀ ਨਿਜਾਤ



ਮਿਲੇਗੀ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਨਾਲ ਪੈਦਲ ਜਾਣ ਵਾਲਿਆਂ ਅਤੇ ਦੋ ਪਹੀਆ ਵਾਹਨਾਂ ਲਈ ਆਵਾਜਾਈ ਹੋਰ ਸੁਖਾਲੀ ਅਤੇ ਸੁਰੱਖਿਅਤ ਹੋਵੇਗੀ। ਉਨ੍ਹਾਂ ਦੱਸਿਆ ਕਿ ਪਿੰਡ ਕਿਲਾ ਹਕੀਮਾ ਵਿੱਚ 40.24 ਲੱਖ ਰੁਪਏ, ਪਿੰਡ ਕਾਂਝਲਾ ਵਿੱਚ 36.31 ਲੱਖ ਰੁਪਏ ਅਤੇ ਪਿੰਡ ਬਾਲੀਆਂ ਵਿੱਚ 12.51 ਲੱਖ ਰੁਪਏ ਦੀ ਲਾਗਤ ਨਾਲ ਇਹ ਵਿਕਾਸ ਕਾਰਜ ਅਮਲ ਵਿੱਚ ਲਿਆਂਦਾ ਜਾ ਰਿਹਾ ਹੈ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ ਦਿੱਤੇ ਕਿ ਕੰਮ ਨੂੰ ਨਿਰਧਾਰਤ ਸਮੇਂ ਅੰਦਰ ਉੱਚ ਗੁਣਵੱਤਾ ਨਾਲ ਪੂਰਾ ਕੀਤਾ ਜਾਵੇ ਅਤੇ ਮੌਕੇ 'ਤੇ ਨਿਯਮਤ ਨਿਗਰਾਨੀ ਯਕੀਨੀ ਬਣਾਈ ਜਾਵੇ। ਸੁਖਵੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਮਾਨ ਦੀ ਅਗਵਾਈ ਹੇਠ ਧੂਰੀ ਹਲਕੇ ਦੇ ਪਿੰਡਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ ਲਈ ਯੋਜਨਾਬੱਧ ਤਰੀਕੇ ਨਾਲ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੜਕਾਂ, ਪਾਣੀ, ਸੀਵਰੇਜ ਅਤੇ ਹੋਰ ਜਨ ਸਹੂਲਤਾਂ ਨਾਲ ਜੁੜੇ ਪ੍ਰੋਜੈਕਟਾਂ ਨੂੰ ਤਰਜੀਹ ਦੇ ਆਧਾਰ 'ਤੇ ਪੂਰਾ ਕੀਤਾ ਜਾ ਰਿਹਾ ਹੈ, ਤਾਂ ਜੋ ਪਿੰਡ ਵਾਸੀਆਂ ਨੂੰ ਸਹਿਰਾਂ ਵਰਗੀਆਂ ਸਹੂਲਤਾਂ ਉਪਲਬਧ ਕਰਵਾਈਆਂ ਜਾ ਸਕਣ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਟੀਚਾ ਪਿੰਡਾਂ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣਾ ਹੈ, ਤਾਂ ਜੋ ਹਰ ਪਿੰਡ ਤਰੱਕੀ ਅਤੇ ਸਹੂਲਤਾਂ ਦੇ ਮਾਮਲੇ ਵਿੱਚ ਮਿਸਾਲ ਬਣ ਸਕੇ। ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਨਾਲ ਪਿੰਡ ਵਿੱਚ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਸਬੰਧੀ ਵੀ ਵਿਚਾਰ ਚਰਚਾ ਕੀਤੀ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਪੰਚਾਇਤ ਮੈਂਬਰ ਅਤੇ ਇਲਾਕਾ ਨਿਵਾਸੀ ਵੀ ਹਾਜਰ ਸਨ।

# ਵਿਧਾਇਕ ਦਿਨੇਸ਼ ਚੱਢਾ ਵੱਲੋਂ ਪਿੰਡ ਕਾਹਨਪੁਰ ਖੂਹੀ ਤੋਂ ਦਰਬਾਰ ਸਾਹਿਬ ਲਈ ਸ਼ਰਧਾਲੂਆਂ ਦਾ ਜੱਥਾ ਰਵਾਨਾ

**ਗੁਰਦੀਪ ਸਿੰਘ ਝੱਜ/ਕੁਲਦੀਪ ਸ਼ਰਮਾ**

**ਕਾਹਨਪੁਰ ਖੂਹੀ/ਨੂਰਪੁਰ ਬੇਦੀ/14 ਫਰਵਰੀ :** ਪੰਜਾਬ ਸਰਕਾਰ ਦੀ "ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ" ਤਹਿਤ ਬਲਾਕ ਨੂਰਪੁਰਬੇਦੀ ਦੇ ਪਿੰਡ ਕਾਹਨਪੁਰ ਖੂਹੀ ਤੋਂ ਕਰੀਬ 100 ਤੋਂ ਵੱਧ ਸਰਧਾਲੂਆਂ ਦਾ ਜੱਥਾ ਧਾਰਮਿਕ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਦਰਸਨਾਂ ਲਈ ਰਵਾਨਾ ਹੋਇਆ। ਇਸ ਮੌਕੇ ਹਲਕਾ ਰੂਪਨਗਰ ਦੇ ਵਿਧਾਇਕ ਐਡਵੋਕੇਟ ਦਿਨੇਸ ਚੱਢਾ ਨੇ ਬੱਸ ਨੂੰ ਹਰੀ ਝੰਡੀ ਦਿਖਾ ਕੇ ਯਾਤਰਾ ਦੀ ਸੁਰੂਆਤ ਕਰਵਾਈ ਅਤੇ ਸਰਧਾਲੂਆਂ ਨੂੰ ਸੁਭਕਾਮਨਾਵਾਂ ਦਿੱਤੀਆਂ। ਰਵਾਨਗੀ ਦੌਰਾਨ ਪੂਰੇ ਇਲਾਕੇ ਵਿੱਚ ਆਧਿਆਤਮਿਕ ਮਾਹੌਲ ਬਣਿਆ ਰਿਹਾ ਅਤੇ ਸੰਗਤ ਵਿੱਚ ਖਾਸ ਉਤਸਾਹ ਦੇਖਣ ਨੂੰ ਮਿਲਿਆ। ਯਾਤਰੀਆਂ ਨੇ ਸਰਕਾਰ ਦਾ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਇਸ ਯੋਜਨਾ ਨਾਲ ਆਮ ਅਤੇ ਆਰਥਿਕ ਤੌਰ 'ਤੇ ਕਮਜੋਰ ਪਰਿਵਾਰਾਂ ਨੂੰ ਵੀ ਪਵਿੱਤਰ ਧਾਮਾਂ ਦੇ ਦਰਸਨ ਕਰਨ ਦਾ ਸੁਨਿਹਰਾ ਮੌਕਾ ਮਿਲ ਰਿਹਾ ਹੈ, ਜਿਸ ਨਾਲ ਉਹਨਾਂ ਦੀ



ਧਾਰਮਿਕ ਆਸਥਾ ਹੋਰ ਮਜਬੂਤ ਹੋ ਰਹੀ ਹੈ। ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਦਿਨੇਸ ਚੱਢਾ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਲੋਕ-ਕੇਂਦਰਿਤ ਸਰਕਾਰ ਦੀ ਇੱਕ ਮਹੱਤਵਪੂਰਨ ਪਹਿਲ ਹੈ। ਉਨ੍ਹਾਂ ਕਿਹਾ ਕਿ ਇਸ ਸਕੀਮ ਦਾ ਮਕਸਦ ਹਰ ਵਰਗ ਦੇ ਲੋਕਾਂ ਨੂੰ ਆਪਣੇ ਧਾਰਮਿਕ ਸਥਾਨਾਂ ਨਾਲ ਜੋੜਨਾ ਅਤੇ ਸਮਾਜ ਵਿੱਚ ਸਾਂਝੀ ਭਾਈਚਾਰੇ ਦੀ ਭਾਵਨਾ ਨੂੰ ਮਜਬੂਤ ਕਰਨਾ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਯਾਤਰੀਆਂ ਲਈ ਆਵਾਜਾਈ, ਰਹਿਣ ਦੀ ਵਿਵਸਥਾ ਅਤੇ ਭੋਜਨ ਸਮੇਤ ਸਾਰੀਆਂ ਲੋੜੀਂਦੀਆਂ ਸਹੂਲਤਾਂ ਬਿਨਾਂ ਕਿਸੇ ਖਰਚੇ ਦੇ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਭਵਿੱਖ ਵਿੱਚ ਹੋਰ ਪਿੰਡ ਵਾਸੀ ਵੀ ਇਸ ਯੋਜਨਾ ਦਾ ਲਾਭ ਉਠਾਉਣਗੇ। ਇਸ ਮੌਕੇ ਜਿ?ਲ੍ਹਾ ਪ੍ਰੀਸਦ ਮੈਂਬਰ ਜਰਨੈਲ ਸਿੰਘ ਲਾਲੀ, ਚੌਧਰੀ ਹੁਸਨ ਲਾਲ, ਰਵੀ ਬੂਥਗੜ੍ਹ, ਮੱਖਣ ਭਾਟੀਆ ਸਰਪੰਚ ਕਾਹਨਪੁਰ ਖੂਹੀ, ਗੁਰਚੈਨ ਸਰਪੰਚ ਸਮੁੰਦੜੀਆਂ, ਸਤੀਸ ਸਰਪੰਚ ਹਰੀਪੁਰ, ਜਸਵਿੰਦਰ ਸਿੰਘ ਭਨੂੰਹਾਂ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# ਸ੍ਰੀ ਚਮਕੌਰ ਸਾਹਿਬ ਵਿਖੇ ਮੁਫ਼ਤ ਆਯੂਸ ਸਿਹਤ ਜਾਂਚ ਕੈਂਪ ਲਾਇਆ

**ਸ੍ਰੀ ਚਮਕੌਰ ਸਾਹਿਬ/14 ਫਰਵਰੀ/ਲੱਖਾ ਚੌਧਰੀ :** ਆਯੂਸ਼ ਕਮਿਸ਼ਨਰ ਪੰਜਾਬ , ਡਾਇਰੈਕਟਰ ਆਯੁਰਵੇਦਾ ਪੰਜਾਬ ਡਾ: ਰਮਨ ਖੰਨਾ ਅਤੇ ਮੁਖੀ ਹੋਮਿਪੈਥੀ ਪੰਜਾਬ ਡਾ: ਹਰਿੰਦਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਲਾ ਆਯੁਰਵੈਦਿਕ ਅਤੇ ਯੂਨਾਨੀ ਅਫਸਰ ਡਾ: ਪਰਮਜੀਤ ਸੈਣੀ ਜਿਲਾ ਹੋਮਿਓਪੈਥੀ ਅਫਸਰ ਡਾ: ਰਾਜੀਵ ਜਿੰਦੀਆ ਦੀ ਅਗਵਾਈ ਵਿਚ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਅੱਜ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਸ੍ਰੀ ਚਮਕੌਰ ਸਾਹਿਬ ਦੇ ਮੈਨੇਜਰ ਭਾਈ ਗੁਰਮੁਖ ਸਿੰਘ ਢੋਲੇਵਾਲ ਵਲੋਂ ਕੀਤਾ ਗਿਆ । ਇਸ ਕੈਂਪ ਵਿਚ ਡਾ: ਜਗਜੀਤ ਕੌਰ, ਡਾ: ਕਿਰਨਜੋਤ ਕੌਰ ਨੇ 511 ਮਰੀਜ਼ਾਂ ਦੀ ਜਾਂਚ ਕੀਤੀ ਅਤੇ ਆਯੁਰਵੈਦਿਕ ਦਵਾਈਆਂ ਦਿੱਤੀਆਂ ਗਈਆਂ। ਇਸ ਕੈਂਪ ਵਿਚ ਹੋਮਿਪੈਥੀ ਵਿਭਾਗ ਦੇ ਡਾਕਟਰ ਭੁਪਿੰਦਰ ਸਿੰਘ ਵੱਲੋਂ 318 ਮਰੀਜ਼ਾਂ ਦਾ ਚੈੱਕ-ਅਪ ਕੀਤਾ ਗਿਆ ਤੇ ਹੋਮਿਪੈਥਿਕ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਦਿਨੇਸ਼ ਵਰਮਾ , ਸ਼੍ਰੀਮਤੀ ਸਵਰਨਪ੍ਰੀਤ ਕੌਰ ਫਾਰਮਾਸਿਸਟ,ਸ਼੍ਰੀਮਤੀ ਅਰਵਿੰਦਰ ਕੌਰ, ਨਵਜੋਤ ਸਿੰਘ ਹੋਮਿਪੈਥੀ ਫਾਰਮਾਸਿਸਟ ਵਲੋਂ ਕੈਂਪ ਨੂੰ ਸਫਲ ਬਣਾਉਣ ਲਈ ਪੂਰਾ ਸਹਿਯੋਗ ਦਿੱਤਾ ਗਿਆ।



# ਮਹਾਂ ਸ਼ਿਵਰਾਤਰੀ 'ਤੇ ਲੋਹੀਆਂ ਖ਼ਾਸ 'ਚ 28ਵੀ ਵਿਸ਼ਾਲ ਸ਼ੋਭਾ ਯਾਤਰਾ ਦਾ ਅਯੋਜਨ

**ਲੋਹੀਆ ਖਾਸ/14 ਫਰਵਰੀ/ਸੁਰਿੰਦਰ ਸਿੰਘ ਲਮਸਰ :** ਮਹਾਂ ਸ਼ਿਵਰਾਤਰੀ ਪਰਬ ਤੇ ਲੋਹੀਆ ਖਾਸ ਵਲੋ ਇੱਕ ਵਿਸਾਲ਼ ਸੋਭਾ ਯਾਤਰਾ ਦਾ ਅਯੋਜਨ ਬ੍ਰਹਮਲੀਨ ਸ੍ਰੀ ਸ੍ਰੀ 108 ਸ਼ਾਤੀ ਗਿਰੀ ਜੀ ਮਹਾਰਾਜ ਜੀ ਦੇ ਆਸ਼ੀਵਾਦ ਨਾਲ ਕੀਤਾ ਗਿਆ ਇਸ ਸੋਭਾ ਯਾਤਰਾ ਦੀ ਸੁਰੂਆਤ ਪੰਜਾਬ ਬੈਂਡ ਦੀਆ ਧਾਰਮਿਕ ਧੁੰਨਾ ,ਤੇ ਧਾਰਮਿਕ ਗੁਣਗਾਨ ਤਹਿਤ ਸੁਰੁ ਕੀਤੀ ਗਈ ਇਸ ਬੈਂਡ ਦੇ ਪਿੱਛੇ ਇੱਕ ਫੁੱਲਾ ਨਾਲ ਸਜਾਈ ਗਈ ਪਾਲਕੀ ਜਿਸ ਵਿੱਚ ਸ੍ਰੀ ਰਮਾਇਣ ਗ੍ਰੰਥ ਸਹਿਬ ਜੀ ਪਾਲਕੀ ਵਿੱਚ ਸਜਾਏ ਹੋਏ ਸੀ ਲੋਕਾ ਵਲੋ ਬੜੇ ਪਿਆਰ ਅਤੇ ਧਾਰਮਿਕ ਸਰਧਾ ਨਾਲ ਮੱਥਾ ਟੇਕਿਆ ਗਿਆ। ਇਹ ਸੋਭਾ ਯਾਤਰਾ ਲੋਹੀਆ ਖਾਸ ਸਿਵ ਮੰਦਰ ਤੋ ਹੁੰਦੀ ਹੋਈ ਲੋਹੀਆ ਖਾਸ ਦੇ ਮੇਨ ਬਜਾਰਾ ਵਿੱਚੋ ਹੁੰਦੀ ਹੋਈ ਪੁਰਾਤਨ ਸਿਵ ਮੰਦਰ ਆਕੇ ਇਸ ਸੋਭਾ ਯਾਤਰਾ ਦੀ ਸਮਾਪਤੀ ਹੋਈ ਇਸ ਮੋਕੇ ਤੇ ਇਸ ਸੋਭਾ ਯਾਤਰਾ ਵਿੱਚ ਸ੍ਰੀ ਸ੍ਰੀ 1008 ਮਹਾ ਮੰਡੇਲਸਵਰ ਸ੍ਰੀ ਮਹੰਤ ਸਿਪਾਗਿਰੀ ਜੀ ਮਹਾਰਾਜ, ਪੁਰਾਤਨ ਸਿਵ ਮੰਦਰ ਲੋਹੀਆ ਖਾਸ,ਸ੍ਰੀ ਜੈ ਰਾਮ ਗਿਰੀ ਜੀ ਪੁਰਤਾਨ ਸਿਵ ਮੰਦਰ ਲੋਹੀਆ ਖਾਸ,ਸੰਤ ਸ੍ਰੀ ਬਲਬੀਰ ਸਿੰਘ ਜੀ ਸ਼ੀਚੇਵਾਲ ,ਸੰਤ ਸ੍ਰੀ ਬਲਵੰਤ ਸਿੰਘ ਜੀ ਨਾਹਲ,ਸ੍ਰੀ ਸੰਤ ਸੇਵਕ ਨਾਥ ਜੀ ਕੁਲਾਰਾ ਤੇ ਲੋਹੀਆ ਖਾਸ ਦੇ ਐਮ.ਸੀ ਤੇ ਪੰਤਵੰਤੇ ਸੱਜਣਾ ਨੇ ਇਸ ਮਹਾਨ ਯੋਭਾ ਯਾਤਰਾ ਵਿੱਚ ਸਿਰਕਤ ਕੀਤੀ।

# ਤੇਲ ਬੀਜ ਫਸਲਾਂ ਦੀ ਸੁਚੱਜੀ ਕਾਸ਼ਤ ਸਬੰਧੀ ਕਿਸਾਨ ਸਿਖਲਾਈ ਕੈਂਪ

**ਸ੍ਰੀ ਮੁਕਤਸਰ ਸਾਹਿਬ/4 ਫਰਵਰੀ/ਕੇ.ਐਲ.ਮੁਕਸਰੀ/ਕੁਲਭੂਸਣ ਚਾਵਲਾ :** ਕੌਮੀ ਤੇਲ ਬੀਜ ਮਿਸਨ ਅਧੀਨ ਮੁੱਖ ਖੇਤੀਬਾੜੀ ਅਫਸਰ ਸ੍ਰੀ ਮੁਕਤਸਰ ਸਾਹਿਬ ਡਾ. ਜਗਸੀਰ ਸਿੰਘ ਦੇ ਦਿਸਾ-ਨਿਰਦੇਸ ਅਤੇ ਸਹਾਇਕ ਪੌਦਾ ਸੁਰੱਖਿਆ ਅਫਸਰ ਸ੍ਰੀ ਮੁਕਤਸਰ ਸਾਹਿਬ ਡਾ. ਰਾਜਵਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਏਡੀਓ ਲੱਖੇਵਾਲੀ ਡਾ. ਮਨਮੀਤ ਸਿੰਘ ਵੱਲੋਂ ਤੇਲ ਬੀਜਾਂ ਫਸਲਾਂ ਦੀ ਕਾਸਤ ਨੂੰ ਪ੍ਰਫੁੱਲਤ ਕਰਨ ਲਈ ਕਿਸਾਨਾਂ ਦੀ ਟ੍ਰੇਨਿੰਗ ਦਾ ਸਿਟੀ ਹੋਟਲ ਸ੍ਰੀ ਮੁਕਤਸਰ ਸਾਹਿਬ ਵਿਖੇ ਅਯੋਜਨ ਕੀਤਾ ਗਿਆ। ਇਸ ਦੌਰਾਨ ਬੁਲਾਰਿਆ ਵੱਲੋਂ ਕਿਸਾਨਾਂ ਨਾਲ ਵਿਚਾਰ ਸਾਂਝੇ ਕੀਤੇ ਗਏ। ਡਾ. ਜਸਨਪ੍ਰੀਤ ਸਿੰਘ ਏਡੀਓ (ਇਨਫੋ), ਸ੍ਰੀ ਮੁਕਤਸਰ ਸਾਹਿਬ ਵੱਲੋਂ ਕਣਕ ਦੀ ਕਾਸਤ ਦੌਰਾਨ ਆਉਣ ਵਾਲੀਆਂ ਮੁਸਕਿਲਾਂ ਸਬੰਧੀ ਜਾਣਕਾਰੀ ਦਿੱਤੀ ਗਈ। ਡਾ. ਕਰਨਜੀਤ ਸਿੰਘ ਪੀਡੀ (ਆਤਮਾ) ਵੱਲੋਂ ਵੱਖ-ਵੱਖ ਤੇਲ ਬੀਜਾਂ ਦੀ ਕਾਸਤ ਸਬੰਧੀ ਵਿਚਾਰ ਸਾਂਝੇ ਕੀਤੇ ਗਏ। ਡਾ. ਮਨਮੀਤ ਕੌਰ ਏਡੀਓ ਮਾਰਕੀਟਿੰਗ ਵੱਲੋਂ ਕਿਸਾਨਾਂ ਨੂੰ ਤੇਲ ਬੀਜ ਅਤੇ ਸਬੰਧਤ ਉਤਪਾਦਾਂ ਦੀ ਗੁਣਵੱਤਾ 'ਚ ਵਾਧਾ ਤੇ ਮੰਡੀਕਰਨ ਦੌਰਾਨ ਧਿਆਨਯੋਗ ਨੁਕਤੇ ਸਾਂਝੇ ਕੀਤੇ ਗਏ। ਨਵਦੀਪ ਕੌਰ ਏਐਸਆਈ ਵੱਲੋਂ ਤੇਲ ਬੀਜਾਂ ਦੀ ਕਾਸਤ ਦੌਰਾਨ ਮਿੱਟੀ ਦੀ ਸਿਹਤ ਤੇ ਖਾਦ ਪ੍ਰਬੰਧਨ ਬਾਰੇ ਜਾਣਕਾਰੀ ਦਿੱਤੀ ਗਈ। ਅੰਤ 'ਚ ਡਾ. ਰਾਜਵਿੰਦਰ ਸਿੰਘ, ਬਲਾਕ ਖੇਤੀਬਾੜੀ ਅਫਸਰ ਮੁਕਤਸਰ ਸਾਹਿਬ ਵੱਲੋਂ ਖੇਤੀਬਾੜੀ ਵਿਭਾਗ ਦੀਆਂ ਵੱਖ ਵੱਖ ਸਕੀਮਾਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਗਈ ਤੇ ਟ੍ਰੇਨਿੰਗ 'ਚ ਸਾਮਲ ਹੋਏ ਕਿਸਾਨਾਂ ਦਾ ਧੰਨਵਾਦ ਕੀਤਾ ਗਿਆ। ਮੰਚ ਦਾ ਸੰਚਾਲਨ ਏਡੀਓ ਡਾ. ਮਨਮੀਤ ਸਿੰਘ ਵੱਲੋਂ ਬਾਖੂਬੀ ਢੰਗ ਨਾਲ ਨਿਭਾਇਆ ਗਿਆ। ਇਸ ਟ੍ਰੇਨਿੰਗ ਦਾ ਸਾਰਾ ਪ੍ਰਬੰਧ ਗਗਨਦੀਪ ਸਿੰਘ ਏਟੀਐਮ ਤੇ ਅਮਨਦੀਪ ਸਿੰਘ ਸੇਵਾਦਾਰ ਵੱਲੋਂ ਕੀਤਾ ਗਿਆ।

# ਸ.ਫਾ ਇੱਕ ਦੀ ਬਾਕੀਆਂ

## ਟੀ-20 ਵਿਸ਼ਵ ਕੱਪ : ਭਾਰਤ-ਪਾਕਿ ...

ਦੀ ਉਡਾਣ ਤੋਂ ਬਾਅਦ ਭਾਰਤੀ ਟੀਮ ਕੋਲੰਬੋ ਪਹੁੰਚੀ, ਜਿੱਥੇ ਖਿਡਾਰੀਆਂ ਦੀਆਂ ਫੋਟੋਆਂ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈਆਂ। ਓਪਨਰ ਅਭਿਸ਼ੇਕ ਸ਼ਰਮਾ ਵੀ ਟੀਮ ਨਾਲ ਕੋਲੰਬੋ ਪਹੁੰਚੇ। ਅਭਿਸ਼ੇਕ ਪਿਛਲੇ ਮੈਚ ਵਿੱਚ ਨਹੀਂ ਖੇਡਿਆ ਸੀ, ਇਸ ਲਈ ਇਸ ਵੱਡੇ ਮੈਚ ਵਿੱਚ ਉਸਦੀ ਭਾਗੀਦਾਰੀ ਬਾਰੇ ਕੁਝ ਅਨਿਸ਼ਚਿਤਤਾ ਹੈ, ਸੰਜੂ ਸੈਮਸਨ ਨੂੰ ਵੀ ਟੀਮ ਦੇ ਨਾਲ ਦੇਖਿਆ ਗਿਆ ਸੀ, ਜਿਸ ਨੇ ਨਾਮੀਬੀਆ ਵਿਰੁੱਧ ਚੰਗੀ ਸ਼ੁਰੂਆਤ ਕੀਤੀ ਸੀ, ਪਰ ਇਸ ਨੂੰ ਵੱਡੀ ਪਾਰੀ ਵਿੱਚ ਨਹੀਂ ਬਦਲ ਸਕਿਆ ।

ਉਧਰ ਮੌਸਮ ਵਿਭਾਗ ਨੇ ਐਤਵਾਰ ਨੂੰ ਕੋਲੰਬੋ ਵਿੱਚ 4 ਘੰਟੇ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਹਾਲਾਂਕਿ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਮੈਚ ਤੋਂ ਪਹਿਲਾਂ ਮੀਂਹ ਪੈ ਸਕਦਾ ਹੈ ਅਤੇ ਮੈਚ ਦੌਰਾਨ ਜ਼ਿਆਦਾ ਰੁਕਾਵਟ ਨਹੀਂ ਪਵੇਗੀ। ਫਿਰ ਵੀ ਦੋਵੇਂ ਟੀਮਾਂ ਅਤੇ ਪ੍ਰਸ਼ੰਸਕ ਮੌਸਮ ਨੂੰ ਲੈ ਕੇ ਚਿੰਤਤ ਹਨ। ਜੇਕਰ ਮੈਚ ਰੱਦ ਹੁੰਦਾ ਹੈ ਤਾਂ ਦੋਵਾਂ ਟੀਮਾਂ ਨੂੰ 1-1 ਅੰਕ ਮਿਲੇਗਾ। ਅਜਿਹੀ ਸਥਿਤੀ ਵਿੱਚ ਦੋਵੇਂ ਟੀਮਾਂ ਸਿੱਧੇ ਸੁਪਰ-8 ਵਿੱਚ ਜਗ੍ਹਾ ਬਣਾਉਣਗੀਆਂ।

ਪਾਕਿਸਤਾਨ ਦੀ ਟੀਮ 'ਚ ਸਲਮਾਨ ਅਲੀ ਆਗਾ (ਕਪਤਾਨ), ਅਬਰਾਰ ਅਹਿਮਦ, ਬਾਬਰ ਆਜ਼ਮ, ਫਹੀਮ ਅਸ਼ਰੱਫ, ਫਖਰ ਜ਼ਮਾਨ, ਖਵਾਜਾ ਨਫਾਏ (ਵਿਕਟਕੀਪਰ), ਮੁਹੰਮਦ ਨਵਾਜ਼, ਸਲਮਾਨ ਮਿਰਜ਼ਾ, ਨਸੀਮ ਸ਼ਾਹ, ਸਾਹਿਬਜ਼ਾਦਾ ਫਰਹਾਨ (ਵਿਕਟਕੀਪਰ), ਸੈਮ ਅਯੂਬ, ਸ਼ਾਹੀਨ ਅਫਰੀਦੀ, ਸ਼ਾਦਾਬ ਖਾਨ, ਉਸਮਾਨ ਖਾਨ ਤੇ ਉਸਮਾਨ ਤਾਰਿਕ ਸ਼ਾਮਲ ਹਨ।

ਭਾਰਤੀ ਟੀਮ 'ਚ ਸੂਰਿਆਕੁਮਾਰ ਯਾਦਵ (ਕਪਤਾਨ), ਅਭਿਸ਼ੇਕ ਸ਼ਰਮਾ, ਤਿਲਕ ਵਰਮਾ, ਸੰਜੂ ਸੈਮਸਨ (ਵਿਕਟਕੀਪਰ), ਸ਼ਿਵਮ ਦੂਬੇ, ਈਸ਼ਾਨ ਕਿਸ਼ਨ (ਵਿਕਟਕੀਪਰ), ਹਾਰਦਿਕ ਪੰਡਯਾ, ਅਰਸ਼ਦੀਪ ਸਿੰਘ, ਜਸਪ੍ਰੀਤ ਬੁਮਰਾਹ, ਹਰਸ਼ਿਤ ਰਾਣਾ, ਵਰੁਣ ਚੱਕਰਵਰਤੀ, ਕੁਲਦੀਪ ਪਟੇਲ, ਅਕਸ਼ਰ ਪਟੇਲ (ਉਪ ਕਪਤਾਨ), ਵਾਸ਼ਿੰਗਟਨ ਸੁੰਦਰ ਤੇ ਰਿੰਕੂ ਸਿੰਘ ਸ਼ਾਮਲ ਹਨ।

## ਪੰਜਾਬੀ ਅਦਾਕਾਰਾ ਹਿਮਾਂਸ਼ੀ ....

ਪੂਰੀ ਨਾ ਹੋਈ ਤਾਂ ਉਨ੍ਹਾਂ ਨੂੰ ਜਾਨੋਂ ਮਾਰ ਦਿੱਤਾ ਜਾਵੇਗਾ। ਇਸ ਖ਼ਬਰ ਦੇ ਸਾਹਮਣੇ ਆਉਣ ਤੋਂ ਬਾਅਦ ਅਦਾਕਾਰਾ ਦੇ ਪ੍ਰਸ਼ੰਸਕਾਂ ਅਤੇ ਪੰਜਾਬੀ ਫਿਲਮ ਇੰਡਸਟਰੀ ਵਿੱਚ ਦਹਿਸ਼ਤ ਦਾ ਮਾਹੌਲ ਪਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਅਜੇ ਕੁੱਝ ਦਿਨ ਪਹਿਲਾਂ ਹੀ ਬਾਲੀਵੁੱਡ ਨਿਰਦੇਸ਼ਕ ਰੋਹਿਤ ਸ਼ੈੱਟੀ, ਅਦਾਕਾਰ ਰਣਵੀਰ ਸਿੰਘ ਅਤੇ ਸਲਮਾਨ ਖਾਨ ਦੇ ਜੀਜੇ ਆਯੂਸ਼ ਸ਼ਰਮਾ ਨੂੰ ਵੀ ਧਮਕੀਆਂ ਮਿਲੀਆਂ ਸਨ । ਮੀਡੀਆ ਰਿਪੋਰਟਾਂ ਅਨੁਸਾਰ, ਇਸ ਮਾਮਲੇ ਦੀ ਜਾਣਕਾਰੀ ਪੁਲਸ ਨੂੰ ਦੇ ਦਿੱਤੀ ਗਈ ਹੈ ਅਤੇ ਸੁਰੱਖਿਆ ਏਜੰਸੀਆਂ ਜਾਂਚ ਵਿੱਚ ਜੁਟ ਗਈਆਂ ਹਨ ।

## ਮੋਹਾਲੀ : ਕੈਪਟਨ ਅਮਰਿੰਦਰ ...

ਨਾਲ ਜੂਝਦੇ ਰਹੇ ਹਨ। ਇਸ ਤੋਂ ਪਹਿਲਾਂ ਮਈ 2023 ਵਿੱਚ ਵੀ ਮੁਹਾਲੀ ਦੇ ਇੱਕ ਹਸਪਤਾਲ ਵਿੱਚ ਉਨ੍ਹਾਂ ਦੇ ਗੋਡੇ ਦਾ ਅਪਰੇਸ਼ਨ ਹੋਇਆ ਸੀ ਅਤੇ ਸਾਲ 2018 ਵਿੱਚ ਉਨ੍ਹਾਂ ਨੇ ਚੰਡੀਗੜ੍ਹ ਦੇ ਪੀਜੀਆਈ ਵਿੱਚ ਆਪਣੇ ਸੱਜੇ ਗੋਡੇ ਦੀ ਸਰਜਰੀ ਕਰਵਾਈ ਸੀ ।

## ਕਾਂਗਰਸੀ ਵਿਧਾਇਕ ਪ੍ਰਗਟ ਸਿੰਘ ...

ਆਗੂਆਂ ਅਤੇ ਵਰਕਰਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ। ਪਰਗਟ ਸਿੰਘ ਨੇ ਦੱਸਿਆ ਕਿ ਪ੍ਰਦਰਸ਼ਨ ਦੇ ਗੈਰ-ਹਿੰਸਕ ਹੋਣ ਦੇ ਬਾਵਜੂਦ, ਉਨ੍ਹਾਂ ਸਮੇਤ ਕਈ ਸਾਥੀਆਂ ਨੂੰ ਜਿਊਲ ਚੌਂਕ ਤੋਂ ਹਿਰਾਸਤ ਵਿਚ ਲੈ ਲਿਆ ਗਿਆ । ਪਰਗਟ ਸਿੰਘ ਨੇ ਕਿਹਾ ਕਿ ਹਿਰਾਸਤਾਂ ਜਮਹੂਰੀ ਆਵਾਜ਼ਾਂ ਨੂੰ ਚੁੱਪ ਨਹੀਂ ਕਰਵਾ ਸਕਦੀਆਂ । ਉਨ੍ਹਾਂ ਕਿਹਾ ਕਿ ਅਸੀਂ ਰਾਜ ਦੇ ਦਰਜੇ, ਮਨਰੇਗਾ ਦੀ ਸੁਰੱਖਿਆ ਅਤੇ ਜੰਮੂ-ਕਸ਼ਮੀਰ ਦੇ ਲੋਕਾਂ ਦੇ ਅਧਿਕਾਰਾਂ ਅਤੇ ਸਨਮਾਨ ਲਈ ਦ੍ਰਿੜਤਾ ਨਾਲ ਖੜ੍ਹੇ ਰਹਾਂਗੇ।

## ਬੰਗਲਾਦੇਸ਼ ਦੇ ਹਿੱਤਾਂ ਨੂੰ ...

ਕਿਹਾ ਕਿ ਉਨ੍ਹਾਂ ਨੇ ਸਾਰੀਆਂ ਮੁਸ਼ਕਲਾਂ ਨੂੰ ਪਾਰ ਕੀਤਾ ਹੈ ਅਤੇ ਦੇਸ਼ ਵਿੱਚ ਲੋਕਤੰਤਰ ਲਈ ਰਾਹ ਪੱਧਰਾ ਕੀਤਾ ਹੈ । ਬੀਐਨਪੀ ਮੁਖੀ ਨੇ ਕਿਹਾ ਕਿ ਦੇਸ਼ ਹੁਣ ਇੱਕ ਨਵੀਂ ਸ਼ੁਰੂਆਤ ਵੱਲ ਵਧ ਰਿਹਾ ਹੈ, ਪਰ ਕਮਜ਼ੋਰ ਅਰਥਵਿਵਸਥਾ, ਕਮਜ਼ੋਰ ਸੰਵਿਧਾਨ ਅਤੇ ਮਾੜੀ ਕਾਨੂੰਨ ਵਿਵਸਥਾ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ ।

ਤਾਰਿਕ ਰਹਿਮਾਨ ਨੇ ਕਿਹਾ ਕਿ ਡੇਢ ਦਹਾਕੇ ਤੋਂ ਵੱਧ ਸਮੇਂ ਬਾਅਦ, ਸਿੱਧੇ ਜਨਤਕ ਵੋਟ ਰਾਹੀਂ ਇੱਕ ਸੰਸਦ ਅਤੇ ਸਰਕਾਰ ਬਣਾਈ ਗਈ ਹੈ, ਜੋ ਲੋਕਾਂ ਪ੍ਰਤੀ ਜਵਾਬਦੇਹ ਹੋਵੇਗੀ ।

ਉਨ੍ਹਾਂ ਕਿਹਾ ਕਿ ਕਿਸੇ ਵੀ ਬੁਰੀ ਸ਼ਕਤੀ ਨੂੰ ਦੁਬਾਰਾ ਤਾਨਾਸ਼ਾਹ ਬਣਨ ਤੋਂ ਰੋਕਣ ਅਤੇ ਦੇਸ਼ ਨੂੰ ਬਚਾਉਣ ਲਈ, ਸਾਰਿਆਂ ਨੂੰ ਇੱਕਜੁੱਟ ਰਹਿਣਾ ਚਾਹੀਦਾ ਹੈ ਅਤੇ ਲੋਕਾਂ ਦੀ ਇੱਛਾ ਦਾ ਸਤਿਕਾਰ ਕਰਨਾ ਚਾਹੀਦਾ ਹੈ ।

## ਸੇਵਾਮੁਕਤੀ ਤੋਂ 20 ਸਾਲ ਬਾਅਦ ...

ਉਠਿਆ। ਹਾਲਾਂਕਿ ਇਸ 'ਤੇ ਜਲਦ ਹੀ ਹੁਕਮ ਜਾਰੀ ਹੋ ਸਕਦਾ ਹੈ। ਦੱਸਣਾ ਬਣਦਾ ਹੈ ਕਿ ਸਾਬਕਾ ਫ਼ੌਜ ਮੁਖੀ ਨਰਵਣੇ ਦੀ ਕਿਤਾਬ ਫੋਰ ਸਟਾਰਸ ਆਫ਼ ਡਸਟਿਨੀ ਨੂੰ ਲੈ ਕੇ ਵਿਵਾਦ ਬੀਤੀ 2 ਫਰਵਰੀ ਤੋਂ ਸ਼ੁਰੂ ਹੋਇਆ ਸੀ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਨੇ ਜਨਰਲ ਨਰਵਣੇ ਦੀ ਅਣਛਪਤੀ ਕਿਤਾਬ ਵਿੱਚ ਦੱਸੀਆਂ ਘਟਨਾਵਾਂ ਦਾ ਜ਼ਿਕਰ ਕਰਨ ਦੀ ਕੋਸ਼ਿਸ਼ ਕੀਤੀ ਅਤੇ ਸਰਕਾਰ ਨੇ ਇਸ 'ਤੇ ਸਖ਼ਤ ਇਤਰਾਜ਼ ਜਤਾਇਆ, ਕਿਉਂਕਿ ਇਹ ਕਿਤਾਬ ਪ੍ਰਕਾਸ਼ਿਤ ਨਹੀਂ ਹੋਈ ਸੀ। ਬਾਅਦ ਵਿੱਚ ਰਾਹੁਲ ਗਾਂਧੀ ਇਸ ਕਿਤਾਬ ਦੀ ਇੱਕ ਕਾਪੀ ਸੰਸਦ ਵਿੱਚ ਲੈ ਆਏ ਤਾਂ ਕਿ ਇਹ ਸਾਬਤ ਹੋ ਸਕੇ ਕਿ ਕਿਤਾਬ ਮੌਜੂਦ ਹੈ। ਜਲਦ ਹੀ ਇਸ ਕਿਤਾਬ ਦਾ ਪੀਡੀਐਫ਼ ਸੋਸ਼ਲ ਮੀਡੀਆ 'ਤੇ ਸ਼ੇਅਰ ਹੋਣ ਲੱਗਾ। ਸੰਸਦ ਸਾਹਮਣੇ ਆਏ ਇਸ ਮੁੱਦੇ 'ਤੇ ਦਿੱਲੀ ਪੁਲਿਸ ਨੇ ਐਫ਼ਆਈਆਰ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਸੀਪੀਆਈ (ਐਮ) ਦੇ ਜਨਰਲ ...

ਨੇ ਬਹੁਤ ਸਾਰੇ ਬੀਐਲਓਜ ਨੂੰ ਦਬਾਅ ਹੇਠ ਝੁਕਾਉਣ ਅਤੇ ਬਦਕਿਸਮਤੀ ਨਾਲ ਆਪਣੀਆਂ ਜਾਨਾਂ ਲੈਣ ਲਈ ਮਜਬੂਰ ਕੀਤਾ ਹੈ। ਇਸ ਨੇ ਬਹੁਤ ਸਾਰੇ ਵੋਟਰਾਂ ਵਿੱਚ ਵੀ ਪਰੇਸ਼ਾਨੀ ਪੈਦਾ ਕੀਤੀ ਹੈ, ਜਿਨ੍ਹਾਂ ਨੇ ਖਾਸ ਕਰ ਕੇ ਪੱਛਮੀ ਬੰਗਾਲ ਵਿਚ ਵੀ ਇਹੀ ਰਸਤਾ ਚੁਣਿਆ ਹੈ ।

**ਸਲਾਹ-ਮਸ਼ਵਰੇ ਦੀ ਘਾਟ :** ਜਿਵੇਂ ਕਿ ਅਸੀਂ ਤੁਹਾਨੂੰ ਆਪਣੀ ਸ਼ੁਰੂਆਤੀ ਪਟੀਸ਼ਨ ਵਿੱਚ ਦੱਸਿਆ ਸੀ ਕਿ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ, ਜੋ ਸਾਡੇ ਦੇਸ਼ ਵਿੱਚ ਲੋਕਤੰਤਰੀ ਪ੍ਰਕਿਰਿਆ ਵਿੱਚ ਬਰਾਬਰ ਹਿੱਸੇਦਾਰ ਹਨ, ਨੂੰ ਇਸ ਅਭਿਆਸ ਦੀ ਸ਼ੁਰੂਆਤ ਤੋਂ ਪਹਿਲਾਂ ਵਿਸ਼ਵਾਸ ਵਿੱਚ ਨਹੀਂ ਲਿਆ ਗਿਆ ਸੀ।

**ਵੋਟਰਾਂ 'ਤੇ ਬੋਝ :** ਦੁਹਰਾਉਣ ਲਈ, ਅਯੋਗ ਵੋਟਰਾਂ ਦੀ ਪਛਾਣ ਕਰਨ ਅਤੇ ਹਟਾਉਣ ਦੀ ਜ਼ਿੰਮੇਵਾਰੀ ਆਮ ਤੌਰ 'ਤੇ ਬੂਥ ਲੈਵਲ ਅਫਸਰਾਂ (ਬੀਐਲਓਜ਼) ਅਤੇ ਚੋਣ ਰਜਿਸਟ੍ਰੇਸ਼ਨ ਅਫਸਰਾਂ (ਈਆਰਓਜ਼) ਦੀ ਹੁੰਦੀ ਹੈ। ਪਹਿਲਾਂ ਤੋਂ ਹੀ ਨਾਮਜ਼ਦ ਵੋਟਰਾਂ 'ਤੇ ਉਨ੍ਹਾਂ ਦੀ ਯੋਗਤਾ ਨੂੰ ਦੁਬਾਰਾ ਸਥਾਪਿਤ ਕਰਨ ਲਈ ਬੋਝ ਪਾਉਣਾ, ਜਿਸ ਵਿੱਚ ਅਸਫਲ ਰਹਿਣ 'ਤੇ ਮਿਟਾਉਣ ਦਾ ਖ਼ਤਰਾ ਹੁੰਦਾ ਹੈ, ਮਨਮਾਨੀ, ਗੈਰ-ਕਾਨੂੰਨੀ ਅਤੇ ਸੁਲਝੀ ਹੋਈ ਪ੍ਰਕਿਰਿਆ ਦੇ ਉਲਟ ਹੈ।

ਇਸ ਅਭਿਆਸ ਨੂੰ ਲਾਗੂ ਕਰਨ ਦੌਰਾਨ ਕਈ ਮੁੱਦੇ ਸਾਹਮਣੇ ਆਏ ਹਨ ਜੋ ਪਹਿਲਾਂ ਬਿਹਾਰ ਵਿੱਚ ਅਤੇ ਦੂਜੇ ਰਾਜਾਂ ਵਿੱਚ ਜਿੱਥੇ ਇਹ ਅਭਿਆਸ ਮੌਜੂਦਾ ਸਮੇਂ ਚੱਲ ਰਿਹਾ ਹੈ। ਗਣਨਾ ਫਾਰਮਾਂ ਦੀ ਡਿਲੀਵਰੀ ਨਾ ਹੋਣਾ, ਵਿਕਲਪਕ ਪ੍ਰਕਿਰਿਆਵਾਂ ਬਾਰੇ ਜਾਗਰੂਕਤਾ ਦੀ ਘਾਟ, ਗੈਰ-ਵਾਜਬ ਦਸਤਾਵੇਜ਼ੀ ਜ਼ਰੂਰਤਾਂ ਤੋਂ ਇਲਾਵਾ ਡਿਜੀਟਲ ਸਾਧਨਾਂ ਤੱਕ ਸੀਮਤ ਜਾਂ ਕੋਈ ਪਹੁੰਚ ਨਹੀਂ, ਜਿਸ ਕਾਰਨ ਬਾਹਰ ਕੱਢਿਆ ਗਿਆ ਹੈ। ਹਾਸੀਏ 'ਤੇ ਧੱਕੇ ਗਏ ਅਤੇ ਘੱਟ ਗਿਣਤੀਆਂ, ਖਾਸ ਕਰਕੇ ਪੇਂਡੂ ਖੇਤਰਾਂ ਵਿੱਚ ਔਰਤਾਂ, ਅਸਪਸ਼ਟ ਤੌਰ 'ਤੇ ਪ੍ਰਭਾਵਿਤ ਹੋਈਆਂ ਹਨ। ਜਿਵੇਂ ਬਿਹਾਰ ਵਿੱਚ ਅਸੀਂ ਵੋਟਰਾਂ ਦੇ ਆਬਾਦੀ ਦੇ ਅਨੁਪਾਤ ਵਿੱਚ ਕਮੀ ਦੇਖੀ ਤੇ ਸਾਨੂੰ ਡਰ ਹੈ ਕਿ ਦੂਜੇ ਰਾਜਾਂ ਵਿੱਚ ਵੀ ਇਹੀ ਗੱਲ ਦੁਹਰਾਈ ਜਾਵੇਗੀ।

**ਵਿਅਕਤੀਆਂ ਦੁਆਰਾ ਫਾਰਮ 7 ਦੀ ਵਿਆਪਕ ਦੁਰਵਰਤੋਂ :** ਅਸਾਮ, ਰਾਜਸਥਾਨ ਅਤੇ ਕੁਝ ਦੂਜੇ ਰਾਜਾਂ ਵਿੱਚ ਲੋਕਾਂ ਦੁਆਰਾ ਫਾਰਮ 7 ਦੀ ਵੱਡੇ ਪੱਧਰ 'ਤੇ ਗਲਤ ਵਰਤੋਂ ਸਾਹਮਣੇ ਆਈ ਹੈ, ਕੁਝ ਮਾਮਲਿਆਂ ਵਿੱਚ ਇੱਕ ਹੀ ਵਿਅਕਤੀ ਸੈਂਕੜੇ ਫਾਰਮ ਭਰ ਦਿੱਤੇ।

ਸਾਡਾ ਖਦਸਾ ਹੈ ਕਿ ਐਸਆਈਆਰ ਦਾ ਡਿਜਾਈਨ ਅਤੇ ਲਾਗੂ ਕਰਨ ਪ੍ਰਸਤਾਵਿਤ ਐਨਆਰਸੀ ਅਭਿਆਸ ਨਾਲ ਬਹੁਤ ਮਿਲਦਾ-ਜੁਲਦਾ ਹੋਵੇਗਾ ਅਤੇ ਕੁਝ ਭਾਈਚਾਰਿਆਂ ਨੂੰ ਚੋਣਵੇਂ ਵੋਟ ਅਧਿਕਾਰ ਤੋਂ ਵਾਂਝਾ ਕਰੇਗਾ, ਇਹ ਸੱਚ ਹੁੰਦਾ ਜਾ ਰਿਹਾ ਹੈ।

**ਅਸਾਮ ਵਰਗੇ ਵਿਸ਼ੇਸ਼ ਰਾਜ ਦਾ ਅਨੁਭਵ :** ਅਸਾਮ ਵਿੱਚ ਇਹ ਰਿਪੋਰਟ ਕੀਤੀ ਗਈ ਹੈ ਕਿ ਫਾਰਮ 7 ਦੀ ਵਿਆਪਕ ਦੁਰਵਰਤੋਂ ਕੀਤੀ ਜਾ ਰਹੀ ਹੈ, ਜਿਸ ਵਿੱਚ ਗਲਤ ਢੰਗ ਨਾਲ ਚੋਣ ਫੋਟੋ ਪਛਾਣ ਪੱਤਰ (ਈਪੀਆਈਸੀ) ਅਤੇ ਮੋਬਾਈਲ ਨੰਬਰਾਂ ਦੀ ਵਰਤੋਂ ਕਰਕੇ ਤੀਜੀ-ਧਿਰ ਦੇ ਵੱਡੇ ਇਤਰਾਜ਼ ਦਾਇਰ ਕੀਤੇ ਗਏ ਹਨ। ਸ੍ਰੀਭੂਮੀ (ਕਰੀਮਗੰਜ) ਵਰਗੇ ਜ਼ਿਲ੍ਹਿਆਂ ਵਿੱਚ ਇਕੱਲੇ ਵਿਅਕਤੀਆਂ ਨੇ ਸੈਂਕੜੇ ਇਤਰਾਜ ਦਰਜ ਕੀਤੇ ਹਨ। ਮੀਡੀਆ ਰਿਪੋਰਟਾਂ ਅਤੇ ਸ਼ਿਕਾਇਤਾਂ ਵਿੱਚ ਬੰਗਾਲੀ ਬੋਲਣ ਵਾਲੇ ਮੁਸਲਿਮ ਵੋਟਰਾਂ ਨੂੰ ਪਰੇਸ਼ਾਨ ਕਰਨ ਅਤੇ ਰਾਜਨੀਤਿਕ ਕਾਰਕੁਨਾਂ ਦੁਆਰਾ ਬੀਐਲਓਜ਼ 'ਤੇ ਦਬਾਅ ਪਾਉਣ ਦਾ ਦੋਸ਼ ਲਗਾਇਆ ਗਿਆ ਹੈ।

**ਕੇਰਲ :** ਗਲਤੀ ਨਾਲ ਹਟਾਏ ਗਏ ਵੋਟਰਾਂ ਨੂੰ ਫਾਰਮ 6 ਦੀ ਵਰਤੋਂ ਕਰਕੇ ਨਵੇਂ ਵੋਟਰਾਂ ਵਜੋਂ ਅਰਜ਼ੀ ਦੇਣ ਲਈ ਮਜਬੂਰ ਕੀਤਾ ਜਾ ਰਿਹਾ ਹੈ, ਜਿਸ ਨਾਲ ਉਨ੍ਹਾਂ ਦੇ ਪੁਰਾਣੇ ਈਪੀਆਈਸੀ ਅਵੈਧ ਹੋ ਰਹੇ ਹਨ ਅਤੇ ਉਨ੍ਹਾਂ ਨੂੰ ਬਿਨਾਂ ਕਿਸੇ ਗਲਤੀ ਦੇ ਨਵੇਂ ਵੋਟਰਾਂ ਵਜੋਂ ਮੰਨਿਆ ਜਾ ਰਿਹਾ ਹੈ। 2002 ਤੋਂ ਪਹਿਲਾਂ ਦੀਆਂ ਵੋਟਰ ਸੂਚੀਆਂ ਵਿੱਚ ਗਲਤੀਆਂ ਨੂੰ 2002 ਤੋਂ ਬਾਅਦ ਰਜਿਸਟਰਡ ਵੋਟਰਾਂ ਵਿਰੁੱਧ ਨੋਟਿਸ ਜਾਰੀ ਕਰਨ ਅਤੇ ਇਤਰਾਜ਼ ਉਠਾਉਣ ਲਈ ਵਰਤਿਆ ਜਾ ਰਿਹਾ ਹੈ। ਫਾਰਮ 6, 6, ਅਤੇ 8 ਦੀ ਅਸਧਾਰਨ ਤੌਰ 'ਤੇ ਜ਼ਿਆਦਾ ਮਾਤਰਾ, ਵੱਡੇ ਪੱਧਰ 'ਤੇ ਹਲਕੇ ਵਿੱਚ ਤਬਦੀਲੀਆਂ ਅਤੇ ਡਾਟਾ ਪ੍ਰਕਾਸਨ ਵਿੱਚ ਪਾਰਦਰਸਤਾ ਦੀ ਘਾਟ, ਗੰਭੀਰ ਚਿੰਤਾਵਾਂ ਪੈਦਾ ਕਰਦੀਆਂ ਹਨ।

**ਤਾਮਿਲਨਾਡੂ :** 97 ਲੱਖ ਤੋਂ ਵੱਧ ਵੋਟਰਾਂ ਨੂੰ ਅਧਾਰ ਸੂਚੀ ਤੋਂ ਹਟਾ ਦਿੱਤਾ ਗਿਆ ਸੀ ਅਤੇ ਬਹੁਤ ਜ਼ਿਆਦਾ ਗਿਣਤੀ ਵਿੱਚ ਲੋਕਾਂ ਨੂੰ 'ਮ੍ਰਿਤਕ' ਜਾਂ 'ਪਤਾ ਨਹੀਂ ਚੱਲ ਪਾ ਰਿਹਾ' ਵਜੋਂ ਚਿੰਨ੍ਹਿਤ ਕੀਤਾ ਗਿਆ ਸੀ, ਜੋ ਕਿ ਸੰਭਾਵੀ ਜਨਸੰਖਿਆ ਰੁਝਾਨਾਂ ਤੋਂ ਕਿਤੇ ਵੱਧ ਹਨ। ਗਲਤ ਨੋਟਿਸ ਜਾਰੀ ਕੀਤੇ ਜਾ ਰਹੇ ਹਨ, ਖੋਜਣਯੋਗ ਸੂਚੀਆਂ ਉਪਲਬਧ ਨਹੀਂ ਹਨ, ਅਤੇ ਰਾਜਨੀਤਿਕ ਪਾਰਟੀਆਂ ਨੂੰ ਤਸਦੀਕ ਲਈ ਸੰਬੰਧਿਤ ਡੇਟਾ ਪ੍ਰਦਾਨ ਨਹੀਂ ਕੀਤਾ ਗਿਆ ਹੈ। ਵਿਆਹੀਆਂ ਔਰਤਾਂ, ਕਿਰਾਏਦਾਰ ਅਤੇ ਬੇਘਰ ਲੋਕ ਬਹੁਤ ਜ਼ਿਆਦਾ ਪ੍ਰਭਾਵਿਤ ਹੋ ਰਹੇ ਹਨ।

**ਪੱਛਮੀ ਬੰਗਾਲ:** 'ਤਰਕਪੂਰਨ ਅੰਤਰ' ਨੂੰ ਦਰਸਾਉਣ ਲਈ ਇੱਕ ਅਣ-ਪਰਖਿਆ ਅਤੇ ਅਪਾਰਦਰਸ਼ੀ ਸਾਫਟਵੇਅਰ ਸਿਸਟਮ ਦੀ ਵਰਤੋਂ ਕੀਤੀ ਜਾ ਰਹੀ ਹੈ, ਜਿਸ ਨਾਲ ਵੱਡੇ ਪੱਧਰ 'ਤੇ, ਸਵੈਚਾਲਿਤ ਨੋਟਿਸ ਤਿਆਰ ਹੁੰਦੇ ਹਨ, ਜੋ ਕਿ ਮਾਣਯੋਗ ਸੁਪਰੀਮ ਕੋਰਟ ਦੇ ਸਾਹਮਣੇ ਰੱਖੀਆਂ ਗਈਆਂ ਗੱਲਾਂ ਤੋਂ ਉਲਟ ਹਨ। ਚੋਣ ਅਧਿਕਾਰੀਆਂ ਨੂੰ ਅਸੰਭਵ ਤੌਰ 'ਤੇ ਛੋਟੀ ਸਮਾਂ-ਸੀਮਾ ਦੇ ਅੰਦਰ ਲਗਭਗ 1.5 ਕਰੋੜ ਵੋਟਰਾਂ ਨੂੰ ਪ੍ਰਭਾਵਿਤ ਕਰਨ ਵਾਲੇ ਅਰਧ-ਨਿਆਂਇਕ ਨਿਰਧਾਰਨਾਂ ਲਈ ਮਜਬੂਰ ਕੀਤਾ ਜਾ ਰਿਹਾ ਹੈ। ਸੂਬੇ ਵਿੱਚ ਚੋਣ ਕਮਿਸ਼ਨ ਦੇ ਨਿਯਮਤ ਚੈਨਲਾਂ ਨੂੰ ਕਮਜ਼ੋਰ ਕਰਨ ਵਾਲੇ ਮਾਈਕ੍ਰੋ-ਆਬਜ਼ਰਵਰਾਂ ਦੀ ਨਿਯੁਕਤੀ ਦੇ ਸਮਾਨਾਂਤਰ ਸਿਸਟਮ ਸਥਾਪਤ ਕੀਤਾ ਗਿਆ ਹੈ।

ਪੱਛਮੀ ਬੰਗਾਲ ਵਿੱਚ ਐਸਆਈਆਰ ਸਭ ਤੋਂ ਵਿਵਾਦਪੂਰਨ ਸਾਬਤ ਹੋਇਆ ਹੈ। ਆਬਾਦੀ ਦਾ ਵੱਡਾ ਹਿੱਸਾ ਬੁਰੇ ਸੁਪਨਿਆਂ ਵਿੱਚੋਂ ਗੁਜਰ ਰਿਹਾ ਹੈ ਅਤੇ ਬਹੁਤ ਸਾਰੇ ਵੋਟਰਾਂ ਨੇ ਇਸ ਦਾ ਸਾਹਮਣਾ ਕਰਨ ਤੋਂ ਅਸਮਰੱਥ ਹੋ ਕੇ ਆਪਣੀਆਂ ਜਾਨਾਂ ਗੁਆ ਦਿੱਤੀਆਂ ਹਨ।

**ਕਾਨੂੰਨੀ ਚਿੰਤਾਵਾਂ :** ਜਦੋਂ ਕਿ ਨਾਗਰਿਕਤਾ ਵੋਟਰ ਨਾਮਾਂਕਣ ਲਈ ਇੱਕ ਪੂਰਵ ਸ਼ਰਤ ਹੈ ਤੇ ਇਸਦਾ ਨਿਰਧਾਰਨ ਭਾਰਤੀ ਚੋਣ ਕਮਿਸ਼ਨ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ। ਐਸਆਈਆਰ ਦੀ ਆੜ ਵਿੱਚ ਜੋ ਸਪੱਸ਼ਟ ਹੋ ਰਿਹਾ ਹੈ ਉਹ ਹੈ ਨਾਗਰਿਕਤਾ ਨਿਰਧਾਰਤ ਕਰਨ ਦੀ ਪ੍ਰਕਿਰਿਆ ਦੀ ਸ਼ੁਰੂਆਤ। ਅਸਾਮ ਦੇ ਮੁੱਖ ਮੰਤਰੀ ਦੇ ਬਿਆਨਾਂ ਨੇ ਸਿਰਫ ਸਮੱਸਿਆ ਵਿੱਚ ਹੋਰ ਵੀ ਵਾਧਾ ਕੀਤਾ ਹੈ।

ਲੋਕ ਪ੍ਰਤੀਨਿਧਤਾ ਐਕਟ, 1950 ਅਤੇ ਵੋਟਰ ਰਜਿਸਟ੍ਰੇਸ਼ਨ ਨਿਯਮਾਂ, 1960 ਵਿੱਚ ਸਪੱਸ਼ਟ ਤੌਰ 'ਤੇ ਦੱਸਿਆ ਗਿਆ ਹੈ ਕਿ ਇੱਕ ਤੀਬਰ ਸੋਧ ਦੇ ਮਾਮਲੇ ਵਿੱਚ ਵੋਟਰ ਸੂਚੀਆਂ ਦੀ ਪਹਿਲੀ ਵਾਰ ਤਿਆਰੀ ਲਈ ਲਾਗੂ ਨਿਯਮ ਲਾਗੂ ਹੁੰਦੇ ਹਨ। ਅਜਿਹੀ ਸੋਧ 'ਖਾਲੀ ਸੂਚੀ' 'ਤੇ ਅੱਗੇ ਵਧਦੀ ਹੈ, ਜਿੱਥੇ ਜੋੜ ਕੀਤੇ ਜਾਂਦੇ ਹਨ। ਮੌਜੂਦਾ ਐਸਆਈਆਰ ਖਾਲੀ ਸੂਚੀ ਨਾਲ ਸ਼ੁਰੂ ਨਹੀਂ ਹੁੰਦਾ ਅਤੇ ਨਾ ਹੀ ਇਹ ਯੋਜਨਾਬੱਧ ਜੋੜਾਂ ਦਾ ਪ੍ਰਬੰਧ ਕਰਦਾ ਹੈ। ਇਸ ਦੀ ਬਜਾਏ, ਇਹ ਕਾਨੂੰਨ ਦੇ ਉਦੇਸ਼ ਨੂੰ ਨਕਾਰਦੇ ਹੋਏ ਨਾਵਾਂ ਨੂੰ ਮਿਟਾਉਣ ਲਈ ਤਿਆਰ ਕੀਤਾ ਗਿਆ ਹੈ।

ਜਦੋਂ ਕਿ ਪਿਛਲੇ ਕੁਝ ਸਾਲਾਂ ਵਿੱਚ ਬਜ਼ੁਰਗਾਂ ਅਤੇ ਅਪਾਹਜਾਂ ਲਈ ਘਰ ਤੋਂ ਵੋਟ ਪਾਉਣ ਸਮੇਤ ਕਈ ਉਪਾਅ ਕੀਤੇ ਗਏ ਹਨ ਤੇ ਇਸ ਅਭਿਆਸ ਵਿੱਚ ਵੋਟਰਾਂ ਨੂੰ ਇਨ੍ਹਾਂ ਦੋਵਾਂ ਵਰਗਾਂ ਨੂੰ ਉਨ੍ਹਾਂ ਦੇ ਨਿਵਾਸ ਸਥਾਨਾਂ ਤੋਂ ਦੂਰ ਪਹੁੰਚਯੋਗ ਕੇਂਦਰਾਂ 'ਤੇ ਸੁਣਵਾਈ ਲਈ ਬੁਲਾਇਆ ਗਿਆ ਹੈ। ਵੋਟ ਪਾਉਣ ਦਾ ਅਧਿਕਾਰ ਸਾਡੇ ਲੋਕਤੰਤਰ ਦੀ ਨੀਂਹ ਹੈ। ਕੋਈ ਵੀ ਪ੍ਰਕਿਰਿਆ ਜੋ ਇਸਦੇ ਸਰਵ ਵਿਆਪਕ ਅਤੇ ਬਰਾਬਰ ਅਭਿਆਸ ਨੂੰ ਖਤਰੇ ਵਿੱਚ ਪਾਉਂਦੀ ਹੈ, ਨੂੰ ਰੋਕਿਆ ਜਾਣਾ ਚਾਹੀਦਾ ਹੈ ਅਤੇ ਪੂਰੀ ਗੰਭੀਰਤਾ ਨਾਲ ਮੁੜ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

ਉਪਰੋਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਅਸੀਂ ਇੱਕ ਵਾਰ ਫਿਰ ਭਾਰਤ ਦੇ ਚੋਣ ਕਮਿਸ਼ਨ ਨੂੰ ਇਸ ਅਭਿਆਸ ਨੂੰ ਛੱਡਣ ਦੀ ਅਪੀਲ ਕਰਦੇ ਹਾਂ ਜੋ ਲੋਕਾਂ ਵਿਰੁੱਧ ਜੰਗ ਵਿੱਚ ਬਦਲ ਰਿਹਾ ਹੈ।

## ਅਮਰੀਕਾ-ਭਾਰਤ ਵਪਾਰ ਸਮਝੌਤੇ ...

ਬੱਸ ਇਹ ਹੈ ਕਿ ਉਹ ਅਮਰੀਕੀ ਕਪਾਹ ਆਯਾਤ ਕਰੇ। ਰਾਹੁਲ ਨੇ ਦੱਸਿਅ ਕਿ ਭਾਰਤ ਦੇ ਕੱਪੜਾ ਉਦਯੋਗ 'ਤੇ 18 ਫ਼ੀਸਦੀ ਟੈਰਿਫ ਦੇ ਐਲਾਨ ਤੋਂ ਬਾਅਦ ਜਦੋਂ ਮੈਂ ਸੰਸਦ ਵਿੱਚ ਬੰਗਲਾਦੇਸ਼ ਨੂੰ ਮਿਲ ਰਹੀ ਖਾਸ ਰਿਆਇਤ 'ਤੇ ਸਵਾਲ ਉਠਾਇਆ ਤਾਂ ਮੋਦੀ ਸਰਕਾਰ ਦੇ ਮੰਤਰੀ ਦਾ ਜਵਾਬ ਆਇਆ ਕਿ ਜੇਕਰ ਇਹ ਫਾਇਦਾ ਸਾਨੂੰ ਵੀ ਚਾਹੀਦਾ ਹੈ ਤਾਂ ਅਮਰੀਕਾ ਤੋਂ ਕਪਾਹ ਮੰਗਵਾਉਣੀ ਪਵੇਗੀ।

ਆਖਰ ਇਹ ਗੱਲ ਉਦੋਂ ਤੱਕ ਦੇਸ਼ ਤੋਂ ਲੁਕਾਈ ਕਿਉਂ ਗਈ ਅਤੇ ਇਹ ਕਿਹੋ ਜਿਹੀ ਨੀਤੀ ਹੈ, ਕੀ ਇਹ ਸੱਚ ਵਿੱਚ ਕੋਈ ਬਦਲ ਹੈ ਜਾਂ ਫ਼ਿਰ ਅੱਗੇ ਖੂਹ ਪਿੱਛੇ ਖੱਡਾ ਵਾਲੀ ਹਾਲਤ ਵਿੱਚ ਫਸਾਉਣ ਵਾਲਾ ਜਾਲ ਹੈ।

ਰਾਹੁਲ ਨੇ ਕਿਹਾ ਕਿ ਜੇਕਰ ਅਸੀਂ ਅਮਰੀਕਾ ਤੋਂ ਕਪਾਹ ਮੰਗਵਾਉਂਦੇ ਹਾਂ ਤਾਂ ਸਾਡੇ ਆਪਣੇ ਕਿਸਾਨ ਬਰਬਾਦ ਹੋ ਜਾਣਗੇ, ਨਹੀਂ ਮੰਗਵਾਉਂਦੇ ਤਾਂ ਸਾਡਾ ਕੱਪੜਾ ਉਦਯੋਗ ਪਛੜ ਕੇ ਤਬਾਹ ਹੋ ਜਾਵੇਗਾ ਅਤੇ ਹੁਣ ਬੰਗਲਾਦੇਸ਼ ਇਹ ਸੰਕੇਤ ਦੇ ਰਿਹਾ ਹੈ ਕਿ ਉਹ ਭਾਰਤ ਤੋਂ ਕਪਾਹ ਦਾ ਆਯਾਤ ਵੀ ਘੱਟ ਜਾਂ ਬੰਦ ਕਰ ਸਕਦਾ ਹੈ।

## ਪ੍ਰਧਾਨ ਮੰਤਰੀ ਮੋਦੀ ਹਵਾਈ ...

ਮਜ਼ਬੂਤ ਕੀਤੇ ਗਏ ਇਸ 100 ਕਰੋੜ ਰੁਪਏ ਦੇ ਈਐਲਐਫ਼ ਦਾ ਉਦਘਾਟਨ ਪ੍ਰਧਾਨ ਮੰਤਰੀ ਦੁਆਰਾ ਕੀਤਾ ਗਿਆ, ਜੋ ਕਿ ਭਾਰਤੀ ਹਵਾਈ ਸੈਨਾ (916) ਦੇ ਲੜਾਕੂ ਜਹਾਜ਼ਾਂ ਅਤੇ ਮਾਲਵਾਹਕ ਜਹਾਜ਼ਾਂ ਲਈ ਇੱਕ ਰਣਨੀਤਕ ਅਤੇ ਬਹੁ-ਕਾਰਜਕਾਰੀ ਰਨਵੇ ਵਜੋਂ ਕੰਮ ਕਰੇਗਾ, ਜਿਸ ਨਾਲ ਰੱਖਿਆ, ਲੌਜਿਸਟਿਕਸ ਅਤੇ ਆਫ਼ਤ ਪ੍ਰਬੰਧਨ ਨੂੰ ਮਜ਼ਬੂਤੀ ਮਿਲੇਗੀ ।

ਉਨ੍ਹਾਂ ਕਿਹਾ ਕਿ ਇਹ ਸਹੂਲਤ ਨਾਗਰਿਕ ਅਤੇ ਫੌਜੀ ਦੋਵਾਂ ਵਰਤੋਂ ਲਈ ਤਿਆਰ ਕੀਤੀ ਗਈ ਹੈ, ਜੋ ਐਮਰਜੈਂਸੀ ਦੀ ਸਥਿਤੀ ਵਿੱਚ ਡਿਬਰੂਗੜ੍ਹ ਹਵਾਈ ਅੱਡੇ ਦੇ ਬਦਲ ਵਜੋਂ ਕੰਮ ਕਰੇਗੀ। ਪ੍ਰਧਾਨ ਮੰਤਰੀ ਦਾ ਈਐਲਐਫ਼ 'ਤੇ ਮੁੱਖ ਮੰਤਰੀ ਹਿੰਮਤ ਬਿਸਵਾ ਸਰਮਾ, ਕੇਂਦਰੀ ਮੰਤਰੀ ਸਰਬਾਨੰਦ ਸੋਨੋਵਾਲ, ਏਅਰ ਚੀਫ ਮਾਰਸ਼ਲ ਏਪੀ ਸਿੰਘ ਅਤੇ ਅਸਾਮ ਕੈਬਨਿਟ ਦੇ ਹੋਰ ਮੰਤਰੀਆਂ ਨੇ ਭਰਵਾਂ ਸਵਾਗਤ ਕੀਤਾ ।

## ਫ਼ਿਰੋਜ਼ਪੁਰ : 22 ਕਿਲੋ ਹੈਰੋਇਨ, ...

ਕਾਨਫਰੰਸ 'ਚ ਦੱਸਿਆ ਕਿ ਐਸਐਸਪੀ ਭੁਪਿੰਦਰ ਸਿੰਘ ਸਿੱਧੂ ਵੱਲੋਂ ਫਿਰੋਜ਼ਪੁਰ ਜ਼ਿਲ੍ਹੇ 'ਚ ਨਸ਼ਾ ਤਸਕਰਾਂ ਨੂੰ ਫੜ੍ਹਨ ਲਈ ਵੱਖ-ਵੱਖ ਟੀਮਾਂ ਬਣਾਈਆਂ ਗਈਆਂ ਹਨ ।

ਜਦੋਂ ਸੀਆਈਏ ਸਟਾਫ਼ ਜ਼ੀਰਾ ਦੇ ਇੰਚਾਰਜ ਗੁਰਮੀਤ ਸਿੰਘ ਦੀ ਅਗਵਾਈ ਵਿੱਚ ਪੁਲਸ ਗਸ਼ਤ ਕਰ ਰਹੀ ਸੀ ਤਾਂ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਕਿ ਪ੍ਰਤਾਪ ਸਿੰਘ ਪੁੱਤਰ ਸਰਵਣ ਸਿੰਘ ਵਾਸੀ ਪਿੰਡ ਕਿਲਚਾ (ਫਿਰੋਜ਼ਪੁਰ), ਜਗਜੀਤ ਸਿੰਘ ਉਰਫ਼ ਜੱਗਾ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਅਰਨੀਵਾਲਾ (ਜ਼ਿਲ੍ਹਾ ਫਾਜ਼ਿਲਕਾ), ਮਲੂਕ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਗੰਧੂ ਕਿਲਚਾ (ਜ਼ਿਲ੍ਹਾ ਫਿਰੋਜ਼ਪੁਰ) ਅਤੇ ਕਿਰਨਦੀਪ ਸਿੰਘ ਉਰਫ਼ ਦੀਪ ਪੁੱਤਰ ਸੁਰਜੀਤ ਸਿੰਘ ਵਾਸੀ ਸ਼ਹੀਦ ਭਗਤ ਸਿੰਘ ਕਾਲੋਨੀ ਫਿਰੋਜ਼ਪੁਰ ਸ਼ਹਿਰ ਹੈਰੋਇਨ ਦੀ ਤਸਕਰੀ ਕਰਦੇ ਹਨ ਅਤੇ ਪਾਕਿਸਤਾਨ ਤੋਂ ਹੈਰੋਇਨ ਮੰਗਵਾ ਕੇ ਅੱਗੇ ਸਪਲਾਈ ਕਰਦੇ ਹਨ ।

ਇਨ੍ਹਾਂ ਨੇ ਡਰੋਨ ਰਾਹੀਂ ਪਾਕਿਸਤਾਨੀ ਤਸਕਰਾਂ ਤੋਂ ਹੈਰੋਇਨ ਦੀ ਵੱਡੀ ਖ਼ੇਪ ਮੰਗਵਾਈ ਹੈ ਤਾਂ ਸੀਆਈਏ ਇੰਚਾਰਜ ਗੁਰਮੀਤ ਸਿੰਘ, ਏਐਸਆਈ ਅੰਗਰੇਜ਼ ਸਿੰਘ ਅਤੇ ਉਨ੍ਹਾਂ ਦੀ ਪੁਲਿਸ ਪਾਰਟੀ ਨੇ ਤੁਰੰਤ ਕਾਰਵਾਈ ਕਰਦਿਆਂ ਨਾਮਜ਼ਦ ਚਾਰ ਨਸ਼ਾ ਤਸਕਰਾਂ ਨੂੰ ਹਰਿਆਣਾ ਨੰਬਰ ਦੀ ਕਾਰ 'ਤੇ ਆਉਂਦਿਆਂ ਨੂੰ ਗ੍ਰਿਫ਼ਤਾਰ ਕਰ ਲਿਆ ।

ਇਨ੍ਹਾਂ ਕੋਲੋਂ ਤਲਾਸ਼ੀ ਲੈਣ 'ਤੇ 2 ਕਿੱਲੋ 717 ਗ੍ਰਾਮ ਹੈਰੋਇਨ, ਇੱਕ ਪਿਸਤੌਲ, ਇੱਕ ਮੈਗਜ਼ੀਨ ਅਤੇ ਇੱਕ ਮੋਬਾਇਲ ਫੋਨ ਬਰਾਮਦ ਹੋਇਆ। ਉਨ੍ਹਾਂ ਦੱਸਿਆ ਕਿ ਐਨਡੀਪੀਐਸ ਐਕਟ ਤਹਿਤ ਮੁਕੱਦਮਾ ਦਰਜ ਕਰਕੇ ਜਦੋਂ ਤਸਕਰਾਂ ਤੋਂ ਪੁੱਛਗਿੱਛ ਕੀਤੀ ਗਈ ਤਾਂ ਤਸਕਰ ਪ੍ਰਤਾਪ ਸਿੰਘ ਦੀ ਨਿਸ਼ਾਨਦੇਹੀ 'ਤੇ ਪੁਲਿਸ ਨੇ 19 ਕਿੱਲੋ 578 ਗ੍ਰਾਮ ਹੈਰੋਇਨ ਹੋਰ ਬਰਾਮਦ ਕੀਤੀ ।

ਸਨੇਹਦੀਪ ਸ਼ਰਮਾ ਨੇ ਦੱਸਿਆ ਕਿ ਇਸ ਨਸ਼ਾ ਤਸਕਰੀ ਗਿਰੋਹ ਤੋਂ ਕੁੱਲ 22 ਕਿੱਲੋ 295 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ । ਉਨ੍ਹਾਂ ਦੱਸਿਆ ਕਿ ਬੀਐਸਐਫ ਦੀ 99ਵੀਂ ਬਟਾਲੀਅਨ ਨੇ ਇਸ ਪੁਲਿਸ ਕਾਰਵਾਈ 'ਚ ਫਿਰੋਜ਼ਪੁਰ ਪੁਲਿਸ ਨੂੰ ਪੂਰਾ ਸਹਿਯੋਗ ਦਿੱਤਾ ।

ਡੀਆਈਜੀ ਅਤੇ ਐੱਸਐਸਪੀ ਫਿਰੋਜ਼ਪੁਰ ਨੇ ਦੱਸਿਆ ਕਿ ਤਸਕਰ ਮਲੂਕ ਸਿੰਘ ਖ਼ਿਲਾਫ਼ ਪਹਿਲਾਂ ਵੀ 11 ਕਿੱਲੋ ਹੈਰੋਇਨ ਬਰਾਮਦਗੀ ਦਾ ਅਤੇ ਤਿੰਨ ਹੋਰ ਮੁਕੱਦਮੇ ਦਰਜ ਹਨ ਅਤੇ ਪੁਲਸ ਵੱਲੋਂ ਫੜ੍ਹੇ ਗਏ ਨਸ਼ਾ ਤਸਕਰਾਂ ਦੇ ਪਿਛਲੇ ਅਤੇ ਅਗਲੇ ਲਿੰਕ ਟਰੇਸ ਕੀਤੇ ਜਾ ਰਹੇ ਹਨ ਅਤੇ ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਇਹ ਤਸਕਰ ਪਾਕਿਸਤਾਨ ਤੋਂ ਪਹਿਲਾਂ ਕਿੰਨੀ ਹੈਰੋਇਨ ਮੰਗਵਾ ਚੁੱਕੇ ਹਨ ਅਤੇ ਕਿੱਥੇ-ਕਿੱਥੇ ਸਪਲਾਈ ਕਰ ਚੁੱਕੇ ਹਨ ਅਤੇ ਇਸ ਗਿਰੋਹ ਦੇ ਕਿਹੜੇ ਵੱਡੇ ਨਸ਼ਾ ਤਸਕਰਾਂ ਨਾਲ ਸਬੰਧ ਹਨ ?

## ਤੇਜ਼ ਰ.ਫਤਾਰ ਸਕਾਰਪੀਓ ਦਰੱਖ਼ਤ ਨਾਲ ...

ਇਹ ਹਾਦਸਾ ਵਾਪਰ ਗਿਆ। ਟੱਕਰ ਇੰਨੀ ਜ਼ਬਰਦਸਤ ਸੀ ਕਿ ਗੱਡੀ ਦੇ ਪਰਖੱਚੇ ਉੱਡ ਗਏ।

ਹਾਦਸੇ ਵਿੱਚ ਜਾਨ ਗੁਆਉਣ ਵਾਲੇ ਨੌਜਵਾਨਾਂ ਦੀ ਪਛਾਣ ਅੰਕੁਸ਼, ਸਾਗਰ, ਦੀਪਕ, ਸਾਹਿਲ (ਵਾਸੀ ਪਿੰਡ ਖੜਵਾਲੀ) ਅਤੇ ਗੋਲੂ (ਵਾਸੀ ਪਿੰਡ ਘੁਸਕਾਨੀ) ਵਜੋਂ ਹੋਈ ਹੈ। ਇਨ੍ਹਾਂ ਸਾਰਿਆਂ ਦੀ ਉਮਰ 22 ਤੋਂ 27 ਸਾਲ ਦੇ ਦਰਮਿਆਨ ਹੈ। ਜ਼ਖ਼ਮੀਆਂ 'ਚ ਅੰਕਿਤ, ਮੋਹਿਤ ਤੇ ਸਾਗਰ ਨੂੰ ਇਲਾਜ ਲਈ ਪੀਜੀਆਈ ਖਾਨਪੁਰ ਵਿੱਚ ਭਰਤੀ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਜਾਰੀ ਹੈ।

ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ । ਪੁਲਿਸ ਅਨੁਸਾਰ, ਗੱਡੀ ਦੀ ਰਫ਼ਤਾਰ ਬਹੁਤ ਜ਼ਿਆਦਾ ਸੀ, ਜਿਸ ਕਾਰਨ ਚਾਲਕ ਸੰਤੁਲਨ ਗੁਆ ਬੈਠਾ ਅਤੇ ਗੱਡੀ ਸਿੱਧੀ ਦਰੱਖਤ ਵਿੱਚ ਜਾ ਵੱਜੀ । ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ ਅਤੇ ਪੁਲਸ ਵੱਲੋਂ ਮਾਮਲੇ ਦੀ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਸੁਖਬੀਰ ਬਾਦਲ ਵੱਲੋਂ ਮਹਿੰਦਰ ...

ਕੌਂਸਲਰ ਅਤੇ ਜ਼ਿਲ੍ਹਾ ਪਰਿਸ਼ਦ ਮੈਂਬਰ ਪਰਮਜੀਤ ਰੇਡੂ ਵੀ ਹਲਕਾ ਇੰਚਾਰਜ ਰਹੇ ਪਰ ਉਨ੍ਹਾਂ ਨੇ 2022 ਦੀਆਂ ਚੋਣਾਂ ਤੋਂ ਬਾਅਦ ਅਸਤੀਫਾ ਦੇ ਦਿੱਤਾ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਇਹ ਸੀਟ ਬਸਪਾ ਦੇ ਹਿੱਸੇ ਆਈ ਸੀ ਕਿਉਂਕਿ ਅਕਾਲੀ ਦਲ ਦਾ ਬਸਪਾ ਨਾਲ ਗਠਜੋੜ ਹੋ ਗਿਆ ਸੀ ।

ਕੇਪੀ ਦੀ ਨਿਯੁਕਤੀ ਦਾ ਫੈਸਲਾ ਅਕਾਲੀ ਦਲ (ਦਿਹਾਤੀ) ਜਲੰਧਰ ਦੇ ਪ੍ਰਧਾਨ ਬਚਿੱਤਰ ਸਿੰਘ ਕੋਹਾੜ ਅਤੇ ਉਨ੍ਹਾਂ ਦੇ ਸਾਥੀ ਗੁਰਨੇਕ ਢਿੱਲੋਂ ਵੱਲੋਂ ਪਾਰਟੀ ਵਰਕਰਾਂ ਨਾਲ ਕੀਤੀਆਂ ਗਈਆਂ ਕਈ ਮੀਟਿੰਗਾਂ ਤੋਂ ਬਾਅਦ ਲਿਆ ਗਿਆ ਹੈ । ਦੱਸਿਆ ਜਾ ਰਿਹਾ ਹੈ ਕਿ ਸੁਖਬੀਰ ਸਿੰਘ ਬਾਦਲ ਨੇ ਇਹ ਨਾਂ ਤੈਅ ਕਰਨ ਤੋਂ ਪਹਿਲਾਂ ਕਰਤਾਰਪੁਰ ਦੇ ਪਿੰਡ ਪੱਤੜ ਕਲਾਂ ਵਿੱਚ ਰਹਿਣ ਵਾਲੇ ਆਪਣੀ ਧੀ ਦੇ ਸਹੁਰਾ ਪਰਿਵਾਰ ਤੋਂ ਵੀ ਫੀਡਬੈਕ ਲਈ ਸੀ । ਹਾਲਾਂਕਿ ਇਹ ਪਰਿਵਾਰ ਰਾਜਨੀਤੀ ਤੋਂ ਦੂਰ ਹੈ ਪਰ ਪਾਰਟੀ ਸੂਤਰਾਂ ਅਨੁਸਾਰ ਉਨ੍ਹਾਂ ਦੀ ਰਾਏ ਨੂੰ ਅਹਿਮੀਅਤ ਦਿੱਤੀ ਗਈ ਹੈ। ਸ਼ੁੱਕਰਵਾਰ ਦੀ ਮੀਟਿੰਗ ਤੋਂ ਬਾਅਦ ਸੁਖਬੀਰ ਬਾਦਲ ਖੁਦ ਪੱਤੜ ਕਲਾਂ ਵੀ ਗਏ।

## ਕਲਾਨੌਰ ਦਾ ਗੁਰਕੀਰਤ ਸਿੰਘ ਸ਼ਮਸ਼ਾਨਘਾਟ 'ਚੋਂ ਨਸ਼ੇ ਸਮੇਤ ਫੜਿਆ, ਕਾਂਗਰਸੀ ਲੀਡਰਾਂ ਨਾਲ ਫੋਟੋਆਂ ਆਈਆਂ ਸਾਹਮਣੇ: ਚੀਮਾ

### ਕਿਹਾ, ਨਸ਼ਾ ਤਸਕਰ ਜਾਂ ਤਾਂ ਪੰਜਾਬ 'ਚੋਂ ਭੱਜ ਰਹੇ ਜਾਂ ਜੇਲ੍ਹਾਂ 'ਚ ਜਾ ਰਹੇ, ਮਾਨ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਇੱਕ ਕਾਫ਼ਲਾ ਬਣੀ

**ਦਸਨਸ**

**ਚੰਡੀਗੜ੍ਹ/14 ਫਰਵਰੀ:** ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਕਿਹਾ ਕਿ ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਇੱਕ ਹੋਰ ਵੱਡੀ ਸਫਲਤਾ ਮਿਲੀ ਹੈ, ਜਦੋਂ ਗੁਰਦਾਸਪੁਰ ਜਿਲ੍ਹੇ ਦੇ ਕਲਾਨੌਰ ਦਾ ਰਹਿਣ ਵਾਲਾ ਗੁਰਕੀਰਤ ਸਿੰਘ ਕਥਿਤ ਤੌਰ 'ਤੇ ਸਮਸਾਨਘਾਟ (ਕ੍ਰੀਮੇਸਨ ਗਰਾਊਂਡ) ਦੇ ਅੰਦਰ ਨਸੇ ਕਰਦਾ ਫੜਿਆ ਗਿਆ। ਚੀਮਾ ਨੇ ਕਿਹਾ ਕਿ ਇਸ ਮੁਲਜਮ ਦਾ ਸਿੱਧਾ ਸਬੰਧ ਕਾਂਗਰਸ ਪਾਰਟੀ ਨਾਲ ਜੁੜਦਾ ਹੈ ਅਤੇ ਫੜੇ ਗਏ ਵਿਅਕਤੀ ਦੀਆਂ ਕਾਂਗਰਸ ਦੇ ਵੱਖ-ਵੱਖ ਵੱਡੇ ਲੀਡਰਾਂ ਨਾਲ ਫੋਟੋਆਂ ਵੀ ਸਾਹਮਣੇ ਆਈਆਂ ਹਨ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਜਾਣਦਾ ਹੈ ਕਿ ਜਦੋਂ ਸੂਬੇ ਵਿੱਚ ਅਕਾਲੀ ਦਲ-ਭਾਜਪਾ ਦਾ ਰਾਜ ਸੀ ਜਾਂ ਕਾਂਗਰਸ ਪਾਰਟੀ ਦਾ ਰਾਜ ਰਿਹਾ, ਉਸ ਸਮੇਂ



ਪੰਜਾਬ ਵਿੱਚ ਨਸ਼ਿਆਂ ਦਾ ਹੜ੍ਹ ਵਗਾਇਆ ਗਿਆ। ਅੱਜ ਲਗਾਤਾਰ ਬਹੁਤ ਸਾਰੇ ਅਜਿਹੇ ਲੋਕ ਫੜੇ ਜਾ ਰਹੇ ਹਨ ਜਿਨ੍ਹਾਂ ਦਾ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਨਾਲ ਸਬੰਧ ਰਿਹਾ ਹੈ। ਚੀਮਾ ਨੇ ਕਿਹਾ ਕਿ ਪੰਜਾਬ ਨੂੰ ਬਰਬਾਦ ਕਰਨ ਵਾਲੀਆਂ ਇਹ ਪਾਰਟੀਆਂ ਅੱਜ ਕੁਰਲਾ ਰਹੀਆਂ ਹਨ।

ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਨਸ਼ਿਆਂ ਦੇ ਖਿਲਾਫ ਲਗਾਤਾਰ ਚਲਾਈ ਜਾ ਰਹੀ ਮੁਹਿੰਮ ਨੂੰ ਕਾਮਯਾਬੀ ਮਿਲ ਰਹੀ ਹੈ। ਨਸਾ ਤਸਕਰ ਜਾਂ ਤਾਂ ਪੰਜਾਬ ਵਿੱਚੋਂ ਭੱਜ ਰਹੇ ਹਨ ਜਾਂ ਫਿਰ ਜੇਲ੍ਹਾਂ ਦੇ ਅੰਦਰ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜਿਹੜਾ ਵੀ ਵਿਅਕਤੀ ਨਸਾ ਕਰਦਾ ਫੜਿਆ ਜਾ ਰਿਹਾ ਹੈ, ਸਰਕਾਰ ਉਸ ਦਾ ਇਲਾਜ ਕਰ ਕੇ ਉਸ ਨੂੰ ਠੀਕ ਕਰ ਰਹੀ ਹੈ।

ਵਿੱਤ ਮੰਤਰੀ ਚੀਮਾ ਨੇ ਕਿਹਾ ਕਿ "ਸਾਡੀ ਇਸ ਸਫਲਤਾ ਨੂੰ ਪੰਜਾਬ ਦੇ ਲੋਕ ਭਰਵਾਂ ਹੁੰਗਾਰਾ ਦੇ ਰਹੇ ਹਨ ਅਤੇ ਇਹ ਅੱਜ ਪੰਜਾਬ ਵਿੱਚ ਇੱਕ ਕਾਫਲਾ ਬਣ ਗਿਆ ਹੈ।

ਲੱਖਾਂ ਲੋਕ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਨਾਲ ਇਸ ਕਰਕੇ ਜੁੜੇ ਹੋਏ ਹਨ ਕਿਉਂਕਿ ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ ਪੰਜਾਬ ਵਿੱਚੋਂ ਨਸ਼ਿਆਂ ਦਾ ਪੂਰੀ ਤਰ੍ਹਾਂ ਖਾਤਮਾ ਕਰਨ 'ਤੇ ਲੱਗੀ ਹੋਈ ਹੈ।"

## ਘਰ 'ਚੋਂ 17 ਲੱਖ ਰੁਪਏ ਦੇ ਸੋਨੇ ਦੇ ਗਹਿਣੇ ਤੇ ਹੋਰ ਸਾਮਾਨ ਚੋਰੀ

**ਹਰਮਨਬੀਰ ਸਿੰਘ ਮਲਹਾਰ**

**ਤਰਨ ਤਾਰਨ/14 ਫਰਵਰੀ:** ਬਲਾ ਟਾਂਕ ਕੁਸਤਰੀ ਸਥਿੱਤ ਗਲੀ ਕੈਪਟਨ ਗੁਰਚਰਨ ਸਿੰਘ ਵਾਲੀ ਨਿਵਾਸੀ ਸੁਖਦੇਵ ਸਿੰਘ ਦਾ ਪਰਿਵਾਰ ਆਪਣੇ ਲੜਕੇ ਭੁਪਿੰਦਰ ਸਿੰਘ ਦੇ ਵਿਆਹ ਸਮਾਗਮ ਵਿੱਚ ਨਵੇਂ ਮਕਾਨ ਵਿੱਚ ਰੁੱਝਿਆ ਹੋਇਆ ਸੀ ਕਿ ਤਾਲਾਬੰਦ ਮਕਾਨ ਦੇ ਸੀਸੀਟੀਵੀ ਕੈਮਰਿਆਂ ਦੀ ਤਾਰ ਕੱਟਣ ਤੋਂ ਬਾਅਦ ਚਾਰ ਦੋਸੀ ਤਾਲਾ ਤੋੜ ਕੇ ਘਰ ਵੇ ਦਾਖਲ ਹੋਏ ਜਿਨਾਂ ਨੇ ਕਰੀਬ 17 ਲੱਖ ਰੁਪਏ ਲਈ ਸੋਨੇ ਦੇ ਜੇਵਰਾਤ ਅਤੇ ਹੋਰ ਕੀਮਤੀ ਸਮਾਂ ਤੇ ਹੱਥ ਫੇਰ ਦਿੱਤਾ। ਇਸ ਘਟਨਾ ਪਰਿਵਾਰ ਵਿੱਚ ਕਾਫੀ ਸੋਕ ਦਾ ਮਾਹੌਲ ਪਾਇਆ ਜਾ ਰਿਹਾ ਹੈ।

ਸੁਖਦੇਵ ਸਿੰਘ ਨੇ ਦੱਸਿਆ ਕਿ ਉਹਨਾਂ ਨੇ ਕਾਫੀ ਮਿਹਨਤ ਕਰਕੇ ਸਹਿਰ ਦੇ ਬਾਈਪਾਸ ਨੇੜੇ ਇੱਕ ਨਵਾਂ ਮਕਾਨ ਬਣਾਇਆ ਸੁਖਦੇਵ ਸਿੰਘ ਨੇ ਆਪਣੇ ਲੜਕੇ ਭੁਪਿੰਦਰ ਸਿੰਘ ਦਾ ਵਿਆਹ ਤੈਅ ਕੀਤਾ ਸੀ ਅਤੇ ਵਿਆਹ ਦੀਆਂ ਸਾਰੀਆਂ ਰਸਮਾਂ ਨਵੇਂ ਮਕਾਨ ਵਿੱਚ ਪੂਰੀਆਂ ਕੀਤੀਆਂ। ਸੁਖਦੇਵ ਸਿੰਘ ਦੀ ਇੱਕ ਬੇਟੀ ਕਨੇਡਾ ਤੋਂ ਅਤੇ ਦੂਸਰੀ ਚੰਡੀਗੜ੍ਹ ਤੋਂ ਪਰਿਵਾਰ ਸਮੇਤ



ਆਈ ਸੁਕਰਵਾਰ ਨੂੰ ਭੁਪਿੰਦਰ ਸਿੰਘ ਦੇ ਵਿਆਹ ਦੀ ਉਹ ਸਾਰੀਆਂ ਰਸਮਾਂ ਪੂਰੀਆਂ ਹੋਈਆਂ। ਅੱਜ ਸਨੀਵਾਰ ਨੂੰ ਵਿਆਹ ਦੀ ਪਾਰਟੀ ਰੱਖੀ ਗਈ ਸੀ ਸੁਖਦੇਵ ਸਿੰਘ ਦੀ ਪਤਨੀ ਪ੍ਰੇਮ ਲਤਾ ਆਪਣੀ ਬੇਟੀ ਸੋਇਆ ਸਮੇਤ ਤਾਲਾਬੰਦ ਘਰ ਵਿੱਚ ਪਏ ਸੋਨੇ ਦੀ ਜੇਵਰਾਤ ਅਤੇ ਹੋਰ ਸਮਾਨ ਲੈਣ ਵਾਸਤੇ ਆਈ। ਉਹਨਾਂ ਦੇਖਿਆ ਕਿ ਜੀ ਬਾਹਰਲੀ ਗੇਟ ਦਾ ਤਾਲਾ ਟੁੱਟਿਆ ਪਿਆ ਸੀ। ਅੰਦਰ ਜਾ ਕੇ ਵੇਖਿਆ ਕਿ ਸਾਰੇ ਕਮਰਿਆਂ ਦਾ ਸਮਾਨ ਬੁਰੀ ਤਰ੍ਹਾਂ ਖਿਲ ਰਿਹਾ ਪਿਆ। ਜਾਂਚ ਕਰਨ ਤੇ ਪਤਾ ਲੱਗਾ ਕਿ ਦੋਸੀਆਂ ਨੇ ਸੁਖਦੇਵ ਸਿੰਘ ਦੀ ਨੋਂ ਨੂੰ ਪਾਏ ਜਾਣ ਵਾਲਾ ਸੋਨੇ ਦਾ ਸੈਟ ਅਤੇ ਦੋਵਾਂ ਲੜਕੀਆਂ ਦੇ ਸੋਨੇ ਦੇ ਜੇਵਰਾਤ ਪਾਸਪੋਰਟ ਕੀਮਤੀ ਘੜੀਆਂ ਮੋਬਾਈਲ ਫੋਨ ਅਤੇ ਹੋਰ ਸਮਾਨ ਚੋਰੀ ਕਰ ਲਿਆ। ਘਟਨਾ ਦਾ ਪਤਾ ਲੱਗਦਿਆਂ ਹੀ ਕੌਂਸਲਰ ਸਰਬਜੀਤ ਸਿੰਘ ਲਾਲੀ ,ਗੁਰਪ੍ਰੀਤ ਸਿੰਘ ਗੋਲਡੀ ਸਾਬਕਾ ਕੌਂਸਲਰ ਰਾਮ ਸਿੰਘ ਮੌਕੇ ਤੇ ਪੁੱਜੀ ਅਤੇ ਪੁਲਿਸ ਨੂੰ ਸੂਚਨਾ ਦਿੱਤੀ। ਥਾਣਾ ਸਿਟੀ ਦੇ ਮੁਖੀ ਇੰਸਪੈਕਟਰ ਨਵਦੀਪ ਭੱਟੀ ਮੌਕੇ ਤੇ ਪੁੱਜੇ ਅਤੇ ਗਲੀ ਵਿੱਚ ਲੱਗੇ ਸੀਸੀਟੀਵੀ ਕੈਮਰੇ ਦੀ ਫੁਟੇਜ ਕਬਜੇ ਵਿੱਚ ਲੈ ਕੇ ਮਾਮਲੇ ਦੀ ਪੜਤਾਲ ਸੁਰੂ ਕਰ ਦਿੱਤੀ ਉਹਨਾਂ ਦਾਅਵਾ ਕੀਤਾ ਕਿ ਦੋਸੀਆਂ ਨੂੰ ਜਲਦ ਗਿਰਫਤਾਰ ਕਰ ਲਿਆ ਜਾਵੇਗਾ।

## ਟਿੱਬਾ ਨੰਗਲ ਨੇੜੇ ਬਰੋਟਾ ਫਾਰਮ ਦੇ ਆਲੇ-ਦੁਆਲੇ ਤੇਂਦੁਆ ਦੇਖਿਆ

**ਬਲਵਿੰਦਰ ਰੈਤ, ਕੁਲਦੀਪ ਸ਼ਰਮਾ**

**ਨੂਰਪੁਰ ਬੇਦੀ/14 ਫਰਵਰੀ:** ਪਿੰਡ ਟਿੱਬਾ ਨੰਗਲ ਲਾਗੇ ਸਥਿਤ ਬਰੋਟਾ ਫਾਰਮ ਦੇ ਆਲੇ ਦੁਆਲੇ ਕਿਸੇ ਰਾਹਗੀਰ ਨੇ ਰਾਤ ਨੂੰ ਤੇਂਦੁਆ ਸੜਕ ਦੇ ਕਿਨਾਰੇ ਬੈਠਾ ਦੇਖਿਆ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਆਜਮਪੁਰ ਦੇ ਭੁਪਿੰਦਰ ਸਿੰਘ ਜੇ ਦੱਸਿਆ ਕਿ ਜੰਗਲੀ ਤੇਦੂਆ ਰਾਤ ਵੇਲੇ ਇਸ ਖੇਤਰ ਵਿੱਚ ਵਿਚਰਦਾ ਹੈ। ਇਸ ਲਈ ਲੋਕਾਂ ਨੂੰ ਰਾਤ ਬਰਾਤੇ ਸਕੂਟਰ ਮੋਟਰਸਾਈਕਲ ਜਾਂ ਪੈਦਲ ਜਾਣ ਵਿੱਚ ਸਾਵਧਾਨੀ ਵਰਤਣੀ ਚਾਹੀਦੀ ਹੈ। ਇਸ ਬਾਰੇ ਵਣ ਜੰਗਲਾਤ ਵਿਭਾਗ ਨੂੰ ਸੂਚਿਤ ਕੀਤਾ ਗਿਆ ਹੈ । ਉਹ ਰੂਪਨਗਰ ਦੇ ਡੀਐਫਓ ਵਲੋਂ ਤੇਦੂਆ ਨੂੰ ਫਾੜਨ ਲਈ ਟੀਮ ਭੇਜੀ ਜਾ ਰਹੀ ਹੈ ਜਿਨਾਂ ਨੇ ਜੰਗਲ ਵਿੱਚ ਪਿੰਜਰੇ ਲਗਾ ਦਿੱਤੇ ਹਨ! ਜੰਗਲਾਤ ਵਿਭਾਗ ਵੱਲੋਂ ਚੌਕਸੀ ਰੱਖੀ ਜਾ ਰਹੀ ਹੈ। ਜੰਗਲਾਤ ਵਿਭਾਗ ਅਧਿਕਾਰੀਆਂ ਨੇ ਇਲਾਕੇ ਦੇ ਲੋਕਾਂ ਨੂੰ ਰਾਤ ਦੇ ਸਮੇਂ ਇਸ ਖੇਤਰ ਵਿੱਚ ਨਾ ਜਾਣ ਲਈ ਅਪੀਲ ਜਾਰੀ ਕੀਤੀ ਹੈ। ਇਸ ਦੀ ਸੂਚਨਾ ਨੂਰਪੁਰ ਬੇਦੀ ਪੁਲਿਸ ਵਿਭਾਗ ਨੂੰ ਵੀ ਪ੍ਰਾਪਤ ਹੋ ਚੁੱਕੀ ਹੈ। ਸਥਾਨਿਕ ਐਸਐਚਓ ਰੋਹਿਤ ਸਰਮਾ ਨਾਲ ਵੀ



ਸੰਪਰਕ ਕੀਤਾ ਗਿਆ ਉਹਨਾਂ ਨੇ ਦੱਸਿਆ ਕਿ ਇਸ ਮਾਮਲੇ ਦੀ ਸੂਚਨਾ ਜੰਗਲਾਤ ਵਿਭਾਗ ਨੂੰ ਦਿੱਤੀ ਗਈ ਹੈ ਅਤੇ ਜੰਗਲਾਤ ਵਿਭਾਗ ਇਸ ਉੱਤੇ ਨਿਗਰਾਨੀ ਰੱਖ ਰਿਹਾ ਹੈ। ਉਹਨਾਂ ਨੇ ਵੀ ਇਲਾਕੇ ਦੇ ਲੋਕਾਂ ਨੂੰ ਇਸ ਖੇਤਰ ਵਿੱਚ ਰਾਤ ਵੇਲੇ ਇਕੱਲਿਆਂ ਜਾਣ ਤੋਂ ਸਾਵਧਾਨ ਕੀਤਾ ਹੈ।

## ਸੰਗਰੂਰ ਦੇ ਲੋਕਾਂ ਲਈ ਸੀਐਮ ਦੀ ਯੋਗਸ਼ਾਲਾ ਬਣੀ ਤੰਦਰੁਸਤ ਜੀਵਨਸ਼ੈਲੀ: ਗੀਤਾ ਦੇਵੀ



**ਹਰਜਿੰਦਰ ਦੁੱਗਾਂ**

**ਸੰਗਰੂਰ/14 ਫਰਵਰੀ:** ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੇ ਡ੍ਰੀਮ ਪ੍ਰੋਜੈਕਟ ਸੀ.ਐਮ. ਦੀ ਯੋਗਸਾਲਾ ਖਨੌਰੀ ਸਹਿਰ ਦੇ ਲੋਕਾਂ ਲਈ ਵਰਦਾਨ ਸਾਬਤ ਹੋ ਰਹੀ ਹੈ।

ਇਸ ਪ੍ਰੋਜੈਕਟ ਵਿੱਚ ਯੋਗ ਦੀਆਂ ਫਰੀ ਕਲਾਸਾਂ ਲਾਈਆਂ ਜਾ ਰਹੀਆਂ ਹਨ ਜਿਸ ਵਿੱਚ ਸੂਖਸਮ ਵਿਯਾਮ, ਸਥੂਲ ਵਿਯਾਮ, ਆਸਣ, ਧਿਆਨ, ਪ੍ਰਾਣਾਯਾਮ ਆਦਿ ਸਿਖਾਇਆ ਜਾਂਦਾ ਹੈ।

ਜਿਸ ਵਿੱਚ ਹਰ ਉਮਰ ਵਰਗ ਦੇ ਲੋਕ ਹਿੱਸਾ ਲੈ ਰਹੇ ਹਨ। ਯੋਗ ਕਰਨ ਨਾਲ ਸਰਵਾਈਕਲ, ਬੈਕ ਪੇਨ, ਸਟ੍ਰੈੱਸ, ਚਿੰਤਾ, ਜੋੜਾਂ ਦੇ ਦਰਦ, ਮੋਟਾਪਾ, ਹਾਈ-ਲੋਅ ਬਲੱਡ ਪ੍ਰੈਸਰ ਆਦਿ ਬਿਮਾਰੀਆਂ ਤੋਂ ਰਾਹਤ ਮਿਲ ਰਹੀ ਹੈ।

ਸੀ.ਐਮ. ਦੀ ਯੋਗਸਾਲਾ ਪ੍ਰੋਜੈਕਟ ਪੰਜਾਬ ਸਰਕਾਰ ਦਾ ਸਲਾਘਾਯੋਗ ਕਦਮ ਹੈ । ਜਿਸ ਵਿੱਚ ਯੋਗ ਇੰਸਟ੍ਰਕਟਰ ਗੀਤਾ ਦੇਵੀ ਲੋਕਾਂ ਨੂੰ ਸਿਹਤ ਸੰਬੰਧੀ ਜਾਗਰੂਕ ਕਰ ਰਹੇ ਹਨ ਅਤੇ ਵੱਖ ਵੱਖ ਥਾਂਵਾਂ ਤੇ ਰੋਜਾਨਾਂ ਯੋਗ ਦੀਆਂ ਕਲਾਸਾਂ ਲਗਾ ਰਹੇ ਹਨ, ਜਿਸ ਨਾਲ ਯੋਗ ਦੇ ਨਿਯਮਿਤ ਅਭਿਆਸ ਦੇ ਨਾਲ ਨਾਲ ਲੋਕਾਂ ਨੂੰ ਸਵਸਥ ਜੀਵਨ ਜਿਉਣ ਦੀ ਵੀ ਪ੍ਰੇਰਨਾ ਮਿਲ ਰਹੀ ਹੈ।

ਨਿਰਮਲ ਸਿੰਘ ਜਿਲ੍ਹਾ ਕੋਆਰਡੀਨੇਟਰ ਸੰਗਰੂਰ ਸੀ.ਐਮ.ਦੀ ਯੋਗਸਾਲਾ ਦੇ ਬਾਰੇ ਦੱਸਿਆ ਹੋਏ ਕਿਹਾ ਹੈ ਕਿ ਇਹ ਪ੍ਰੋਜੈਕਟ ਸਹਿਰ ਅਤੇ ਪਿੰਡ ਨਿਵਾਸੀਆਂ ਲਈ ਵਰਦਾਨ ਸਾਬਿਤ ਹੋ ਰਿਹਾ ਹੈ।

ਉਹਨਾਂ ਨੇ ਦੱਸਿਆਂ ਕਿ ਇਹ ਯੋਗਸਾਲਾ ਸੰਗਰੂਰ ਦੇ ਨਾਲ ਨਾਲ ਖਨੌਰੀ, ਸੁਨਾਮ, ਲਹਿਰਾ, ਦਿੜ੍ਹਬਾ, ਮੂਣਕ , ਭਵਾਨੀਗੜ੍ਹ ਅਤੇ ਧੂਰੀ ਵਿੱਚ ਵੀ ਚੱਲ ਰਹੀ ਹੈ।

ਲੋਕਾਂ ਨੂੰ ਰੋਜਾਨਾ ਯੋਗ ਦਾ ਸੱਦਾ ਦਿੰਦੇ ਹੋਏ ਜਿਲ੍ਹਾ ਕੋਆਰਡੀਨੇਟਰ ਨੇ ਕਿਹਾ ਕਿ ਯੋਗ ਦਾ ਭਰਪੂਰ ਲਾਭ ਲੈਣ ਲਈ ਟੋਲ ਫਰੀ ਨੰਬਰ 76694-00500 ਜਾਂ https://cmdiyogshala.punjab.gov.in... ਤੇ ਲਾਗ ਇਨ ਕੀਤਾ ਜਾ ਸਕਦਾ ਹੈ ।

## ਸਤਨਾਮ ਚੇਚੀ ਜਲਾਲਪੁਰ ਵੱਲੋਂ ਪਿੰਡ ਰਾਮ ਨਗਰ ਦੀ ਪੰਚਾਇਤ ਨੂੰ ਦਿੱਤੀ 1 ਲੱਖ ਰੁਪਏ ਦੀ ਗਰਾਂਟ

**ਅਵਤਾਰ ਸਿੰਘ ਧੀਮਾਨ**

**ਬਲਾਚੌਰ/14 ਫਰਵਰੀ:** ਆਮ ਆਦਮੀ ਪਾਰਟੀ ਦੇ ਸਹੀਦ ਭਗਤ ਸਿੰਘ ਨਗਰ ਤੋਂ ਜਿਲ੍ਹਾ ਪ੍ਰਧਾਨ ਤੇ ਜਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ ਵੱਲੋਂ ਆਪਣੇ ਅਖਤਿਆਰੀ ਕੋਟੇ ਵਿੱਚੋਂ ਅੱਜ ਪਿੰਡ ਰਾਮ ਨਗਰ ਦੀ ਪੰਚਾਇਤ ਨੂੰ ਖੇਡਾਂ ਦੇ ਸਮਾਨ ਅਤੇ ਓਪਨ ਜਿਮ ਲਈ 1 ਲੱਖ ਰੁਪਏ ਦਾ ਚੈੱਕ ਦਿੱਤਾ ਗਿਆ।

ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਉਹਨਾਂ ਨੇ ਦੱਸਿਆ ਕਿ ਪਿੰਡ ਦੀ ਪੰਚਾਇਤ ਵੱਲੋਂ ਉਹਨਾਂ ਨਾਲ ਮਿਲ ਕੇ ਪਿੰਡ ਦੇ ਨੌਜਵਾਨ ਬੱਚਿਆਂ ਲਈ ਜਿਮ ਅਤੇ ਖੇਡਾਂ ਦੇ ਸਮਾਨ ਦੇ ਲਈ ਗਰਾਂਟ ਦੀ ਮੰਗ ਕੀਤੀ ਸੀ, ਇਸ ਮੰਗ ਨੂੰ ਮੁੱਖ ਰੱਖਦਿਆਂ ਹੋਇਆਂ ਅੱਜ ਉਹਨਾਂ ਵੱਲੋਂ ਆਪਣੇ ਅਖਤਿਆਰੀ ਕੋਟੇ ਵਿੱਚੋਂ ਪਿੰਡ ਦੀ ਪੰਚਾਇਤ ਨੂੰ ਇਕ ਲੱਖ ਰੁਪਏ ਦਾ ਚੈੱਕ ਭੇਟ ਕੀਤਾ ਗਿਆ। ਇਸ ਮੌਕੇ ਤੇ ਉਹਨਾਂ ਨੇ ਕਿਹਾ ਕਿ ਜਿੱਥੇ ਪੰਜਾਬ ਸਰਕਾਰ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਹਰ ਸੰਭਵ ਯਤਨ ਕਰਨ ਤੇ ਲੱਗੀ ਹੋਈ ਹੈ ਉੱਥੇ ਹੀ ਸਰਕਾਰ



ਵੱਲੋਂ ਪਿੰਡ ਦੀਆਂ ਪੰਚਾਇਤਾਂ ਨੂੰ ਪਿੰਡ ਦੇ ਵਿਕਾਸ ਕਾਰਜਾਂ ਲਈ ਖੁੱਲੇ ਗੱਫੇ ਦਿੱਤੇ ਜਾ ਰਹੇ ਹਨ। ਸਤਨਾਮ ਜਲਾਲਪੁਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੀ ਸੱਤਾ ਵਿੱਚ ਆਉਣ ਤੋਂ ਪਹਿਲੇ ਦਿਨ ਤੋਂ ਹੀ ਪੰਜਾਬ ਦੀ ਵਿਕਾਸ ਲਈ ਵਚਨ ਵੱਧ ਹੈ।

ਪੰਜਾਬ ਸਰਕਾਰ ਵੱਲੋਂ ਸਹਿਰਾਂ ਦੇ ਮੁਕਾਬਲੇ ਪਿੰਡਾਂ ਦਾ ਵਿਕਾਸ ਜੰਗੀ ਪੱਧਰ ਤੇ ਕਰਵਾਇਆ ਜਾ ਰਿਹਾ ਹੈ ਉਹਨਾਂ ਨੇ ਦੱਸਿਆ ਕਿ ਸਰਕਾਰ ਵੱਲੋਂ ਕਈ ਪਿੰਡਾਂ ਵਿੱਚ ਗਰਾਊਂਡ ਵੀ ਬਣਾਉਣੇ ਸੁਰੂ ਕਰਵਾ ਦਿੱਤੇ ਗਏ ਹਨ। ਜਿਸ ਦਾ ਮੇਨ ਮਕਸਦ ਪਿੰਡ ਦੇ ਬੱਚੇ ਵੱਧ ਤੋਂ ਵੱਧ ਆਪਣਾ ਸਮਾਂ ਗਰਾਊਂਡ ਵਿੱਚ ਬਤੀਤ ਕਰਨ ਅਤੇ ਨਸ਼ਿਆਂ ਤੋਂ ਦੂਰ ਰਹਿਣ। ਪਿੰਡ ਦੀ ਪੰਚਾਇਤ ਵੱਲੋਂ ਸਤਨਾਮ ਜਲਾਲਪੁਰ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਤੇ ਸਰਪੰਚ ਪਰਮਜੀਤ ਕੌਰ, ਰੇਨੂੰ ਪੰਚ, ਚਰਨਜੀਤ ਕੌਰ ਪੰਚ ,ਵਿੰਦਰ ਕੌਰ ਪੰਚ, ਮਨਜੀਤ ਕੌਰ ਪੰਚ ,ਗੁਰਪ੍ਰੀਤ ਕੌਰ ਪੰਚ, ਕਿਰਨਦੀਪ ਕੌਰ ਪੰਚ ,ਬਲਵੀਰ ਮਾਣੇਵਾਲ ਤਹਿਸੀਲ ਪ੍ਰਧਾਨ,ਕਿਸਾਨ ਨੇਤਾ ਨਿਰਮਲ ਸਿੰਘ ਔਜਲਾ, ਮਨਦੀਪ ਕੁਮਾਰ ,ਬਲਦੇਵ ਸਿੰਘ ,ਰਘਵੀਰ ਸਿੰਘ, ਜੋਗੀ, ਬਲਬੀਰ ਸਿੰਘ, ਓਕਾਰ ਸਿੰਘ, ਜੀਤ ਰਾਮ ,ਸਤਪਾਲ ਸਿੰਘ ਮੌਜੂਦ ਸਨ।

## ਜ਼ੀਰਾ ਸ਼ਹਿਰ ਦੀਆਂ ਮਸ਼ਹੂਰ ਹਲਵਾਈਆਂ ਦੀਆਂ ਦੁਕਾਨਾਂ 'ਤੇ ਅਚਨਚੇਤ ਚੈਕਿੰਗ, ਘਟੀਆ ਖੋਏ ਤੇ ਪਨੀਰ ਦੇ ਭਰੇ ਸੈਂਪਲ

**ਹਰਨਾਮ ਸਿੰਘ ਵਧਾਵਨ**

**ਜੀਰਾ/14 ਫਰਵਰੀ:** ਭਾਰਤੀ ਕਿਸਾਨ ਯੂਨੀਅਨ ਕਾਦੀਆਂ ਵੱਲੋਂ ਕੁਝ ਦਿਨ ਪਹਿਲਾਂ ਅਨਾਜ ਮੰਡੀ ਜੀਰਾ ਵਿਖੇ ਕੀਤੀ ਗਈ ਮਹਾਂ ਪੰਚਾਇਤ ਦੇ ਦੌਰਾਨ ਸਥਾਨਕ ਸਹਿਰ ਵਿੱਚ ਕੁਝ ਦੁਕਾਨਦਾਰਾਂ ਵੱਲੋਂ ਵੇਚੇ ਜਾ ਰਹੇ ਖਾਣ ਪੀਣ ਦੇ ਨਕਲੀ ਸਮਾਨ ਅਤੇ ਮਿਲਾਵਟਖੋਰਾਂ ਨੂੰ ਚੇਤਾਵਣੀ ਦਿੱਤੇ ਜਾਣ ਦੇ ਬਾਵਜੂਦ ਆਪਣੀਆਂ ਹਰਕਤਾਂ ਤੋਂ ਬਾਜ ਨਾ ਆਉਣ ਤੇ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਵੱਲੋਂ ਸੂਬਾ ਕਾਰਜਕਾਰੀ ਮੈਂਬਰ ਦਰਸਨ ਸਿੰਘ ਮੀਹਾਂ ਸਿੰਘ ਵਾਲਾ ਦੀ ਟੀਮ ਵੱਲੋਂ ਸਿਹਤ ਵਿਭਾਗ ਫਿਰੋਜਪੁਰ ਦੇ ਅਧਿਕਾਰੀਆਂ ਦੇ ਸਹਿਯੋਗ ਨਾਲ ਸਥਾਨਕ ਸਹਿਰ ਦੇ ਪ੍ਰਸਿੱਧ ਨਾਮੀ ਹਲਵਾਈਆਂ ਸਮੇਤ ਇੱਕ ਡੇਅਰੀ ਅਤੇ ਕੁਝ ਹੋਰ ਹਲਵਾਈਆਂ ਦੀ ਦੁਕਾਨ ਤੋਂ ਸੈਂਪਲ ਭਰਵਾਏ ਜਾਣ ਤੇ ਇਲਾਕਾ ਨਿਵਾਸੀਆਂ ਨੇ ਕਾਫੀ ਰਾਹਤ ਮਹਿਸੂਸ ਕੀਤੀ ਹੈ। ਭਾਰਤੀ ਕਿਸਾਨ ਯੂਨੀਅਨ ਕਾਦੀਆਂ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਹਰ ਪਾਸਿਓਂ ਸਲਾਘਾ ਹੋ ਰਹੀ ਹੈ। ਇਸੇ ਸੰਬੰਧ ਵਿੱਚ ਸਥਾਨਕ ਸਹਿਰ ਦੇ ਕੁਝ ਕਰਿਆਨੇ ਦੇ



ਦੁਕਾਨਦਾਰਾਂ ਵੱਲੋਂ ਵੱਖ-ਵੱਖ ਕੰਪਨੀਆਂ ਦੇ ਵੇਚੇ ਜਾ ਰਹੇ 250 ਤੋਂ 400 ਪ੍ਰਤੀ ਕਿਲੋ ਦੇਸੀ ਘਿਓ ਖਰੀਦਦੇ ਸਮੇਂ ਯੂਨੀਅਨ ਦੇ ਨੁਮਾਇੰਦਿਆਂ ਵੱਲੋਂ ਦੁਕਾਨਦਾਰਾਂ ਨੂੰ ਆਨਲਾਈਨ ਪੇਮੈਂਟ ਕਰਨ ਅਤੇ ਉਨਾਂ ਦੀ ਮੌਕੇ ਤੇ ਵੀਡੀਓਗ੍ਰਾਫੀ ਕਰਨ ਤੋਂ ਬਾਅਦ ਸੰਬੰਧਿਤ ਦੁਕਾਨਦਾਰਾਂ ਦੇ ਵਿੱਚ ਹੜਕੰਪ ਮੱਚਿਆ ਹੋਇਆ ਹੈ। ਹੁਣ ਸੰਬੰਧਿਤ ਦੁਕਾਨਦਾਰ ਕਿਸੇ ਨਾ ਕਿਸੇ ਤਰਾਂ ਇਸ ਮਾਮਲੇ ਵਿੱਚੋਂ ਨਿਕਲਣ ਲਈ ਤਰਲੋ ਮੱਛੀ ਹੋ ਰਹੇ ਹਨ। ਭਰੋਸੇਯੋਗ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਨਕਲੀ ਦੇਸੀ ਘਿਓ ਵੇਚਣ ਦੇ ਸਟਿੰਗ ਆਪ੍ਰੇਸਨ ਵਿੱਚ ਕੁਝ ਦੁਕਾਨਦਾਰ ਦਾ ਥੋਕ ਅਤੇ ਪਰਚੂਨ ਦੇ ਕਰਿਆਨੇ ਦੇ ਪ੍ਰਸਿੱਧ ਦੁਕਾਨਦਾਰ ਹਨ। ਭਰੋਸੇਯੋਗ ਸੂਤਰਾਂ ਨੇ ਦੱਸਿਆ ਕਿ ਨਕਲੀ ਦੇਸੀ ਘਿਉ ਵੇਚਣ ਵਾਲੇ ਦੁਕਾਨਦਾਰਾਂ ਨੂੰ ਇਸ ਗੱਲ ਦਾ ਡਰ ਹੈ ਕਿ ਜੇਕਰ ਸਿਹਤ ਵਿਭਾਗ ਵੱਲੋਂ ਸੈਂਪਲ ਭਰਦੇ ਸਮੇਂ ਜਾਂ ਕਿਸੇ ਹੋਰ ਤਰ੍ਹਾਂ ਉਹਨਾਂ ਦੇ ਨਾਮ ਜਨਤਕ ਹੋ ਜਾਂਦੇ ਹਨ ਤਾਂ ਉਹਨਾਂ ਦੀ ਸਾਖ ਨੂੰ ਵੱਡਾ ਧੱਕਾ ਲੱਗਣ ਕਰਕੇ ਜਿੱਥੇ ਉਹਨਾਂ ਦੇ ਕਾਰੋਬਾਰ ਤੇ ਅਸਰ ਪਵੇਗਾ ਉੱਥੇ ਉਹਨਾਂ ਦਾ ਆਪਣੇ ਗ੍ਰਾਹਕਾਂ ਨੂੰ ਦਿੱਤਾ ਹੋਇਆ ਲੱਖਾਂ ਰੁਪਏ ਦਾ ਉਧਾਰ ਵੀ ਡੁੱਬਣ ਦਾ ਖਦਸਾ ਹੈ।

## ਪੈਨਸ਼ਨਰ ਐਸੋਸੀਏਸ਼ਨ ਵੱਲੋਂ ਯੁਜੀਸੀ ਕਾਨੂੰਨ ਦਾ ਵਿਰੋਧ



**ਸਤਨਾਮ ਸਿੰਘ**

**ਨੰਗਲ/14 ਫਰਵਰੀ:** ਪੰਜਾਬ ਐਸੋਸੀਏਸ਼ਨ ਨੰਗਲ ਵੱਲੋ ਮਹੀਨਾਵਾਰ ਮੀਟਿੰਗ ਤਰਸੇਮ ਲਾਲ ਸੈਣੀ ਦੀ ਪ੍ਰਧਾਨਗੀ ਹੇਠ ਪੰਡਤ ਰਾਮ ਕਿਸ਼ਨ ਭੜੋਲੀਆ ਭਵਨ ਵਿਖੇ ਹੋਈ ਜਿਸ ਵਿੱਚ ਮੋਦੀ ਸਰਕਾਰ ਵੱਲੋ ਬਣਾਏ ਯੁ.ਜੀ.ਸੀ ਕਾਨੂੰਨ ਦਾ ਵਿਰੋਧ ਕੀਤਾ ਗਿਆ ਤੇ ਇਸ ਕਾਨੂੰਨ ਨੂੰ ਕਾਲਾ ਕਾਨੂੰਨ ਘੋਸ਼ਿਤ ਕੀਤਾ ਗਿਆ ਵੱਖ ਵੱਖ ਆਗੂਆ ਨੇ ਕਿਹਾ ਕਿ ਇਸ ਕਾਨੂੰਨ ਦੇ ਨਾਲ ਸਾਡੇ ਬੱਚੇ ਜਾਤੀਵਾਦ ਦੇ ਨਾਮ ਤੇ ਲੜ ਕੇ ਮਰਨਗੇ ਉਨਾ ਕਿਹਾ ਕਿ ਭਾਰਤ ਦੀ ਜਨਤਾ ਨੂੰ ਜਾਤੀਵਾਦ ਦੇ ਨਾਮ ਤੇ ਲੜਾਕੇ ਮੋਦੀ ਸਰਕਾਰ ਵੱਲੋ ਸਿਧਾ ਪੁਜੀਪਤੀਆ ਨੂੰ ਲਾਭ ਪਹੁਚਾਇਆ ਜਾ ਰਿਹਾ ਹੈ ਤੇ ਦੇਸ ਨੂੰ ਮੁੜ ਗੁਲਾਮੀਵੱਲ ਧੱਕਿਆ ਜਾ ਰਿਹਾ ਹੈ।

ਇਸ ਮੀਟਿੰਗ ਦੇ ਵਿੱਚ ਪਰਮਜੀਤ ਸਿੰਘ ਪਲਾਸੀ, ਵੀਰ ਸਿੰਘ ਸੰਗਤਪੁਰ,ਜਰਨੈਲ ਸਿੰਘ ਸੰਧੂ,ਗੰਗਾ ਪ੍ਰਸ਼ਾਦ, ਦੌਲਤ ਰਾਮ ਮਜਾਰੀ, ਪ੍ਰਿਸੀਪਲ ਦੇਵ ਰਾਮ ਧਾਮੀ, ਹਰਜਾਪ ਸਿੰਘ ਪਲਾਸੀ, ਕਸ਼ਮੀਰੀ ਰਾਮ, ਸਵਰਨ ਦਾਸ, ਤਰਸੇਮ ਲਾਲ ਰੱਤੂ ਆਦਿ ਹਾਜਰ ਸਨ।

## ਸੀਸਰ ਕਾਂਸਲ ਬਣਿਆ ਪੰਜਾਬ ਦਾ ਸੱਭ ਤੋਂ ਤੇਜ਼ ਦੌੜਾਕ, ਅੰਤਰ ਜ਼ਿਲ੍ਹਾ ਖੇਡਾਂ 'ਚ ਕਾਂਸਲ ਸਕੂਲ ਨੇ 5 ਸੋਨ ਤਮਗੇ ਜਿੱਤੇ

**ਦਸਨਸ**

**ਨਵਾਂ ਗਾਂਓ/14 ਫਰਵਰੀ:** ਅੰਤਰ ਜਿਲ੍ਹਾ ਪ੍ਰਾਇਮਰੀ ਸਕੂਲ ਖੇਡਾਂ 2025-26 ਦੇ ਅਥਲੈਟਿਕਸ ਮੁਕਾਬਲੇ ਜੋ 13-14 ਫਰਵਰੀ ਨੂੰ ਗੋਬਿੰਦ ਨੈਸਨਲ ਕਾਲਜ ਨਾਰੰਗਵਾਲ , ਲੁਧਿਆਣਾ ਵਿਖੇ ਹੋਏ ,ਜਿਸ ਵਿੱਚ ਪੰਜਾਬ ਦੇ 23 ਜਿਲ੍ਹਿਆਂ ਦੇ ਜਿਲ੍ਹਾ ਜੇਤੂ ਖਿਡਾਰੀਆਂ ਨੇ ਭਾਗ ਲਿਆ। ਮੋਹਾਲੀ ਜਿਲੇ ਵੱਲੋਂ 18 ਐਥਲੀਟ ਇਸ ਖੇਡ ਮੇਲੇ ਵਿੱਚ ਜਿਲਾ ਸਿੱਖਿਆ ਅਫਸਰ (ਐਲੀਮੈਂਟਰੀ) ਜੀ ਦੀ ਰਹਿਨੁਮਾਈ ਹੇਠ ਸਾਮਿਲ ਹੋਏ ।ਜਿਸ ਵਿੱਚ ਮੁੰਡਿਆਂ ਦੇ ਵਰਗ ਵਿੱਚ 100 ਮੀਟਰ ,200,400,600 ਅਤੇ 4*100 ਮੀਟਰ ਰਿਲੇਅ ਦੌੜਾ ਵਿੱਚ ਗੋਲਡ ਮੈਡਲ ਜਿੱਤ ਕੇ ਆਪਣੇ ਜਿਲ੍ਹੇ ਦਾ ਨਾਂ ਪੂਰੇ ਪੰਜਾਬ ਵਿੱਚ ਰੌਸਨ ਕੀਤਾ। ਮੋਹਾਲੀ ਜਿਲੇ ਦੇ ਇਹ ਚਾਰ ਅਥਲੀਟ ਸਰਕਾਰੀ ਐਲੀਮੈਂਟਰੀ ਸਕੂਲ ਕਾਂਸਲ ਦੇ ਵਿਦਿਆਰਥੀ ਹਨ ।ਸਕੂਲ ਮੁਖੀ ਤੇ ਇਹਨਾਂ ਦੇ ਟਰੇਨਰ ਐਨ ਡੀ ਤਿਵਾੜੀ




ਨੇ ਦੱਸਿਆ ਕਿ ਪੰਜਾਬ ਦਾ ਸੱਭ ਤੋਂ ਤੇਜ ਦੌੜਾਕ ਸੀਸਰ ਰਾਵਤ ਬਣਿਆ ਜਿਸ ਨੇ 100 ,200 ਮੀਟਰ ਦੌੜ ਵਿੱਚ ਵਿੱਚ ਮੋਹਾਲੀ ਜਿਲ੍ਹੇ ਨੂੰ ਗੋਲਡ ਮੈਡਲ ਜਿੱਤ ਕੇ ਦਿੱਤੇ ।ਜਦੋਂ ਕਿ ਬਸੰਤ ਰਾਵਤ 400,600 ਦੌੜ ਵਿੱਚ ਗੋਲਡ ਮੈਡਲ ਜਿੱਤ ਕੇ ਮੋਹਾਲੀ ਜਿਲੇ ਦੀ ਝੋਲੀ ਵਿੱਚ ਪਾਏ ।ਰਿਲੇਅ ਦੌੜ ਦੇ ਗੋਲਡ ਮੈਡਲ ਜੇਤੂ ਬੱਚੇ ਬਸੰਤ,ਸੀਸਰ,ਸਚਿਨ ,ਰਾਹੁਲ ਨੇ ਪੰਜਵਾਂ ਮੈਡਲ ਮੋਹਾਲੀ ਜਿਲ੍ਹੇ ਨੂੰ ਜਿੱਤ ਕੇ ਦਿੱਤਾ ।ਇਸ ਮੌਕੇ ਕਾਂਸਲ ਸਕੂਲ ਦੇ ਗੁਰੇਕ ਸਿੰਘ ,ਧਰਮਿੰਦਰ ਠਾਕਰੇ ਸਮੇਤ ਸਕੂਲ ਸਟਾਫ ਲਗਾਤਾਰ ਬੱਚਿਆਂ ਦੀ ਪ੍ਰੈਕਟਿਸ ਤੇ ਡਾਈਟ ਵਿੱਚ ਲਗਾਤਾਰ ਆਪਣਾ ਰੋਲ ਨਿਭਾਉਂਦੇ ਰਹੇ ਇਹ ਸਕੂਲ ਲਗਾਤਾਰ 2014 ਤੋ ਮੋਹਾਲੀ ਜਿਲ੍ਹੇ ਨੂੰ ਮੈਡਲ ਜਿੱਤ ਕੇ ਦਿੰਦਾ ਰਿਹਾ ਹੈ 2018-19 ਦੀ ਬੈਸਟ ਅਥਲੀਟ ਵੀ ਇਸੇ ਸਕੂਲ ਦੀ ਸੀ ,ਆਨੰਦਪੁਰ ਸਾਹਿਬ ਸਟੇਟ ਖੇਡਾਂ ਵਿੱਚ ਵੀ ਨੈਸਨਲ ਕਬੱਡੀ ਗੋਲਡ ਜੇਤੂ ਮੁੰਡੇ ਕੁੜੀਆਂ ਵਿੱਚ ਇਸ ਸਕੂਲ ਦੇ ਖਿਡਾਰੀ ਸਾਮਿਲ ਸਨ ।ਸੈਸਨ 2024-25 ਦੀਆਂ ਸਟੇਟ ਖੇਡਾਂ ਪਟਿਆਲਾ ਵਿੱਚ ਵੀ ਇਸੇ ਸਕੂਲ ਨੇ ਸਟੇਟ ਖੇਡਾਂ ਵਿੱਚ ਦੋ ਗੋਲਡ ਤੇ ਇਕ ਸਿਲਵਰ ਮੋਹਾਲੀ ਜਿਲ੍ਹੇ ਦੀ ਝੋਲੀ ਵਿੱਚ ਪਾਏ ਸਨ ।ਇਸ ਮੌਕੇ ਰਚਨਾ ਮੈਡਮ ਪੀਟੀਆਈ ,ਰਾਜਨ ਕੰਬੋਜ ਤੜੋਲੀ, ਨੇਹਾ ਸੂਰੀ ਨਗਲਾ ਸਿਟੀ, ਗੁਲਜੀਤ ਸਿੰਘ ਸੈਂਟਰ ਹੈੱਡ,, ਸੁਖਵਿੰਦਰ ਕੌਰ ਕੁਰਾਲੀ, ਪ੍ਰਭਜੀਤ ਕੌਰ ਸਰਬਜੀਤ ਕੌਰ ਸੌਤਲ,ਰਣਵੀਰ ਕੌਰ ਮਦਨਹੇੜੀ,ਹਰਪ੍ਰੀਤ ਕੌਰ ਸੌਤਲ, ਹਰਵਿੰਦਰ ਸਿੰਘ, ਮਨਜੀਤ ਕੌਰ, ਮਨਪ੍ਰੀਤ ਕੌਰ, ਜਗਤਾਰ ਸਿੰਘ ਸਮੇਤ ਮੋਹਾਲੀ ਜਿਲੇ ਦੇ ਅਧਿਆਪਕ ਸਾਮਿਲ ਸਨ ।

## ਬੈਂਕਾਕ ਤੋਂ ਆਇਆ ਵਿਅਕਤੀ ਹਵਾਈ ਅਡੇ 'ਤੇ ਗਾਂਜੇ ਸਮੇਤ ਕਸਟਮ ਅਧਿਕਾਰੀਆਂ ਨੇ ਦਬੋਚਿਆ

**ਜੋਗਿੰਦਰ ਪਾਲ ਸਿੰਘ ਕੁੰਦਰਾ**

**ਅੰਮ੍ਰਿਤਸਰ/14 ਫਰਵਰੀ:** ਸਥਾਨਕ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸਟਰੀ ਹਵਾਈ ਅੱਡੇ 'ਤੇ ਕਸਟਮ ਵਿਭਾਗ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ ਉਨ੍ਹਾਂ ਨੇ ਨਸਾ ਤਸਕਰੀ ਦੇ ਇਕ ਮਾਮਲੇ ਦਾ ਪਰਦਾਫਾਸ ਕੀਤਾ। ਵਿਭਾਗ ਨੇ ਹਵਾਈ ਅੱਡੇ 'ਤੇ ਇਕ ਯਾਤਰੀ ਕੋਲੋਂ ਲਗਭਗ 1 ਕਰੋੜ 64 ਲੱਖ ਰੁਪਏ ਦੀ ਕੀਮਤ ਦਾ ਗਾਂਜਾ ਬਰਾਮਦ ਕੀਤਾ ਹੈ। ਮਿਲੀ ਜਾਣਕਾਰੀ ਅਨੁਸਾਰ ਗ੍ਰਿਫਤਾਰ ਕੀਤਾ ਗਿਆ ਵਿਅਕਤੀ ਬੈਂਕਾਕ ਤੋਂ ਅੰਮ੍ਰਿਤਸਰ ਹਵਾਈ ਅੱਡੇ 'ਤੇ ਪਹੁੰਚਿਆ ਸੀ।

ਇਸ ਦੌਰਾਨ ਜਦੋਂ ਅਧਿਕਾਰੀਆਂ ਵੱਲੋਂ ਉਸ ਦੀ ਤਲਾਸੀ ਲਈ ਗਈ ਤਾਂ ਉਸ ਦੇ ਕਬਜੇ ਵਿੱਚੋਂ 1 ਕਿਲੋ 654 ਗ੍ਰਾਮ ਗਾਂਜਾ ਬਰਾਮਦ ਹੋਇਆ। ਕਸਟਮ ਵਿਭਾਗ ਨੇ ਨਸੀਲੇ ਪਦਾਰਥ ਨੂੰ ਜਬਤ ਕਰ ਲਿਆ ਹੈ ਅਤੇ ਮੁਲਜਮ ਨੂੰ ਗ੍ਰਿਫਤਾਰ ਕਰਕੇ ਅਗਲੇਰੀ ਕਾਰਵਾਈ ਸੁਰੂ ਕਰ ਦਿੱਤੀ ਹੈ।

## ਗੰਨੇ ਦੀ ਭਰੀ ਟਰਾਲੀ-ਟ੍ਰੈਕਟਰ ਸੜਕ ਵਿਚਕਾਰ ਪਲਟੀ



**ਜਸਵਿੰਦਰ ਮਜਾਰਾ**

**ਕਾਠਗੜ੍ਹ/14 ਫਰਵਰੀ:** ਗੰਨੇ ਦੀ ਭਰੀ ਟਰਾਲੀ ਹਾਈਵੇ ਤੇ ਪਲਟਣ ਦਾ ਪਤਾ ਲੱਗਦਿਆਂ ਹੀ ਸੂਚਨਾ ਮਿਲਦੇ ਸਾਰ ਐਸ ਐਸ ਐਫ ਦੀ ਟੀਮ ਦੇ ਇੰਚਾਰਜ ਏਐਸਆਈ ਕੁਲਦੀਪ ਸਿੰਘ ਨੇ ਆਪਣੇ ਮੁਲਾਜਮਾਂ ਸਮੇਤ ਘਟਨਾ ਵਾਲੀ ਥਾਂ ਤੇ ਪਹੁੰਚ ਕੇ ਜਾਣਕਾਰੀ ਦਿੱਤੀ ਕਿ ਇਕ ਸੋਨਾਲੀਕਾ ਟਰੈਕਟਰ ਨੰਬਰ ਪੀ ਬੀ07 ਬੀ ਜੀ3083 ਗੰਨੇ ਦੀ ਭਰੀ ਟਰਾਲੀ ਨੂੰ ਚਾਹਤ ਪੁੱਤਰ ਹਰਮੇਸ ਲਾਲ ਵਾਸੀ ਐਮਾ ਚਾਹਲ ਥਾਣਾ ਕਾਠਗੜ੍ਹ ਚਲਾ ਕੇ ਬਲਾਚੌਰ ਤੋਂ ਰੋਪੜ ਸਾਈਡ ਜਾ ਰਿਹਾ ਸੀ। ਪਿੰਡ ਪਨਿਆਲੀ ਪਾਸ ਪਹੁੰਚਦਿਆਂ ਟ੍ਰੈਕਟਰ ਦਾ ਸੰਤੁਲਨ ਵਿਗੜਨ ਕਰਕੇ ਟ੍ਰੈਕਟਰ ਟਰਾਲੀ ਬੇਕਾਬੂ ਹੋ ਕੇ ਹਾਈਵੇ ਰੋਡ ਤੇ ਪਲਟ ਗਈ। ਜਿਸ ਕਰਕੇ ਰੋਡ ਤੇ ਟ੍ਰੈਫਿਕ ਪ੍ਰਭਾਵਿਤ ਹੋ ਗਈ। ਮੌਕੇ ਤੇ ਹਾਈਡਰਾ ਕਰੇਨ ਮੰਗਵਾ ਕੇ ਲੋਕਾਂ ਦੀ ਮੱਦਦ ਨਾਲ ਟਰਾਲੀ ਨੂੰ ਇਕ ਸਾਈਡ ਕਰਵਾ ਕੇ ਦੂਜੀ ਟਰਾਲੀ ਵਿੱਚ ਗੰਨਾ ਲੋਡ ਕਰਵਾ ਕੇ ਆਵਾਜਾਈ ਨਿਰਵਿਘਨ ਚਾਲੂ ਕਰਵਾ ਦਿੱਤੀ ਅਤੇ ਕੰਟਰੋਲ ਰੂਮ ਨੂੰ ਸੂਚਿਤ ਕਰ ਦਿੱਤਾ ਗਿਆ ਹੈ ।

## ਸੰਘਰਸ਼ੀ ਘੋਲਾਂ ਦਾ ਜਰਨੈਲ ਕਾਮਰੇਡ ਮਾਸਟਰ ਕਾਲੀਚਰਨ ਕੌਸ਼ਿਕ

**ਸੁਨਾਮ ਊਧਮ ਸਿੰਘ ਵਾਲਾ:** ਸੁਨਾਮ ਹਲਕੇ ਅੰਦਰ ਸੰਘਰਸੀ ਘੋਲਾਂ ਦੇ ਜਰਨੈਲ ਵੱਜੋ ਵੱਜੋਂ ਜਾਣੇ ਜਾਂਦੇ ਕਾਮਰੇਡ ਮਾਸਟਰ ਕਾਲੀਚਰਨ ਕੌਸ਼ਿਕ ਦਾ ਜਨਮ ਦਸੰਬਰ 1936 ਵਿੱਚ ਮਾਤਾ ਬਗੀਰਥੀ ਦੀ ਸੁਲੱਖਣੀ ਕੁੱਖੋਂ, ਪੰਡਿਤ ਸੰਤ ਰਾਮ ਦੇ ਘਰ ਹੋਇਆ। ਬੱਚਪਨ ਵਿੱਚ ਘਰਦਿਆਂ ਨੇ ਨਾਮ ਕਾਲੀਚਰਨ ਰੱਖਿਆ। ਕਮਜੋਰ ਆਰਥਿਕ ਹਾਲਤ ਦੇ ਚੱਲਦਿਆਂ ਜਿਵੇਂ ਤਿਵੇਂ ਦੱਸ ਜਮਾਤਾਂ ਕੀਤੀਆਂ ਤੇਂ ਕੁਝ ਦੇਰ ਟਿਊਬਵੈਲ ਕਾਰਪੋਰੇਸਨ ਵਿੱਚ ਨੌਕਰੀ ਕਰਨ ਉਪਰੰਤ ਆਪ ਸਰਕਾਰੀ ਅਧਿਆਪਕ ਭਰਤੀ ਹੋ ਗਏ। ਆਪ ਅਧਿਆਪਕਾਂ ਦੀ ਜਥੇਬੰਦੀ ਗੌਰਮਿੰਟ ਟੀਚਰ ਯੂਨੀਅਨ ਦੇ ਲੰਬਾ ਸਮਾਂ ਜ਼ਿਲ੍ਹਾ ਸੰਗਰੂਰ ਦੇ ਜਨਰਲ ਸਕੱਤਰ ਰਹੇ। ਉਸ ਸਮੇਂ ਅਧਿਆਪਕ ਯੂਨੀਅਨ ਦਾ ਵਿਭਾਗ ਵਿੱਚ ਵੱਡਾ ਪ੍ਰਭਾਵ ਹੁੰਦਾ ਸੀ । ਇੱਥੋਂ ਤੱਕ ਕਿ ਅਧਿਆਪਕਾਂ ਦੀਆਂ ਬਦਲੀਆਂ ਵੀ ਅਫਸਰਾਂ ਨੂੰ ਯੂਨੀਅਨ ਆਗੂਆਂ ਦੀ ਸਹਿਮਤੀ ਨਾਲ ਕਰਨੀਆਂ ਪੈਂਦੀਆਂ। ਗੌਰਮਿੰਟ ਟੀਚਰ ਯੂਨੀਅਨ (ਵਿਗਿਆਨਕ) ਵੱਲੋਂ ਲੰਬਾ ਸਮਾਂ ਅਧਿਆਪਕਾਂ ਦੇ ਅਧਿਕਾਰਾਂ ਲਈ ਲੜਦਿਆਂ ਆਪ ਅਧਿਆਪਕਾਂ ਅਤੇ ਲੋਕਾਂ ਵਿੱਚ ਮਾਸਟਰ ਜੀ ਦੇ ਨਾਂ ਨਾਲ ਸਤਿਕਾਰੇ ਜਾਣ ਲੱਗੇ ।

ਇਸ ਦੌਰਾਨ ਆਪ ਨੇ ਸਮਾਜ ਕਲਿਆਣ ਦਾ ਮਾਰਗ ਚੁਣਦਿਆਂ ਹਿੰਦ ਕਮਿਊਨਿਸਟ ਪਾਰਟੀ



(ਮਾਰਕਸਵਾਦੀ) ਦੀ ਪੱਕੀ ਮੈਂਬਰਸ਼ਿੱਪ ਹਾਸਲ ਕੀਤੀ ਅਤੇ ਉੱਘੇ ਕਮਿਊਨਿਸਟ ਆਗੂਆਂ ਕਾਮਰੇਡ ਹਰਕਿਸਨ ਸਿੰਘ ਸੁਰਜੀਤ, ਜਥੇਦਾਰ ਹਰਦਿੱਤ ਸਿੰਘ ਭੱਠਲ, ਕਾਮਰੇਡ ਚੰਦ ਸਿੰਘ ਚੌਪੜਾ, ਕਾਮਰੇਡ ਘੁੰਮਣ ਸਿੰਘ ਉਗਰਾਹਾਂ, ਕਾਮਰੇਡ ਜੰਗੀਰ ਸਿੰਘ ਕੌਲਸੇੜੀ ਆਦਿ ਨਾਲ ਕਮਿਊਨਿਸਟ ਲਹਿਰ ਦੇ ਹਰ ਸੰਘਰਸ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ।

ਆਪ ਮਾਰਕਸਵਾਦੀ ਪਾਰਟੀ ਦੇ ਰੋਜਾਨਾ ਪਰਚੇ ਦੇਸ ਸੇਵਕ ਦੇ ਆਖਰੀ ਸਾਹਾਂ ਤੱਕ ਨਿਡਰ ਅਤੇ ਨਿਰਪੱਖ ਪੱਤਰਕਾਰ ਰਹੇ ਅਤੇ ਲੋਕਾਂ ਦੇ ਮਸਲਿਆਂ ਨੂੰ ਮੀਡੀਏ ਵਿੱਚ ਥਾਂ ਦਿਵਾਉਂਦੇ ਰਹੇ। ਮਾਸਟਰ ਕਾਲੀਚਰਨ ਦਾ ਜੀਵਨ ਇੱਕ ਲੋਕਨਾਇਕ ਦਾ ਜੀਵਨ ਸੀ । ਉਹ ਲੋਕਾਂ ਦੇ ਦੁੱਖਸੁਖਾ ਦੇ ਸੰਗੀ ਰਹਿਣ ਕਰਕੇ ਆਪਣੇ ਵਾਰਡ ਦੇ ਨਗਰ ਕੌਂਸਲਰ ਵੀ ਚੁਣੇ ਗਏ ਅਤੇ ਸਹਿਰ ਵਿੱਚ ਵੱਡੀ ਪਛਾਣ ਹੋਣ ਕਰਕੇ ਨਗਰ ਕੌਂਸਲ ਨੇ ਉਨ੍ਹਾਂ ਦੇ ਮੁਹੱਲੇ ਦਾ ਨਾਂ ਸਰਕਾਰੀ ਤੌਰ 'ਤੇ ਮੁਹੱਲਾ ਕਾਲੀਚਰਨ ਨਾਂ ਦਿੱਤਾ ਜੋ ਅੱਜ ਵੀ ਅਧਿਕਾਰਤ ਤੌਰ 'ਤੇ ਨਾਂ 'ਤੇ ਜਾਣਿਆ ਜਾਂਦਾ ਹੈ। ਪਿਛਲੇ ਸਮੇਂ ਦੌਰਾਨ ਪੰਜਾਬ ਵਿਧਾਨ ਸਭਾ ਦੇ ਇਜਲਾਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਉਨਾ ਵੱਲੋਂ ਸਮਾਜ ਵਿੱਚ ਪਾਏ ਗਏ ਯੋਗਦਾਨ ਦਾ ਵਿਸੇਸ ਤੌਰ ਤੇ ਜ਼ਿਕਰ ਕੀਤਾ ਤੇ ਉਨ੍ਹਾਂ ਵੱਲੋਂ ਕੀਤੇ ਕੰਮਾਂ ਦੀ ਸਲਾਘਾ ਕੀਤੀ।

ਉਨ੍ਹਾਂ ਦੇ ਸਰਧਾਂਜਲੀ ਸਮਾਗਮ ਮੌਕੇ ਜੇ ਉਨ੍ਹਾਂ ਦੀ ਧਰਮ ਪਤਨੀ ਮਾਤਾ ਕੈਲਾਸ ਦੇਵੀ ਨੂੰ ਯਾਦ ਨਾ ਕਰਾਂਗੇ ਤਾਂ ਇਹ ਸਮਾਗਮ ਅਧੂਰਾ ਰਹੇਗਾ । ਕਾਮਰੇਡ ਕਾਲੀਚਰਨ ਕੌਸ਼ਿਕ ਲੋਕ ਸੰਘਰਸ ਨੂੰ ਆਪਣੇ ਜੀਵਨ ਦਾ ਵੱਡਾ ਹਿੱਸਾ ਕਦੇ ਵੀ ਸਮਰਪਿਤ ਨਾ ਕਰ ਪਾਉਂਦੇ ਜੇ ਉਨ੍ਹਾਂ ਦੀ ਜੀਵਨ ਸਾਥਣ ਕੈਲਾਸ ਦੇਵੀ ਦਾ ਸੱਚਾ ਸਾਥ ਨਾ ਹੁੰਦਾ । ਉਨ੍ਹਾਂ ਸ੍ਰੀਮਤੀ ਕੈਲਾਸ ਦੇਵੀ ਨੂੰ ਵੀ ਰਾਜਨੀਤਿਕ ਤੌਰ 'ਤੇ ਜਾਗਰੂਕ ਕਰਕੇ ਮਾਰਕਸੀ ਪਾਰਟੀ ਦੀ ਮੈਂਬਰ ਬਣਾ ਲਿਆ ਸੀ, ਉਹ ਵੀ ਪਾਰਟੀ ਵੱਲੋਂ ਸਮੇਂ ਸਮੇਂ ਵਿੱਢੇ ਜਾਂਦੇ ਸੰਘਰਸਾਂ ਵਿਚ ਸਾਮਲ ਹੁੰਦੇ ਰਹੇ । ਮਾਤਾ ਕੈਲਾਸ ਦੇਵੀ ਦਿਆਲੂ ਤੇ ਨਿਮਰ ਸੁਭਾਅ ਵਾਲੇ ਸਨ। ਘਰ ਆਉਣ ਵਾਲੇ ਪਾਰਟੀ ਕਾਮਰੇਡਾਂ ਅਤੇ ਲੋਕਾਂ ਦੀ ਆਓ ਭਗਤ ਵਿੱਚ ਉਨ੍ਹਾਂ ਕਦੇ ਮੱਥੇ ਵੱਟ ਨਹੀਂ ਪਾਇਆ ਸੀ।

### ਬਰਸੀ 'ਤੇ ਵਿਸ਼ੇਸ਼

15 ਫਰਵਰੀ 2026 ਨੂੰ ਮਾਸਟਰ ਕਾਲੀਚਰਨ ਕੌਸ਼ਿਕ ਅਤੇ ਉਨ੍ਹਾਂ ਦੀ ਜੀਵਨ ਸਾਥਣ ਸ੍ਰੀਮਤੀ ਕੈਲਾਸ ਦੇਵੀ ਦੀ ਨਿੱਘੀ ਯਾਦ ਨੂੰ ਸਮਰਪਿਤ ਸੀਪੀਆਈ(ਐਮ) ਦੀ ਜ਼ਿਲ੍ਹਾ ਇਕਾਈ ਅਤੇ ਮਾਸਟਰ ਕਾਲੀਚਰਨ ਕੌਸ਼ਿਕ ਦੇ ਸਮੂਹ ਪਰਿਵਾਰ ਵੱਲੋਂ ਸਥਾਨਕ ਕਾਮਰੇਡ ਘੁੰਮਣ ਭਵਨ ਵਿਖੇ ਸਰਧਾਂਜਲੀ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਪਾਰਟੀ ਆਗੂ ਤੇ ਵਰਕਰ ਉਨ੍ਹਾਂ ਨੂੰ ਸਰਧਾਂਜਲੀ ਭੇਟ ਕਰਨਗੇ ।

**-ਵਰਿੰਦਰ ਕੌਸ਼ਿਕ ਸੁਨਾਮ**

## ਹਲਕਾ ਮੌੜ ਦੇ ਪਿੰਡ ਸੰਦੋਹਾ 'ਚ 50 ਪਰਿਵਾਰ ਅਕਾਲੀ ਦਲ 'ਚ ਸ਼ਾਮਿਲ

**ਰਾਧੇ ਸ਼ਾਮ ਜੈਨ**

**ਮੌੜ ਮੰਡੀ/14 ਫਰਵਰੀ:** ਜਿਉਂ ਜਿਉਂ ਪੰਜਾਬ ਵਿਧਾਨ ਸਭਾ ਚੋਣਾਂ ਦਾ ਸਮਾਂ ਨਜਦੀਕ ਆਉਂਦਾ ਜਾ ਰਿਹਾ ਹੈ ਤਿਉਂ ਤਿਉਂ ਵਿਧਾਨ ਸਭਾ ਹਲਕਾ ਮੌੜ ਅੰਦਰ ਸ੍ਰੋਮਣੀ ਅਕਾਲੀ ਦਲ ਦੀ ਸਥਿਤੀ ਦਿਨੋ ਦਿਨ ਮਜਬੂਤ ਹੁੰਦੀ ਜਾ ਰਹੀ ਹੈ.ਅਤੇ ਆਏ ਦਿਨ ਹਲਕੇ ਦੇ ਪੇਂਡੂ ਲੋਕ ਸ਼੍ਰੋਮਣੀ ਅਕਾਲੀ ਦਲ ਦਾ ਪੱਲਾ ਫੜ ਰਹੇ ਹਨ। ਜਿਸ ਦੇ ਚਲਦੇ ਅੱਜ ਵਿਧਾਨ ਸਭਾ ਹਲਕਾ ਮੌੜ ਦੇ ਪਿੰਡ ਸੰਦੋਹੇ ਅੰਦਰ 50 ਦੇ ਕਰੀਬ ਪਰਿਵਾਰ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੂੰ ਛੱਡ ਕੇ ਸ੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਸਾਬਕਾ ਕੈਬਨਿਟ ਮੰਤਰੀ ਵਿਧਾਨ ਸਭਾ ਹਲਕਾ ਮੌੜ ਦੇ ਇੰਚਾਰਜ ਸਰਦਾਰ ਜਨਮੇਜਾ ਸਿੰਘ ਸੇਖੋਂ ਦੀ ਅਗਵਾਈ ਹੇਠ ਸ੍ਰੋਮਣੀ ਅਕਾਲੀ ਦਲ ਵਿੱਚ ਸਾਮਿਲ ਹੋ ਗਏ। ਵੱਖ-ਵੱਖ ਪਾਰਟੀਆਂ ਛੱਡ ਕੇ ਸ੍ਰੋਮਣੀ ਅਕਾਲੀ ਦਲ ਵਿੱਚ ਸਾਮਿਲ ਹੋਣ ਤੇ ਸਰਦਾਰ ਜਨਮੇਜਾ ਸਿੰਘ ਸੇਖੋਂ ਨੇ ਉਹਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਉਹਨਾਂ ਨੂੰ ਪਾਰਟੀ ਅੰਦਰ ਬਣ ਦਾ ਮਾਣ ਸਨਮਾਨ ਦਿੱਤਾ ਜਾਵੇਗਾ ਸਰਦਾਰ ਸੇਖੋਂ ਨੇ ਪੇਂਡੂ ਲੋਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦੇ ਕਿਹਾ ਕਿ ਪੰਜਾਬ ਦੇ ਸਰਬਪੱਖੀ ਵਿਕਾਸ ਅਤੇ ਤਰੱਕੀ ਲਈ ਪੰਜਾਬ ਅੰਦਰ ਖੇਤਰੀ ਪਾਰਟੀ ਸ੍ਰੋਮਣੀ ਅਕਾਲੀ ਦਲ ਦੀ ਸਰਕਾਰ ਦਾ ਬਣਨਾ ਅੱਜ ਸਮੇਂ ਦੀ ਵੱਡੀ ਲੋੜ ਹੈ. ਉਹਨਾਂ ਬੋਲਦਿਆਂ ਕਿਹਾ ਸ੍ਰੋਮਣੀ ਅਕਾਲੀ



ਦਲ ਵੱਲੋਂ ਜੋ ਵਾਅਦੇ ਪੰਜਾਬ ਦੇ ਲੋਕਾਂ ਨਾਲ ਕੀਤੇ ਜਾਂਦੇ ਹਨ ਸਰਕਾਰ ਬਣਨ ਤੇ ਉਹਨਾਂ ਵਾਅਦਿਆਂ ਨੂੰ ਹਰ ਹਾਲ ਵਿੱਚ ਪੂਰਾ ਕੀਤਾ ਜਾਂਦਾ ਹੈ। ਉਹਨਾਂ ਕਿਹਾ ਸ੍ਰੋਮਣੀ ਅਕਾਲੀ ਦਲ ਨੇ ਕਦੇ ਵੀ ਪੰਜਾਬ ਦੇ ਲੋਕਾਂ ਨਾਲ ਝੂਠੇ ਵਾਅਦੇ ਕਰਕੇ ਸਰਕਾਰ ਨਹੀਂ ਬਣਾਈ ਅਤੇ ਉਹ ਹੀ ਵਾਅਦੇ ਕਰਦੇ ਹਨ ਜੋ ਉਹਨਾਂ ਵੱਲੋਂ ਪੂਰੇ ਕੀਤੇ ਜਾ ਸਕਦੇ ਹੋਣ. ਉਹਨਾਂ ਕਿਹਾ ਪੰਜਾਬ ਅੰਦਰ ਸ੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ ਤੇ ਪੰਜਾਬ ਦੇ ਲੋਕਾਂ ਨੂੰ ਪਹਿਲਾਂ ਵਾਲੀਆਂ ਸਾਰੀਆਂ ਸਹੂਲਤਾਂ ਮੁਹਈਆ ਕਰਵਾਈਆਂ ਜਾਣਗੀਆਂ ਜੋ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੀ ਸਰਕਾਰਾ ਵੱਲੋਂ ਬੰਦ ਕਰ ਦਿੱਤੀਆਂ ਗਈਆਂ ਹਨ. ਕਾਂਗਰਸ ਅਤੇ ਆਮ ਆਦਮੀ ਪਾਰਟੀ ਛੱਡ ਕੇ ਸ੍ਰੋਮਣੀ ਅਕਾਲੀ ਦਲ ਵਿੱਚ ਸਾਮਿਲ ਹੋਣ ਵਾਲੇ ਪਿੰਡ ਸੰਦੋਹੇ ਦੇ ਵਾਸੀਆਂ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਜੋ ਆਟਾ ਦਾਲ ਅਤੇ ਹੋਰ ਸਕੀਮਾਂ ਸ੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਮਿਲਦੀਆਂ ਸਨ ਅੱਜ ਉਹ ਸਾਰੀਆਂ ਸਹੂਲਤਾਂ ਸਾਡੇ ਲਈ ਬੰਦ ਕਰ ਦਿੱਤੀਆਂ ਗਈਆਂ ਹਨ। ਉਹਨਾਂ ਕਿਹਾ ਸ੍ਰੋਮਣੀ ਅਕਾਲੀ ਦਲ ਦੀ ਸਰਕਾਰ ਤੋਂ ਉਹਨਾਂ ਨੂੰ ਬਹੁਤ ਉਮੀਦਾਂ ਹਨ ਇਸ ਕਰਕੇ ਉਹ ਸ੍ਰੋਮਣੀ ਅਕਾਲੀ ਦਲ ਵਿੱਚ ਸਾਮਿਲ ਹੋਏ ਹਨ। ਇਸ ਮੌਕੇ ਉਹਨਾਂ ਨਾਲ ਜਿਲ੍ਹਾ ਪਰਿਸਦ ਮੈਂਬਰ ਸਰਦਾਰ ਹਰਭਜਨ ਸਿੰਘ ਖਾਨਾ,ਸੀਨੀਅਰ ਅਕਾਲੀ ਆਗੂ ਕਾਕਾ ਹਰਵਿੰਦਰ ਸਿੰਘ ਬੁਰਜ, ਸਰਕਲ ਜਥੇਦਾਰ ਸੁਖਦੇਵ ਸਿੰਘ ਲੀਲਾ ਸਾਬਕਾ ਸਰਪੰਚ ਖਾਨਾ,ਸਰਕਲ ਜਥੇਦਾਰ ਅੰਮ੍ਰਿਤਪਾਲ ਸਿੰਘ ਹਨੀ,ਅਕਾਲੀ ਦਲ ਦੇ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਗੁਰਮੇਲ ਸਿੰਘ ਖਾਨਾ, ਗੁਰਬਚਨ ਸਿੰਘ ਬਾਬੇ ਕਾ, ਸਾਬਕਾ ਨਗਰ ਕੌਂਸਲ ਪ੍ਰਧਾਨ ਸੁਖਚੈਨ ਸਿੰਘ, ਆਦ ਮੌਜੂਦ ਸਨ।

# ਰੂਸ ਤੇ ਚੀਨ ਦੀ ਤਰ੍ਹਾਂ ਭਾਰਤ ਲਈ ਅਮਰੀਕਾ ਸਾਹਮਣੇ ਡਟਣਾ ਮੁਸ਼ਕਲ ?

**-ਡਾ. ਸਵਰਾਜ ਸਿੰਘ**

ਭਾਰਤ ਅਤੇ ਅਮਰੀਕਾ ਦਰਮਿਆਨ ਜੋ ਵਾਪਰ ਰਿਹਾ ਹੈ ਉਸ ਤੋਂ ਇਹ ਪ੍ਰਭਾਵ ਪੈਂਦਾ ਹੈ ਕਿ ਭਾਰਤ ਲਈ ਰੂਸ ਅਤੇ ਚੀਨ ਦੀ ਤਰ੍ਹਾਂ ਅਮਰੀਕਾ ਦੇ ਸਾਹਮਣੇ ਖੜ੍ਹ ਜਾਣਾ ਮੁਸ਼ਕਲ ਹੈ। ਖਾਸ ਕਰਕੇ ਅਮਰੀਕਾ ਦੇ ਦਬਾਅ ਹੇਠ ਭਾਰਤ ਦਾ ਰੂਸ ਤੋਂ ਤੇਲ ਦੀ ਖਰੀਦ



ਘਟਾਉਣ ਦਾ ਫ਼ੈਸਲਾ ਭਾਰਤ ਦੀ ਕਮਜ਼ੋਰੀ ਦਰਸਾਉਂਦਾ ਹੈ। ਭਾਰਤ ਨੂੰ ਰੂਸ ਸਸਤਾ ਤੇਲ ਵੇਚ ਰਿਹਾ ਸੀ। ਭਾਰਤ ਇਹ ਤੇਲ ਕਿਸੇ ਵੀ ਹੋਰ ਦੇਸ਼ ਤੋਂ ਖਰੀਦੇ ਉਸ ਨੂੰ ਜ਼ਿਆਦਾ ਕੀਮਤ ਦੇਣੀ ਪਏਗੀ। ਕੀ ਭਾਰਤ ਕੋਲ ਇਹ ਹੱਕ ਨਹੀਂ ਕਿ ਉਹ ਕੋਈ ਚੀਜ਼ ਜਿਥੋਂ ਉਸ ਨੂੰ ਸਭ ਤੋਂ ਸਸਤੀ ਮਿਲ ਰਹੀ ਹੈ ਖਰੀਦ ਸਕੇ? ਇਸੇ ਤਰ੍ਹਾਂ ਅਮਰੀਕਾ ਭਾਰਤ ਤੇ ਦਬਾਅ ਪਾ ਕੇ ਆਪਣੀਆਂ ਫਸਲਾਂ ਲਈ ਭਾਰਤੀ ਮੰਡੀ ਖੋਲ੍ਹਣਾ ਚਾਹੁੰਦਾ ਹੈ। ਅਮਰੀਕਾ ਵਿੱਚ ਕਿਸਾਨਾਂ ਨੂੰ ਫਸਲਾਂ ਉਗਾਣ ਵਾਸਤੇ ਸਰਕਾਰੀ ਸਹਾਇਤਾ ਮਿਲਦੀ ਹੈ। ਇਸ ਲਈ ਉਹ ਖੇਤੀ ਉਪਜਾਂ ਸਸਤੀਆਂ ਵੇਚ ਸਕਦੇ ਹਨ, ਭਾਰਤ ਕਿਸਾਨਾਂ ਲਈ ਉਸ ਕੀਮਤ 'ਤੇ ਉਪਜ ਵੇਚਣਾ ਮੁਸ਼ਕਲ ਹੈ। ਇਸ ਲਈ ਜੇ ਸਰਕਾਰ ਅਮਰੀਕਾ ਨੂੰ ਇਥੇ ਆਪਣੀਆਂ ਉਪਜਾਂ ਵੇਚਣ ਦੀ ਖੁਲ੍ਹ ਦੇ ਦਿੰਦੀ ਹੈ ਤਾਂ ਇਹ ਸਾਡੇ ਕਿਸਾਨਾਂ ਲਈ ਬਹੁਤ ਨੁਕਸਾਨ ਦੇਹ ਸਾਬਤ ਹੋ ਸਕਦਾ ਹੈ ਪਰੰਤੂ ਭਾਰਤ ਲਈ ਅਮਰੀਕੀ ਦਬਾਅ ਦਾ ਸਾਹਮਣਾ ਕਰਨਾ ਮੁਸ਼ਕਲ ਹੈ ਅਤੇ ਭਾਰਤ ਅਮਰੀਕਾ ਨਾਲ ਅਜਿਹੇ ਸਮਝੌਤੇ ਕਰ ਰਿਹਾ ਹੈ, ਜਿਹੜੇ ਭਾਰਤ ਅਤੇ ਭਾਰਤੀ ਲੋਕਾਂ ਦੇ ਬੁਨਿਆਦੀ ਹਿੱਤਾਂ ਦੇ ਅਨੁਕੂਲ ਨਹੀਂ ਹਨ।

ਦੂਜੇ ਪਾਸੇ ਜਦੋਂ ਅਸੀਂ ਇਹ ਦੇਖਦੇ ਹਾਂ ਕਿ ਰੂਸ ਅਤੇ ਚੀਨ ਕਿਵੇਂ ਅਮਰੀਕੀ ਦਬਾਅ ਦਾ ਸਾਹਮਣਾ ਕਰਦੇ ਹਨ ਤਾਂ ਇਹ ਪ੍ਰਭਾਵ ਪੈਂਦਾ ਹੈ ਕਿ ਰੂਸ ਅਤੇ ਚੀਨ ਅਮਰੀਕਾ ਨਾਲ ਸਮਝੌਤੇ ਕਰਨ ਲੱਗਿਆ ਆਪਣੇ ਬੁਨਿਆਦੀ ਹਿੱਤ ਸੁਰੱਖਿਅਤ ਰੱਖ ਸਕਦੇ ਹਨ। ਇਕ ਲੰਬੇ ਸਮੇਂ ਦਾ ਇਤਿਹਾਸਕ ਤਜ਼ਰਬਾ ਇਸ ਗੱਲ ਦੀ ਪੁਸ਼ਟੀ ਕਰ ਸਕਦਾ ਹੈ। 1972 ਵਿੱਚ ਜਦੋਂ ਅਮਰੀਕਾ ਦੇ ਪ੍ਰਧਾਨ ਰਿਚਰਡ ਨਿਕਸਨ ਦੇ ਚੀਨ ਜਾਣ ਦੀ ਇੱਛਾ ਜ਼ਾਹਿਰ ਕੀਤੀ ਤਾਂ ਚੀਨ ਨੇ ਕਿਹਾ ਕਿ ਅਜਿਹਾ ਤਾਂ ਹੀ ਹੋ ਸਕਦਾ ਹੈ ਜੇ ਅਮਰੀਕਾ ਇਹ ਐਲਾਨ ਕਰੇ ਕਿ ਤੈਵਾਨ ਚੀਨ ਦਾ ਹਿੱਸਾ ਹੈ ਅਤੇ ਅਸੀਂ ਸਿਰਫ਼ ਇਕ ਚੀਨ ਨੂੰ ਹੀ ਮਾਨਤਾ ਦਿੰਦੇ ਹਾਂ। ਨਿਕਸਨ ਨੂੰ ਇਹ ਐਲਾਨ ਚੀਨ ਜਾਣ ਤੋਂ ਪਹਿਲਾਂ ਕਰਨਾ ਪਿਆ। ਕੀ ਭਾਰਤ ਅਮਰੀਕਾ 'ਤੇ ਅਜਿਹਾ ਦਬਾਅ ਪਾ ਸਕਦਾ ਸੀ ? ਇਸੇ ਤਰ੍ਹਾਂ ਰੂਸ ਦੀ ਉਦਾਹਣ ਦਿੱਤੀ ਜਾ ਸਕਦੀ ਹੈ। ਟਰੰਪ ਰੂਸ ਅਤੇ ਯੂਕਰੇਨ ਯੁੱਧ ਖ਼ਤਮ ਕਰਵਾਉਣਾ ਚਾਹੁੰਦਾ ਹੈ ਪਰੰਤੂ ਰੂਸ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਯੁੱਧ ਤਾਂ ਹੀ ਖ਼ਤਮ ਹੋ ਸਕਦਾ ਹੈ ਜੇ ਉਸਦੀਆਂ ਬੁਨਿਆਦੀ ਸ਼ਰਤਾਂ ਮੰਨ ਲਈਆਂ ਜਾਣਗੀਆਂ। ਟਰੰਪ ਨੇ ਰੂਸ ਦੀਆਂ ਲਗਭਗ ਸਭ ਸ਼ਰਤਾਂ ਮੰਨ ਲਈਆਂ ਹਨ ਕੀ ਭਾਰਤ ਰੂਸ ਦੀ ਤਰ੍ਹਾਂ ਅਮਰੀਕਾ ਤੋਂ ਆਪਣੀਆਂ ਸ਼ਰਤਾਂ ਮੰਨਵਾ ਸਕਦਾ ਹੈ? ਇਹ ਗੱਲ ਬਿਲਕੁੱਲ ਸਪੱਸ਼ਟ ਹੈ ਕਿ ਭਾਰਤ ਅਜਿਹਾ ਕਰਨ ਦੇ ਸਮਰਥ ਨਹੀਂ ਹੈ। ਅਮਰੀਕਾ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਖੁੱਲਮ ਖੁੱਲਾ ਦਖ਼ਲ ਦਿੰਦਾ ਹੈ ਪਰੰਤੂ ਭਾਰਤ ਉਸ ਨੂੰ ਅਜਿਹਾ ਕਰਨ ਤੋਂ ਰੋਕਣ ਦੇ ਸਮੱਰਥ ਨਜ਼ਰ ਨਹੀਂ ਆ ਰਿਹਾ।

ਭਾਰਤ ਦੀ ਅਮਰੀਕਾ ਪ੍ਰਤੀ ਨੀਤੀ ਦੇ ਕੀ ਕਾਰਨ ਹਨ? ਸਾਨੂੰ ਇਸ ਗੱਲ ਨੂੰ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ ਮੁੱਖ ਤੌਰ 'ਤੇ ਇਹ ਕਾਰਨ ਭਾਰਤ ਦੇ ਇਤਿਹਾਸਕ ਤਜਰਬੇ, ਭਾਰਤ ਦੇ ਵਿਦਿਅਕ ਢਾਂਚੇ, ਪੱਛਮੀ




ਗੁਲਾਮ ਮਾਨਸਿਕਤਾ ਤੋਂ ਪੀੜ੍ਹਤ ਬੌਧਿਕ ਵਰਗ ਅਤੇ ਅਮਰੀਕਾ ਵੱਲੋਂ ਭਾਰਤ ਦੇ ਹਰ ਪੱਧਰ ਦੇ ਲੋਕਾਂ ਵਿੱਚ ਕੀਤੀ ਗਈ ਘੁਸਪੈਠ ਵਿੱਚ ਪਏ ਹਨ। ਇਨ੍ਹਾਂ ਵਿੱਚ ਹੁਣ ਇੱਕ ਹੋਰ ਵੱਡਾ ਤੱਥ ਸ਼ਾਮਲ ਹੋ ਗਿਆ ਹੈ , ਉਹ ਹੈ ਪਰਵਾਸ। ਵੱਡੇ ਪੱਧਰ 'ਤੇ ਪੱਛਮ ਅਤੇ ਪੱਛਮ ਦੇ ਸਿਰਕੱਢ ਦੇਸ਼ ਅਮਰੀਕਾ ਵੱਲ ਪਰਵਾਸ ਸਾਡੀ ਪੱਛਮ ਪ੍ਰਤੀ ਗੁਲਾਮ ਮਾਨਸਿਕਤਾ ਨੂੰ ਨਵੀਆਂ ਸਿਖਰਾਂ 'ਤੇ ਪਹੁੰਚਾ ਰਿਹਾ ਹੈ। ਪਰਵਾਸੀ ਜਾਂ ਜਿਨ੍ਹਾਂ ਦੇ ਬੱਚਿਆਂ ਨੇ ਪੱਛਮ ਵੱਲ ਪਰਵਾਸ ਕਰ ਲਿਆ ਹੈ ਉਹ ਸੁਚੇਤ ਜਾਂ ਅਚੇਤ ਤੌਰ 'ਤੇ ਅਮਰੀਕਾ (ਪੱਛਮ) ਦੇ ਵੱਡੇ ਪ੍ਰਸ਼ੰਸ਼ਕ ਅਤੇ ਵਫਾਦਾਰ ਬਣ ਜਾਂਦੇ ਹਨ। ਉਹ ਆਪਣਾ ਅਤੇ ਆਪਣੇ ਬੱਚਿਆਂ ਦਾ ਭਵਿੱਖ ਪੱਛਮ ਨਾਲ ਜੋੜ ਕੇ ਹੀ ਦੇਖਦੇ ਹਨ,। ਭਾਰਤ ਸਰਕਾਰ ਦੇ ਅਮਰੀਕਾ ਜਾਂ ਪੱਛਮੀ ਦੇਸ਼ਾਂ ਨਾਲ ਸੰਬੰਧਾਂ ਨੂੰ ਅੱਜ ਪਰਵਾਸੀ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਪ੍ਰਭਾਵਿੱਤ ਕਰ ਰਹੇ ਹਨ। ਪਰਵਾਸੀ ਭਾਵੇਂ ਲੱਖਾਂ ਵਾਰੀ ਇਹ ਕਹਿਣ ਕਿ ਅਸੀਂ ਅੱਜ ਵੀ ਦਿਲੋਂ ਭਾਰਤ ਨਾਲ ਜੁੜੇ ਹੋਏ ਹਾਂ ਅਤੇ ਅਸੀਂ ਇਹ ਚਾਹੁੰਦੇ ਹਾਂ ਕਿ ਭਾਰਤੀ ਸਰਕਾਰ ਅਜਿਹੇ ਫੈਸਲੇ ਲਏ ਜੋ ਭਾਰਤ ਅਤੇ ਭਾਰਤੀ ਲੋਕਾਂ ਦੇ ਬੁਨਿਆਦੀ ਹਿਤਾਂ ਦੇ ਅਨੁਕੂਲ ਹੋਣ ਪਰੰਤੂ ਸਚਾਈ ਬਹੁਤ ਵਾਰੀ ਇਸ ਤੋਂ ਉਲਟ ਹੁੰਦੀ ਹੈ। ਬਹੁਤ ਸਾਰੇ ਪਰਵਾਸੀ ਦਿਲੋਂ ਇਹ ਹੀ ਚਾਹੁੰਦੇ ਹਨ ਕਿ ਭਾਰਤ ਦੇ ਉਨ੍ਹਾਂ ਦੇਸ਼ਾਂ ਨਾਲ ਸਬੰਧ ਚੰਗੇ ਰਹਿਣ ਜਿਨ੍ਹਾਂ ਵਿੱਚ ਉਹ ਰਹਿ ਰਹੇ ਹਨ। ਭਾਰਤ ਦਾ ਰੂਸ ਤੇ ਚੀਨ ਵੱਲ ਝੁਕਣ ਦਾ ਉਹ ਸੁਚੇਤ ਜਾਂ ਅਚੇਤ ਤੌਰ 'ਤੇ ਵਿਰੋਧ ਕਰਦੇ ਹਨ। ਖਾਲਸਤਾਨੀ ਤੱਤ ਇਸ ਤੋਂ ਬਿਲਕੁਲ ਉਲਟ ਦਿਸ਼ਾ ਵੱਲ ਜਾਣਾ ਚਾਹੁੰਦੇ ਹਨ। ਉਹ ਆਪਣੇ ਰਾਜਨੀਤਕ ਅਤੇ ਆਰਥਿਕ ਮਨੋਰਥ ਭਾਰਤ ਦੇ ਅਮਰੀਕਾ ਅਤੇ ਪੱਛਮੀ ਦੇਸ਼ਾਂ ਨਾਲ ਟਕਰਾਅ ਵਿੱਚ ਹੀ ਪੂਰੇ ਹੁੰਦੇ ਦੇਖਦੇ ਹਨ। ਉਹ ਹਰ ਵੇਲੇ ਯਤਨਸ਼ੀਲ ਰਹਿੰਦੇ ਹਨ ਕਿ ਕਿਸੇ ਤਰ੍ਹਾਂ ਵੀ ਭਾਰਤ ਤੇ ਅਮਰੀਕਾ ਅਤੇ ਪੱਛਮੀ ਦੇਸ਼ਾਂ ਨਾਲ ਸਬੰਧਾਂ ਵਿੱਚ ਤਣਾਅ ਵਧੇ ਅਤੇ ਕਿਸੇ ਢੰਗ ਨਾਲ ਇਹ ਸਬੰਧ ਹੋਰ ਵਿਗੜਨ। ਪਰੰਤੂ ਸੱਚਾਈ ਇਹ ਹੈ ਕਿ ਪਰਵਾਸੀਆਂ ਵਿੱਚ ਵੀ ਇਹ ਲੋਕ ਬਹੁਤ ਥੋੜੀ ਗਿਣਤੀ ਵਿੱਚ ਹਨ। ਇਹ ਖਬਰਾਂ ਵਿੱਚ ਜ਼ਿਆਦਾ ਰਹਿੰਦੇ ਹਨ। ਇਸ ਨੂੰ ਅਸੀਂ ਅੰਗਰੇਜ਼ੀ 'ਚ ਵਿਜ਼ੀਬਲ ਮਾਈਨੋਰਿਟੀ ਕਹਿੰਦੇ ਹਾਂ।

ਪਰਵਾਸੀਆਂ ਦੀ ਵੱਡੀ ਬਹੁਗਿਣਤੀ ਇਹ ਹੀ ਚਾਹੁੰਦੀ ਹੈ ਕਿ ਭਾਰਤ ਦੇ ਅਮਰੀਕਾ ਅਤੇ ਪੱਛਮੀ ਦੇਸ਼ਾਂ ਨਾਲ ਸਬੰਧ ਚੰਗੇ ਰਹਿਣ ਅਤੇ ਭਾਰਤ ਦੀ ਨੀਤੀ ਅਮਰੀਕਾ ਤੇ ਪੱਛਮੀ ਦੇਸ਼ਾਂ ਵੱਲ ਝੁਕੀ ਰਹੇ। ਇਸ ਨਾਲ ਉਹ ਆਪਣਾ ਅਤੇ ਆਪਣੇ ਬੱਚਿਆਂ ਦਾ ਭਵਿੱਖ ਜ਼ਿਆਦਾ ਸੁਰੱਖਿਅਤ ਸਮਝਦੇ ਹਨ। ਉਹ ਚਾਹੇ ਮੂੰਹ ਜ਼ਬਾਨੀ ਰੂਸ, ਚੀਨ ਅਤੇ ਭਾਰਤ ਦੇ ਆਪਸ ਵਿੱਚ ਨੇੜੇ ਹੋਣ ਤੇ ਗੱਠਜੋੜ ਬਣਾਉਣ ਦਾ ਸਮਰਥਨ ਵੀ ਕਰਨ ਪਰੰਤੂ ਦਿਲੋਂ ਉਹ ਕੁੱਝ ਹੋਰ ਚਾਹੁੰਦੇ ਹਨ।

ਭਾਰਤ ਦੇ ਪੱਛਮ ਵੱਲ ਝੁਕਾਅ ਦਾ ਮੁੱਖ ਕਾਰਨ ਭਾਰਤ ਦੇ ਲੰਬੇ ਸਮੇਂ ਲਈ ਗੁਲਾਮੀ ਹੰਢਾਉਣ ਵਿੱਚ ਪਿਆ ਹੈ। ਪੁਰਾਤਨ ਸਮਿਆਂ ਤੋਂ ਹੀ ਭਾਰਤ ਤੇ ਬਾਹਰਲੇ ਧਾੜਵੀਆਂ ਨੇ ਹਮਲਾ ਕਰਕੇ ਉਸ ਨੂੰ ਗ਼ੁਲਾਮ ਬਣਾਇਆ। ਜੇ ਅਸੀਂ ਸੱਤਵੀਂ ਸਦੀ ਤੋਂ ਹੁਣ ਤੱਕ ਹੀ ਦੇਖੀਏ ਤਾਂ ਅਰਬਾਂ, ਪਠਾਣਾਂ, ਮੰਗੋਲਾਂ ਅਤੇ ਫਿਰ ਅੰਗਰੇਜ਼ਾਂ ਨੇ ਭਾਰਤ ਨੂੰ ਗੁਲਾਮ ਬਣਾਇਆ। ਇਸ ਲੰਮੇ ਸਮੇਂ ਦੀ ਗੁਲਾਮੀ ਨੇ ਭਾਰਤੀ ਮਾਨਸਿਕਤਾ ਨੂੰ ਬੁਨਿਆਦੀ ਤੌਰ 'ਤੇ ਹੀ ਗੁਲਾਮ ਮਾਨਸਿਕਤਾ ਵਿੱਚ ਬਦਲ ਦਿੱਤਾ। ਜੇ ਅਸੀਂ ਭਾਰਤ ਦੀ ਤੁਲਨਾ ਰੂਸ ਅਤੇ ਚੀਨ ਨਾਲ ਕਰਦੇ ਹਾਂ ਤਾਂ ਇਹ ਵੱਡਾ ਇਤਿਹਾਸਕ ਫਰਕ ਸਪੱਸ਼ਟ ਹੋ ਜਾਂਦਾ ਹੈ। ਉਨ੍ਹਾਂ ਦੇਸ਼ਾਂ ਨੇ ਭਾਰਤ ਵਰਗੀ ਗੁਲਾਮੀ ਨਹੀਂ ਹੰਢਾਈ। ਦੂਜਾ ਵੱਡਾ ਫਰਕ ਵਿਦਿਅਕ ਢਾਂਚੇ ਵਿੱਚ ਨਜ਼ਰ ਆ ਰਿਹਾ ਹੈ। ਭਾਰਤ ਦਾ ਮੌਜੂਦਾ ਵਿੱਦਿਅਕ ਢਾਂਚਾ ਨਾ ਸਿਰਫ ਪੱਛਮੀ ਪ੍ਰਤੀ ਗੁਲਾਮ ਮਾਨਸਿਕਤਾ ਦੀ ਉਪਜ ਹੈ, ਸਗੋਂ ਇਸ ਦਾ ਮੁੱਖ ਮਨੋਰਥ ਹੀ ਇਸ ਗੁਲਾਮ ਮਾਨਸਿਕਤਾ ਨੂੰ ਬਰਕਰਾਰ ਰੱਖਣਾ ਹੀ ਹੈ। ਇਸ ਵਿਦਿਅਕ ਢਾਂਚੇ ਵਿੱਚ ਵਿਕਸਿਤ ਹੋਈ ਬੌਧਿਕ ਜਮਾਤ ਵੀ ਸੁਚੇਤ ਜਾਂ ਅਚੇਤ ਤੌਰ 'ਤੇ ਪੱਛਮ ਪ੍ਰਤੀ ਗੁਲਾਮ ਮਾਨਸਿਕਤਾ ਤੋਂ ਮੁਕਤ ਨਹੀਂ ਹੋ ਸਕੀ। ਉਹ ਜ਼ਿਆਦਾਤਰ ਪੱਛਮੀ ਉਦਾਰਵਾਦ (ਵੈਸਟਰਨ ਲਿਬਰਲਿਜ਼ਮ) ਦੀ ਹੀ ਉਪਾਦਿਸ਼ਕ ਰਹੀ ਹੈ। ਸਮੁੱਚੇ ਤੌਰ 'ਤੇ ਭਾਰਤ ਦੇ ਬੌਧਿਕ ਵਰਗ ਨੇ ਕਦੇ ਵੀ ਪੂਰਬੀ ਚਿੰਤਨ ਨੂੰ ਗੰਭੀਰਤਾ ਨਾਲ ਨਹੀਂ ਲਿਆ।

ਪੱਛਮ ਪ੍ਰਤੀ ਗੁਲਾਮ ਮਾਨਸਿਕਤਾ ਦਾ ਇਕ ਹੋਰ ਕਾਰਨ ਅਮਰੀਕਾ ਵੱਲੋਂ ਭਾਰਤੀ ਸਮਾਜ ਵਿੱਚ ਵੱਡੇ ਪੱਧਰ 'ਤੇ ਕੀਤੀ ਘੁਸਪੈਠ ਹੈ। ਅਮਰੀਕਾ ਦੇ ਸਮਰਥੱਕ ਜੀਵਨ ਦੇ ਹਰ ਪੱਧਰ 'ਤੇ ਮਿਲ ਜਾਂਦੇ ਹਨ, ਭਾਵੇਂ ਵੱਡੇ ਵਪਾਰੀ ਹੋਣ, ਭਾਵੇਂ ਵਡੇ ਸਿਵਲ ਅਫ਼ਸਰ ਹੋਣ, ਭਾਵੇਂ ਫ਼ੌਜੀ ਅਫ਼ਸਰ ਹੋਣ ਅਤੇ ਭਾਵੇਂ ਯੂਨੀਵਰਸਿਟੀਆਂ ਦੇ ਪ੍ਰੋਫੈਸਰ ਹੋਣ। ਹਰ ਪੱਧਰ 'ਤੇ ਅਮਰੀਕਾ ਨੇ ਘੁਸਪੈਠ ਕਰਕੇ ਆਪਣੇ ਸਮਰਥੱਕ ਪੈਦਾ ਕੀਤੇ ਹੋਏ ਹਨ।

-ਮੋਬਾ: 98153-08460

**ਬਰਸੀ 'ਤੇ ਵਿਸ਼ੇਸ਼**

# .ਗਦਰੀ ਬਾਬਾ ਰੂੜ ਸਿੰਘ ਚੂਹੜਚੱਕ ਨੂੰ ਯਾਦ ਕਰਦਿਆਂ...

**-ਪਿਰਥੀਪਾਲ ਸਿੰਘ ਮਾੜੀਮੇਘਾ**


ਗ਼ਦਰੀ ਬਾਬਾ ਰੂੜ ਸਿੰਘ ਚੂਹੜਚੱਕ ਚੋਟੀ ਦੇ ਪੜ੍ਹੇ ਲਿਖੇ ਗ਼ਦਰੀਆਂ 'ਚੋਂ ਸਨ। ਇੰਨ੍ਹਾਂ ਦਾ ਪਿੰਡ ਚੂਹੜਚੱਕ ਜ਼ਿਲ੍ਹਾ ਮੋਗਾ ਵਿੱਚ ਹੈ। ਰੂੜ ਸਿੰਘ ਦਾ ਜਨਮ 1879 ਈ: ਵਿੱਚ ਆਪਣੀ ਮਾਤਾ ਕਾਹਨ ਕੌਰ ਤੇ ਪਿਤਾ ਸ: ਅਤਰ ਸਿੰਘ ਦੇ ਘਰ ਹੋਇਆ। ਆਪ ਚਾਰ ਭਰਾ ਸਨ। ਰੂੜ ਸਿੰਘ ਦੀ ਪਤਨੀ ਦਾ ਨਾਮ ਗਿਆਨ ਕੌਰ ਸੀ। ਬਾਬਾ ਰੂੜ ਸਿੰਘ ਦੀਆਂ ਤਿੰਨ ਧੀਆਂ ਅਤੇ ਇੱਕ ਪੁੱਤਰ ਜਿਸ ਦਾ ਜਨਮ 1905 ਵਿੱਚ ਹੋਇਆ ਸੀ।

ਗ਼ਦਰੀ ਰੂੜ ਸਿੰਘ ਨੇ ਮੁੱਢਲੀ ਪੜ੍ਹਾਈ ਪਿੰਡ ਤੋਂ ਲਈ। ਦਸਵੀਂ ਜਗਰਾਵਾਂ ਤੋਂ ਪਾਸ ਕੀਤੀ। ਇਹ ਉਹ ਸਮਾਂ ਸੀ ਜਦੋਂ 10 ਵੀਂ ਦੀ ਪੜ੍ਹਾਈ ਵੀ ਕੋਈ ਵਿਰਲਾ ਹੀ ਕਰਦਾ ਸੀ ਪਰ ਰੂੜ ਸਿੰਘ ਦੇ ਘਰਦਿਆਂ ਨੇ ਉਸ ਦੀ ਖਾਹਸ਼ ਨੂੰ ਵੇਖਦਿਆਂ ਲਾਹੌਰ ਤੋਂ ਐਫਏ ਦੀ ਵਿੱਦਿਆ ਵੀ ਦਵਾਈ ਸੀ। ਰੂੜ ਸਿੰਘ ਐਫਏ ਤੇ ਅਗਲੇਰੀ ਪੜ੍ਹਾਈ ਅਧਵਾਟੇ ਛਡ ਕੇ 1898 ਈ: ਵਿੱਚ ਆਸਟਰੇਲੀਆ ਚਲੇ ਗਏ। ਉਥੇ ਮਿਹਨਤ ਕਰਕੇ ਕਾਫੀ ਪੈਸਾ ਕਮਾਇਆ। ਰੂੜ ਸਿੰਘ ਨੇ ਵਾਪਸ ਆ ਕੇ ਬਹੁਤ ਵੱਡੀ ਹਵੇਲੀ ਤੇ ਜਰਮਨ ਕਾਰ ਖਰੀਦ ਲਈ। ਉਸ ਵੇਲੇ ਹਵੇਲੀ ਤੇ ਕਾਰ ਖਰੀਦਣੀ ਹਾਰੀ ਸਾਰੀ ਮਨੁੱਖ ਦੇ ਵੱਸ ਦੀ ਗੱਲ ਨਹੀਂ ਸੀ।

ਬਾਬਾ ਰੂੜ ਸਿੰਘ ਦੂਜੇ ਗੇੜ ਵਿੱਚ ਅਮਰੀਕਾ ਚਲੇ ਗਏ। ਬਾਬਾ ਜੀ ਨੇ ਗ਼ੁਲਾਮ ਦੇਸ਼ ਵਾਸੀਆਂ ਦਾ ਜੋ ਹਾਲ ਆਸਟਰੇਲੀਆ ਵਿੱਚ ਵੇਖਿਆ ਸੀ ਅਮਰੀਕਾ ਵਿੱਚ ਉਸ ਤੋਂ ਕਿਤੇ ਵਧੇਰੇ ਮਾੜਾ ਸੀ। ਰੂੜ ਸਿੰਘ ਨੇ ਵੇਖਿਆ ਕਿ ਗ਼ੁਲਾਮ ਲੋਕ ਤਾਂ ਪਸ਼ੂਆਂ ਸਮਾਨ ਹਨ। ਗ਼ੁਲਾਮ ਜ਼ਿੰਦਗੀ ਨੇ ਉਨ੍ਹਾਂ ਦੇ ਮਨ ਵਿੱਚ ਦੇਸ਼ ਨੂੰ ਆਜ਼ਾਦ ਕਰਾਉਣ ਦੇ ਵਿਚਾਰ ਪੈਦਾ ਕੀਤੇ। ਬਾਬਾ ਰੂੜ ਸਿੰਘ ਕੈਲੇਫੋਰਨੀਆਂ ਦੇ ਖੇਤਾਂ ਵਿੱਚ ਕੰਮ ਕਰਦੇ ਸਨ। ਉਨ੍ਹਾਂ ਨਾਲ ਕੰਮ ਕਰਦੇ ਕਿਰਤੀ ਉਨ੍ਹਾਂ ਨੂੰ ਆਪਣਾ ਆਗੂ ਮੰਨਦੇ ਸਨ। ਛੁੱਟੀ ਵਾਲੇ ਦਿਨ ਸਾਰੇ ਕਿਰਤੀ ਇਕੱਠੇ ਹੁੰਦੇ ਤੇ ਆਪਣੀਆਂ ਮੁਸੀਬਤਾਂ ਦੀ ਜੜ੍ਹ ਨੂੰ ਆਪਣੀ ਗ਼ੁਲਾਮੀ ਸਮਝਦੇ। ਇਹ ਵਿਚਾਰ ਕਰਦੇ ਕਿ ਸਾਨੂੰ ਦੇਸ਼ ਨੂੰ ਆਜ਼ਾਦ ਕਰਾਉਣ ਲਈ ਆਪਣੇ ਆਪ ਨੂੰ ਤਿਆਰ ਕਰਨਾ ਪਵੇਗਾ।

ਕੈਲੀਫੋਰਨੀਆ ਦੇ ਖੇਤਾਂ ਵਿੱਚ ਕੰਮ ਕਰਨ ਵਾਲਿਆਂ 'ਚ ਰੂੜ ਸਿੰਘ ਤੋਂ ਇਲਾਵਾ ਭਾਈ ਜਵਾਲਾ ਸਿੰਘ ਠੱਠੀਆਂ, ਸੰਤ ਵਿਸਾਖਾ ਸਿੰਘ ਦਦੇਹਰ, ਭਾਈ ਸੰਤੋਖ ਸਿੰਘ ਧਰਦਿਓ, ਪੰਡਤ ਜਗਤ ਰਾਮ, ਕਰਤਾਰ ਸਿੰਘ ਦੁੱਕੀ ਲਤਾਲਾ ਆਦਿ ਕਿਰਤੀਆਂ ਦੇ ਖਿਆਲ ਵੀ ਦੇਸ਼ ਦੀ ਆਜ਼ਾਦੀ ਲਈ ਕੰਮ ਕਰਨ ਵਾਲੇ ਸਨ। ਬਾਬਾ ਰੂੜ ਸਿੰਘ ਨੇ ਦੂਜੇ ਕਿਰਤੀ ਭਰਾਵਾਂ ਨਾਲ ਸਲਾਹ ਕਰਕੇ ਦਸੰਬਰ 1913 ਦੀਆਂ ਛੁੱਟੀਆਂ ਵਿੱਚ ਸੈਕਰਾਮੈਂਟ ਵਿਖੇ ਸਿਆਸੀ ਕਾਨਫਰੰਸ ਰੱਖ ਲਈ।

ਇਸ ਤੋਂ ਪਹਿਲਾਂ ਗ਼ਦਰ ਪਾਰਟੀ 21 ਅਪ੍ਰੈਲ 1913 ਨੂੰ ਅਸਟੋਰੀਆ ਵਿੱਚ ਹੋਂਦ ਵਿੱਚ ਆ ਚੁੱਕੀ ਸੀ। ਸੈਕਰਾਮੈਂਟ ਕਾਨਫਰੰਸ ਵਿੱਚ ਬਾਕੀਆਂ ਤੋਂ ਇਲਾਵਾ ਜਨਰਲ ਸਕੱਤਰ ਲਾਲਾ ਹਰਦਿਆਲ ਤੇ ਜਥੇਬੰਦਕ ਸਕੱਤਰ ਮੁਣਸ਼ੀ ਰਾਮ ਪਹੁੰਚੇ ਸਨ। ਇਸ ਕਾਨਫਰੰਸ ਵਿੱਚ ਅਮਰੀਕਾ ਪੱਧਰ ਦੀ ਪਾਰਟੀ ਬਣਾਉਣ ਲਈ ਕੈਲੇਫੋਰਨੀਆਂ ਵਾਲੇ ਬਾਬਾ ਜਵਾਲਾ ਸਿੰਘ ਠੱਠੀਆਂ ਮੀਤ ਪ੍ਰਧਾਨ ਅਤੇ ਇੰਤਜ਼ਾਮੀਆਂ ਕਮੇਟੀ ਵਿੱਚ ਬਾਬਾ ਰੂੜ ਸਿੰਘ ਚੂਹੜਚੱਕ, ਭਾਈ ਸੰਤੋਖ ਸਿੰਘ ਧਰਦਿਓ, ਪਿਰਥੀ ਸਿੰਘ, ਪੰਡਿਤ ਜਗਤ ਰਾਮ, ਹਰਿਆਣਾ, ਹਰਨਾਮ ਸਿੰਘ ਕੋਟਲਾ ਨੌਧ ਸਿੰਘ, ਕਰਮ ਸਿੰਘ ਚੀਮਾ, ਨਿਧਾਨ ਸਿੰਘ ਚੁੱਘਾ, ਸੰਤ ਵਿਸਾਖਾ ਸਿੰਘ ਦਦੇਹਰ ਨੂੰ ਲਿਆ ਗਿਆ। ਬਾਬਾ ਰੂੜ ਸਿੰਘ ਗ਼ਦਰ ਪਾਰਟੀ ਦੇ ਸੱਦੇ 'ਤੇ ਦਫ਼ਤਰ ਹੈਡਕੁਆਰਟਰ ਯੁਗਾਂਤਰ ਆਸ਼ਰਮ ਸਾਨਫਰਾਂਸਿਸਕੋ ਪਹੁੰਚ ਗਏ ਬਾਕੀ ਥਾਵਾਂ ਤੋਂ ਵੀ ਜ਼ਿੰਮੇਵਾਰ ਗ਼ਦਰੀ ਆਏ ਹੋਏ ਸਨ। ਮੀਟਿੰਗ ਵਿੱਚ ਲਗਾਤਾਰ ਕਈ ਦਿਨ ਵਿਚਾਰ ਕਰਨ ਤੋਂ ਬਾਅਦ ਫੈਸਲਾ ਹੋਇਆ 'ਕਰੋ ਜਾਂ ਮਰੋ'। ਐਲਾਨੇ ਜੰਗ ਦਾ ਐਲਾਨ 5 ਅਗਸਤ 1914 ਦੇ ਗ਼ਦਰ ਅਖ਼ਬਾਰ ਵਿੱਚ ਛਾਪ ਦਿੱਤਾ ਗਿਆ। ਇਸ ਫੈਸਲੇ ਨੂੰ ਲਾਗੂ ਕਰਨ ਲਈ 9 ਅਗਸਤ ਨੂੰ ਫਰੈਜਨੋ ਅਤੇ 10 ਅਗਸਤ ਨੂੰ ਸੈਕਰਾਮੈਂਟੋ ਵਿਖੇ ਕਾਨਫਰੰਸਾਂ ਕੀਤੀਆਂ ਗਈਆਂ।



ਸੈਕਰੋਮੈਂਟੋ ਕਾਨਫਰੰਸ ਵਿੱਚ ਮਰਨ ਮਿਟਣ ਵਾਸਤੇ 5000 ਹਜ਼ਾਰ ਹਿੰਦੀ ਸ਼ਾਮਲ ਹੋਏ ਜਿੰਨਾਂ ਵਿੱਚ ਮੁੱਖ ਤੌਰ 'ਤੇ ਪੰਜਾਬੀ ਸਨ।

ਬਾਬਾ ਰੂੜ ਸਿੰਘ ਅਮਰੀਕਾ ਤੋਂ ਹਿੰਦ ਨੂੰ ਚੱਲਣ ਵਾਲੇ ਪਹਿਲੇ ਜਥੇ ਵਿੱਚ ਆਏ ਸਨ। ਜਦੋਂ ਜਹਾਜ਼ ਪੀਨਾਂਗ ਤੋਂ ਅੱਗੇ ਨਾ ਚਲਾਇਆ ਜਾਵੇ ਤੇ ਗ਼ਦਰੀਆਂ ਨੇ ਪੀਨਾਂਗ ਵਿੱਚ ਹੀ ਗ਼ਦਰ ਕਰਨ ਲਈ ਚਾਰ ਟੋਲੀਆਂ ਬਣਾ ਲਈਆਂ। ਗ਼ਦਰੀਆਂ ਨੇ ਵਿਚਾਰ ਕੀਤਾ ਕਿ ਰੈਜੀਡੈਂਟ ਨੂੰ ਮਿਲਦੇ ਹਾਂ ਤੇ ਜੇ ਫਿਰ ਵੀ ਜਹਾਜ਼ ਨਾ ਤੋਰਿਆ ਤੇ ਅਗਲੇ ਦਿਨ ਗ਼ਦਰ ਸ਼ੁਰੂ ਕਰ ਦਿੱਤਾ ਜਾਵੇਗਾ। ਬਾਬਾ ਰੂੜ ਸਿੰਘ ਦੀ ਅਗਵਾਈ ਹੇਠ ਪੀਨਾਂਗ ਦੇ ਰੈਜੀਡੈਂਟ ਨੂੰ ਮਿਲਿਆ ਗਿਆ ਤੇ ਜਹਾਜ਼ ਸਰਕਾਰ ਨੇ ਤੋਰ ਦਿੱਤਾ। ਜਹਾਜ਼ ਸਿੰਘਾਪੁਰ ਰੁਕਿਆ ਤੇ ਬਾਬਾ ਰੂੜ ਸਿੰਘ ਨੇ ਆਪਣੇ ਗ਼ਦਰੀ ਸਾਥੀਆਂ ਨਾਲ ਸਿੰਘਾਪੁਰ ਵਿਖੇ ਹਿੰਦੀ ਸਿਪਾਹੀਆਂ ਨੂੰ ਗ਼ਦਰ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਬਾਅਦ ਵਿੱਚ ਮੁਸਲਮਾਨ ਪਲਟਣ ਨੇ ਬਹੁਤ ਤਕੜਾ ਗ਼ਦਰ ਵਿਦਰੋਹ ਕੀਤਾ ਜੋ ਇਤਿਹਾਸ ਵਿੱਚ ਦਰਜ ਹੈ। ਹਾਂਗਕਾਂਗ ਪਹੁੰਚ ਕੇ ਗ਼ਦਰੀਆਂ ਨੇ ਦੁਬਾਰਾ ਕਮੇਟੀ ਬਣਾਈ ਜਿਸ ਵਿੱਚ ਬਾਬਾ ਰੂੜ ਸਿੰਘ, ਪੰਡਿਤ ਜਗਤ ਰਾਮ, ਬਾਬਾ ਸ਼ੇਰ ਸਿੰਘ ਵੈਈਂਪੂਈਂ, ਨਿਧਾਨ ਸਿੰਘ ਚੁੱਘਾ,ਪਿਰਥੀ ਸਿੰਘ, ਸੱਜਣ ਸਿੰਘ ਅਤੇ ਨਵਾਬ ਖਾਨ ਸਨ।

ਬਾਬਾ ਰੂੜ ਸਿੰਘ ਦਾ ਜਹਾਜ਼ 29 ਅਕਤੂਬਰ 1914 ਨੂੰ ਕਲਕੱਤੇ ਲੱਗਾ। ਇਥੋਂ ਪੁਲਿਸ ਬਾਬਾ ਰੂੜ ਸਿੰਘ ਚੂਹੜਚੱਕ ਸਮੇਤ ਗਦਰੀਆਂ ਨੂੰ ਫੜ ਕੇ ਪੰਜਾਬ ਲੈ ਗਈ। ਬਾਬਾ ਰੂੜ ਸਿੰਘ ਨੂੰ ਸਾਧਾਰਨ ਵਿਅਕਤੀ ਸਮਝ ਕੇ ਜੇਲ੍ਹ ਚੋਂ ਰਿਹਾ ਕਰ ਦਿੱਤਾ ਗਿਆ। ਜਦੋਂ ਕਿ ਬਾਬਾ ਰੂੜ ਸਿੰਘ 18 ਚੋਟੀ ਦੇ ਗਦਰੀਆਂ ਵਾਲੀ ਲਿਸਟ ਵਿੱਚ ਸਨ। ਗ੍ਰਿਫਤਾਰੀਆਂ ਤੋਂ ਬਚ ਨਿਕਲੇ ਗਦਰੀਆਂ ਨੇ ਇੱਕ ਕੇਂਦਰ ਢੁੱਡੀਕੇ ਬਨਾਇਆ ਜਿਹੜਾ ਬਾਬਾ ਰੂੜ ਸਿੰਘ, ਈਸ਼ਰ ਸਿੰਘ ਢੁੱਡੀਕੇ, ਨਿਧਾਨ ਸਿੰਘ ਚੁੱਘਾ ਤੇ ਗਾਂਧਾ ਸਿੰਘ ਉਰਫ਼ ਕਚਰਭੰਨ ਦੀ ਅਗਵਾਈ ਹੇਠ ਚਲਦਾ ਸੀ। ਅੰਮ੍ਰਿਤਸਰ ਵੱਲੇ ਪੁਲ ਤੋਂ ਗਾਰਦ ਕੋਲੋਂ ਹਥਿਆਰ ਖੋਹਣ ਦੀ ਯੋਜਨਾ ਢੁੱਡੀਕੇ ਵਿਖੇ ਬਨੀ ਸੀ। ਬਾਬਾ ਰੂੜ ਸਿੰਘ ਨੂੰ ਅੰਗਰੇਜ਼ੀ ਹਕੂਮਤ ਨੇ 29 ਅਪ੍ਰੈਲ 1915 ਨੂੰ ਗ੍ਰਿਫਤਾਰ ਕਰ ਲਿਆ। ਪਹਿਲੇ ਲਾਹੌਰ ਸਾਜਿਸ਼ ਕੇਸ ਵਿੱਚ ਪਹਿਲਾਂ ਮੌਤ ਦੀ ਸਜਾ ਹੋਈ ਪਰ ਉਪਰਲੇ ਅਧਿਕਾਰੀ ਨੇ ਉਮਰ ਕੈਦ ਜਾਇਦਾਦ ਜਬਤ ਵਿੱਚ ਬਦਲ ਦਿੱਤੀ।

ਉਮਰ ਕੈਦ ਲਈ ਕਾਲੇ ਪਾਣੀ ਭੇਜਿਆ ਅਤੇ 1923 ਵਿੱਚ ਯਰਵਦਾ ਜੇਲ੍ਹ ਵਿੱਚ ਲਿਆ ਕੇ 1929 ਤੱਕ ਕੈਦ ਰੱਖਿਆ। ਰਿਹਾਈ ਤੋਂ ਬਾਅਦ ਬਾਬਾ ਰੂੜ ਨੇ ਕਿਸਾਨ ਸਭਾ, ਕਿਰਤੀ ਪਾਰਟੀ ਤੇ ਕਮਿਊਨਿਸਟ ਪਾਰਟੀ ਵਿੱਚ ਕੰਮ ਕੀਤਾ। ਆਪ 1936-37 ਦੀਆਂ ਪਹਿਲੀਆਂ ਵਿਧਾਨ ਸਭਾ ਚੋਣਾਂ ਵਿੱਚ ਬਿਨਾਂ ਮੁਕਾਬਲਾ ਚੁਣੇ ਗਏ। ਉਨ੍ਹਾਂ ਨੇ ਲੋਕ ਮਸਲਿਆਂ ਲਈ ਵਿਧਾਨ ਸਭਾ ਦੇ ਅੰਦਰ ਤੇ ਬਾਹਰ ਜੋਰਦਾਰ ਆਵਾਜ਼ ਉਠਾਈ। ਜਦੋਂ 1939 ਵਿੱਚ ਕਮਿਊਨਿਸਟ ਪਾਰਟੀ ਤੇ ਬੈਨ ਲੱਗਾ ਤੇ ਆਪ ਨੂੰ 'ਦਿਊਲੀ ਜੇਲ੍ਹ ਕੈਂਪ' ਵਿੱਚ ਕੈਦ ਰੱਖਿਆ ਸੀ। ਬਾਬਾ ਰੂੜ ਸਿੰਘ ਨੂੰ 15 ਸਾਲ ਦੇ ਕਰੀਬ ਹਕੂਮਤ ਨੇ ਜੇਲ੍ਹ ਵਿੱਚ ਕੈਦ ਰੱਖਿਆ। ਇਸ ਮਹਾਨ ਦੇਸ਼ ਭਗਤ ਦੀ ਮੌਤ 15 ਫਰਵਰੀ 1950 ਨੂੰ ਹੋਈ ਸੀ।

-ਮੋਬਾ: 98760-78731

# ਸਮਾਜਿਕ ਕਾਇਆ-ਕਲਪ ਦੀ ਜ਼ਰੂਰਤ !

**-ਬ੍ਰਹਮਜਗਦੀਸ਼ ਸਿੰਘ**

ਸਾਡੇ ਰਾਜਨੀਤਕ ਮਹਾਂ-ਪ੍ਰਭੂਆਂ ਦੀ ਕਮਅਕਲੀ, ਬੁੱਧੀਜੀਵੀਆਂ ਅਤੇ ਚਿੰਤਕਾਂ ਦੇ ਸਮਝੌਤਾਵਾਦ ਅਤੇ ਜਨ ਸਾਧਾਰਣ ਦੀ ਯਥਾਸਥਿਤੀਵਾਦੀ-ਸੋਚ ਦੇ ਕਾਰਨ ਸਾਡਾ ਦੇਸ਼ ਵਿਨਾਸ਼



ਦੀ ਡੂੰਘੀ ਖੱਡ ਦੇ ਉਸ ਕਿਨਾਰੇ ਤੱਕ ਪਹੁੰਚ ਚੁੱਕਾ ਹੈ, ਜਿੱਥੋਂ ਜੇ ਇਸ ਦਾ ਪੈਰ ਖਿੜਕ ਜਾਵੇ ਜਾਂ ਕੋਈ ਗ਼ੈਰ-ਸ਼ਕਤੀ ਇਸ ਨੂੰ ਜ਼ਰਾ ਜਿੰਨਾ ਧੱਕਾ ਵੀ ਮਾਰ ਦੇਵੇ ਤਾਂ ਇਹ ਪਤਾਲ ਦੀ ਉਸ ਡੂੰਘਾਣ ਵਿੱਚ ਜਾ ਡਿੱਗੇਗਾ, ਜਿੱਥੋਂ ਬਾਹਰ ਆਉਣ ਲਈ ਉਸ ਨੂੰ ਕਈ ਦਹਾਕਿਆਂ ਦਾ ਸਮਾਂ ਲੱਗ ਸਕਦਾ ਹੈ। ਇਹ ਕੇਹੀ ਵਿਡੰਬਨਾ ਹੈ ਕਿ ਜਿਸ ਦੇਸ਼ ਵਿੱਚ ਅੰਨ-ਧਨ ਦੇ ਵਸੀਲਿਆਂ ਦੀ ਕੋਈ ਘਾਟ ਨਾ ਹੋਵੇ, ਮਾਨਵੀ ਸਰੋਤ ਬੇਸ਼ੁਮਾਰ ਹੋਣ, ਕੁਦਰਤ ਅਤੇ ਕਾਦਰ ਵੀ ਮਿਹਰਬਾਨ ਰਹਿੰਦੇ ਹੋਣ। ਉਸ ਦੇਸ਼ ਦੀ ਆਰਥਿਕ ਸਥਿਤੀ ਵਿਸ਼ਵ ਦੇ ਡੇਢ ਸੌ ਤੋਂ ਵੱਧ ਮੁਲਕਾਂ ਤੋਂ ਮਾੜੀ ਹੋਵੇ! ਉਪਰੋਂ ਸਿਤਮ ਇਹ ਹੈ ਕਿ ਇਸ ਦੁਰਦਸ਼ਾ ਨੂੰ ਲੈ ਕੇ ਕੋਈ ਧਿਰ ਚਿੰਤਤ ਨਾ ਹੋਵੇ, ਧਾਰਮਿਕ ਗੁਰੂ, ਮੰਦਰਾਂ-ਮਸੀਤਾਂ ਵਿੱਚ ਸਦੀਆਂ ਪੁਰਾਣਾ ਘਰਾਟ-ਰਾਗ ਛੇੜੀ ਰੱਖਣ। ਵਿਸ਼ਵ ਵਿਦਿਆਲੇ ਅਤੇ ਸਕੂਲ-ਕਾਲਜ ਖਾਮੋਸ਼ ਰਹਿਣ ਅਤੇ ਬੁੱਧੀਜੀਵੀ ਵਰਗ ਆਪਣੇ-ਆਪਣੇ ਹਿੱਤ ਨਾਲ ਜੁੜੀਆਂ ਦਲੀਲਾਂ ਦੇ ਕੇ ਵਕਤ ਟਪਾਈ ਜਾਣ। ਇਹ ਨਾ ਸੋਚੇ ਕਿ ਵਰਤਮਾਨ ਦੌਰ ਬੇਹੱਦ ਸੰਕਟਗ੍ਰਸਤ ਹੋ ਚੁੱਕਾ ਹੈ। ਭੂਤਕਾਲ ਦੇ ਸੋਹਲੇ ਅਤੇ ਭਵਿੱਖਤ ਦੇ ਸੁਨਹਿਰੀ ਸੁਪਨਿਆਂ ਤੋਂ ਆਪਣੀ ਸੁਰਤ ਨੂੰ ਹਟਾ ਕੇ ਵਰਤਮਾਨ ਉਪਰ ਛਾਏ ਅਨ੍ਹੇਰਿਆਂ ਉਪਰ ਵਿਰਲਾਪ ਕੀਤਾ ਜਾਵੇ ਤਾਂ ਜੋ ਜਨ ਸਧਾਰਣ ਨੂੰ ਕੁਝ ਸੋਝੀ ਆਵੇ ਅਤੇ ਉਹ ਆਰ-ਪਾਰ ਦੀ ਲੜਾਈ ਲੜਨ ਵਾਸਤੇ ਤਤਪਰ ਹੋ ਜਾਵੇ।

ਪਿਛਲੇ ਦੋ-ਚਾਰ ਦਹਾਕਿਆਂ ਤੋਂ ਭਾਰਤ ਦੀ ਅਧੋਗਤੀ ਦੇ ਸਮਾਚਾਰ ਪੜ੍ਹਦਿਆਂ-ਸੁਣਦਿਆਂ ਘੱਟੋ-ਘੱਟ ਇਹ ਤਾਂ ਪ੍ਰਤੱਖ ਹੋ ਗਿਆ ਹੈ ਕਿ ਕਿਸੇ ਵੀ ਹੁਕਮਰਾਨ ਰਾਜਸੀ ਪਾਰਟੀ ਨੇ ਅਵਾਮ ਦਾ ਕਲਿਆਣ ਨਹੀਂ ਕਰਨਾ। ਇਹ ਪਾਰਟੀਆਂ ਪੂੰਜੀਪਤੀਆਂ ਪਾਸ ਗਿਰਵੀ ਪੈ ਚੁੱਕੀਆਂ ਹਨ। ਕਿਉਂਕਿ ਪਾਰਟੀ ਨੂੰ ਪ੍ਰਚਾਰ-ਪ੍ਰਸਾਰ ਵਾਸਤੇ ਮੋਟੀਆਂ ਰਕਮਾਂ ਚਾਹੀਦੀਆਂ ਹਨ, ਜਨ ਸਾਧਾਰਣ ਪਾਸ ਤਾਂ ਦੋ ਵਕਤ ਦੀ ਰੋਟੀ ਹਾਸਲ ਕਰਨ ਜੋਗੀ ਦੌਲਤ ਵੀ ਨਹੀਂ ਰਹੀ। ਉਹ ਭਾਂਤ-ਸੁਭਾਂਤੀ ਪਾਰਟੀਆਂ ਨੂੰ ਚੰਦੇ ਕਿੱਥੋਂ ਦੇਵੇ? ਸੋ ਲੈ ਦੇ ਕੇ ਪਾਰਟੀ ਨੂੰ ਪੂੰਜੀਪਤੀਆਂ ਦੇ ਮੂੰਹ ਵੱਲ ਦੇਖਣਾ ਪੈਂਦਾ ਹੈ। ਉੱਧਰ ਪੂੰਜੀਪਤੀ ਬੜੇ ਸਿਆਣੇ ਅਤੇ ਦੂਰਦਰਸ਼ੀ ਹੁੰਦੇ ਹਨ। ਇਨ੍ਹਾਂ ਨੂੰ ਹਲਕੇ ਵਿੱਚ ਨਾ ਲਵੋ। ਇਹ ਉਸੇ ਪਾਰਟੀ ਲਈ ਆਪਣੇ ਖ਼ਜ਼ਾਨਿਆਂ ਦਾ ਮੂੰਹ ਖੋਲ੍ਹਦੇ ਹਨ, ਜਿਹੜੀ ਉਨ੍ਹਾਂ ਦੇ ਹਿੱਤਾਂ ਦੀ ਪੂਰਤੀ ਲਈ ਹਲਫ਼ ਲਵੇ। ਬਾਕੀ ਪਾਰਟੀਆਂ ਨੂੰ ਇਹ ਛੋਟੀ-ਮੋਟੀ ਰਕਮ ਦੇ ਕੇ ਟਰਕਾ ਛੱਡਦੇ ਹਨ। ਸੋ, ਜਨ ਸਾਧਰਣ ਨੂੰ ਪੂੰਜੀਪਤੀਆਂ ਪਾਸ ਇਕੱਠੀ ਹੋ ਰਹੀ ਦੌਲਤ ਦੇ ਰਾਹ ਮੁੰਦਣੇ ਚਾਹੀਦੇ ਹਨ। ਜੇ ਪੂੰਜੀਪਤੀਆਂ ਨੂੰ ਨਕੇਲ ਪਾਈ ਜਾਵੇ ਤਾਂ ਹੀ ਕੋਈ ਦੇਸ਼ ਬੇ-ਗ਼ਮ ਪੁਰੇ ਦੀ ਸਥਾਪਨਾ ਅਥਵਾ ਨਿਰਮਾਣ ਕਰ ਸਕਦਾ ਹੈ।

ਅਜੋਕੇ ਸੰਦਰਭ ਵਿੱਚ ਜਿਹੜੇ ਮੁਲਕ ਖ਼ੁਸ਼ਹਾਲ ਹਨ, ਉਨ੍ਹਾਂ ਦੀਆਂ ਸਰਕਾਰਾਂ ਉਪਰ ਵੀ ਪੂੰਜੀਪਤੀਆਂ ਦਾ ਕਬਜ਼ਾ ਹੈ। ਆਪਣੀ ਪੂੰਜੀ ਦੇ ਨਿਰਮਾਣ ਲਈ ਨਵੀਆਂ-ਨਵੀਆਂ ਕਾਢਾਂ ਕੱਢਦੇ ਹਨ। ਉਤਪਾਦਨ ਅਤੇ ਕਲ-ਕਾਰਖ਼ਾਨਿਆਂ ਨੂੰ ਨਿਰੰਤਰ ਨਵਿਆਉਂਦੇ-ਵਿਸਤਾਰਦੇ ਰਹਿੰਦੇ ਹਨ। ਖੋਜੀ ਅਤੇ ਵਿਗਿਆਨੀ ਜਿਸ ਮੁਲਕ ਪਾਸ ਵੀ ਹੋਣ ਉਥੇ ਜਨ ਸਾਧਾਰਣ ਦੇ ਰਹਿਣ-ਸਹਿਣ ਦਾ ਪੱਧਰ ਨਿਰੰਤਰ ਉੱਚਾ ਹੁੰਦਾ ਰਹੇਗਾ। ਪਰ ਸਾਡੇ ਦੇਸ਼ ਦੇ ਵਰਤਮਾਨ ਪੂੰਜੀਪਤੀਆਂ ਨੂੰ ਕੇਵਲ ਠੱਗੀ-ਚੋਰੀ ਹੀ ਕਰਨੀ ਆਉਂਦੀ ਹੈ। ਬਣਿਆ-ਬਣਾਇਆ ਸਾਮਾਨ ਬਾਹਰੋਂ ਸਸਤੇ ਭਾਅ ਮੰਗਵਾ ਲਿਆ ਅਤੇ ਫਿਰ ਮਹਿੰਗੀਆਂ ਦਰਾਂ ਉਪਰ ਵੇਚ ਦਿੱਤਾ ਜਾਂ ਸੜਕਾਂ-ਰੇਲ ਮਾਰਗਾਂ ਦੇ ਠੇਕੇ ਲੈ ਲਏ। ਹੋਰ ਨਹੀਂ ਤਾਂ ਬੈਂਕਾਂ ਵਿੱਚੋਂ ਹਜ਼ਾਰਾਂ-ਕਰੋੜਾਂ ਰੁਪਏ ਦੇ ਉਧਾਰ ਲੈ ਕੇ, ਸਰਕਾਰ ਦੀ ਮਿਹਰਬਾਨੀ ਤੇ ਸਰਪਰਸਤੀ ਦੁਆਰਾ ਇਹ ਰਕਮਾਂ ਡਕਾਰ ਗਏ। ਇਹੋ ਜਿਹੇ ਪੂੰਜੀਪਤੀ ਕੇਵਲ ਧਰਤੀ ਉਪਰ ਹੀ ਨਹੀਂ ਬਲਕਿ ਜਨ-ਸਾਧਾਰਣ ਉਪਰ ਵੀ ਇਕ ਬੋਝ ਹੁੰਦੇ ਹਨ। ਇਨ੍ਹਾਂ ਦੇ ਵਪਾਰ ਦਾ ਮੁੱਖ ਨਿਸ਼ਾਨਾ ਆਪਣੇ ਦੇਸ਼ ਦੀ ਜਨਤਾ ਨੂੰ ਲੁੱਟਣਾ-ਪੁੱਟਣਾ ਹੀ ਹੁੰਦਾ



ਹੈ। ਹੋਰ ਇਹ ਲੋਕ ਦੇਸ਼, ਸਮਾਜ ਅਤੇ ਸਭਿਆਚਾਰ ਦਾ ਕੁਝ ਨਹੀਂ ਸੰਵਾਰਦੇ। ਇਨ੍ਹਾਂ ਦੀ ਠੱਗੀ-ਠੋਰੀ ਦੀਆਂ ਮੋਰੀਆਂ ਬੰਦਾ ਕਰਨ ਦੀ ਜ਼ਰੂਰਤ ਹੈ।

ਭਾਰਤ ਵਿੱਚ ਪੂੰਜੀਵਾਦ ਨੇ ਹੌਲੀ-ਹੌਲੀ ਬੰਦੇ ਨੂੰ ਨਿਕੰਮਾ ਅਤੇ ਵਿਹਲਾ ਬਣਾ ਦਿੱਤਾ ਹੈ। ਸਿੱਟੇ ਵਜੋਂ ਆਧੁਨਿਕ ਵਿਅਕਤੀ ਨਿਸੱਤਾ ਅਤੇ ਜੜ੍ਹ-ਬੁੱਧ ਹੋ ਗਿਆ ਹੈ। ਅਜੋਕੀ ਪੀੜ੍ਹੀ ਵਾਸਤੇ ਗਿਣਤੀ ਦੇ ਚਾਰ-ਪੰਜ ਰੁਝੇਵੇਂ ਹੀ ਰਹਿ ਗਏ ਹਨ। ਕਾਰ-ਬਾਈਕ ਵਿੱਚ ਪੈਟਰੋਲ-ਡੀਜ਼ਲ ਪੁਆ ਲਿਆ। ਮੋਬਾਇਲ ਉਪਰ ਰੀਲਾਂ ਵੇਖ ਲਈਆਂ। ਫੇਸਬੁੱਕ ਉਪਰ ਆਪਣੀਆਂ ਫੋਟੋਆਂ ਅਪਲੋਡ ਕਰ ਦਿੱਤੀਆਂ। ਦੋਸਤਾਂ ਦੀਆਂ ਫੋਟੋਜ਼ ਉਪਰ ਕੁਮੈਂਟ ਕਰ ਦਿੱਤਾ, ਸਕੂਲਾਂ-ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਗੇੜੀਆਂ ਲਾ ਲਈਆਂ। ਇਕ-ਦੋ ਚੱਕਰ ਮਾਰਕਿਟ ਦੇ ਲਗਾ ਲਏ। ਜੇ ਵਿਹਲ ਨੇ ਸਤਾਇਆ ਤਾਂ ਕੋਈ ਡਰੱਗ ਵਗੈਰਾ ਲੈ ਲਈ ਅਤੇ ਘਰ ਜਾ ਸੌਂ ਰਹੇ। ਅੱਗੇ ਕਾਲਜਾਂ-ਯੂਨੀਵਰਸਿਟੀਆਂ ਵਿੱਚ ਪ੍ਰੋਫ਼ੈਸਰ ਲੋਕਾਂ ਦੇ ਆਪਣੇ ਰੁਝੇਵੇਂ ਹਨ। ਅਨੇਕ ਪ੍ਰਕਾਰ ਦੀਆਂ ਮੀਟਿੰਗਾਂ ਅਤੇ ਸਮਾਗਮ ਹੀ ਸਾਹ ਨਹੀਂ ਲੈਣ ਦਿੰਦੇ। ਪੜ੍ਹਨ-ਪੜ੍ਹਾਉਣ ਦਾ ਕੰਮ ਕਿਵੇਂ ਕਰਨ? ਉਹ ਬੱਸ ਆਪਣੀਆਂ ਲਿਖੀਆਂ ਕਿਤਾਬਾਂ ਜਾਂ ਨੋਟਸ ਆਦਿ ਦੀ ਜਾਣਕਾਰੀ ਦੇ ਕੇ ਤੁਰਦੇ ਬਣਦੇ ਹਨ। ਕਿਸੇ ਹੋਰ ਲੇਖਕ ਦੀ ਕਿਤਾਬ ਜਾਂ ਲੇਖ ਵਗੈਰਾ ਦੀ ਗੱਲ ਤੱਕ ਨਹੀਂ ਕਰਦੇ। ਅਜਿਹੇ ਬੰਦ ਮਾਹੌਲ ਵਿੱਚ ਯੁਵਾ-ਵਰਗ ਦੀ ਬੁੱਧੀ ਦਾ ਵਿਕਾਸ ਕਿਵੇਂ ਹੋਵੇ? ਸੋ ਨਵੀਂ ਪੀੜ੍ਹੀ ਬਿਲਕੁਲ ਦਿਸ਼ਾਹੀਣ ਅਤੇ ਨਿਕਰਮੀ ਹੋ ਕੇ ਰਹਿ ਗਈ ਹੈ। ਉਸ ਦੇ ਜੀਵਨ ਵਿੱਚ ਨਸ਼ਿਆਂ ਜਾਂ ਸੈਕਸ ਆਦਿ ਤੋਂ ਬਿਨਾਂ ਕੋਈ ਆਦਰਸ਼ ਨਹੀਂ ਰਿਹਾ।

ਅਸੀਂ ਲੋਕ ਇਹ ਭੁੱਲ ਹੀ ਗਏ ਹਾਂ ਕਿ ਕਿਰਤ ਵਿੱਚ ਹੀ ਮਨੁੱਖੀ ਜੀਵਨ ਦਾ ਮਨੋਰਥ ਅਤੇ ਰਸ ਪਰਿਪੂਰਤ ਹੈ। ਇਕ ਕਿਸਾਨ ਜਦੋਂ ਆਪਣੀ ਖੇਤੀ ਨੂੰ ਪੁੰਗਰਦੀ ਅਤੇ ਫ਼ਲਦੀ-ਫੁੱਲਦੀ ਦੇਖਦਾ ਹੈ ਤਾਂ ਉਸ ਨੂੰ ਇੱਕ ਅਕਹਿ ਰਸ ਦੀ ਪ੍ਰਾਪਤੀ ਹੁੰਦੀ ਹੈ। ਕਿਸੇ ਪ੍ਰਕਾਰ ਸੁਨਿਆਰ, ਲੋਹਾਰ, ਤਰਖਾਣ, ਮਿਸਤਰੀ, ਠਠਿਆਰ, ਜੁਲਾਹੇ ਅਤੇ ਦਰਜ਼ੀ ਨੂੰ ਆਪਣੇ ਕੰਮਾਂ ਦੀ ਪੂਰਤੀ ਵਿੱਚੋਂ ਆਨੰਦ ਮਿਲਦਾ ਸੀ। ਹੁਣ ਸਭ ਕੁਝ ਮਸ਼ੀਨੀ ਹੋ ਗਿਆ ਹੈ। ਇੰਡਸਟਰੀ ਨੇ ਬਹੁਤ ਸਾਰੇ ਧੰਦੇ ਖ਼ਤਮ ਕਰ ਦਿੱਤੇ ਹਨ। ਚਮਾਰ, ਠਠਿਆਰ, ਘੁਮਿਆਰ, ਜੁਲਾਹੇ ਅਤੇ ਰੰਗਸਾਜ਼ ਵਿਹਲੇ ਹੋ ਗਏ ਹਨ। ਮਾਰਕਿਟ ਵਿੱਚ ਬਣੇ-ਬਣਾਏ ਉਤਪਾਦਨ ਸੁਲੱਭ ਹਨ। ਕਿਸਾਨੀ ਦਾ ਕੰਮ ਵੀ ਬਿਹਾਰ, ਯੂਪੀ ਅਤੇ ਨੇਪਾਲ ਵਿੱਚੋਂ ਆਏ ਆਵਾਸੀ ਮਜ਼ਦੂਰਾਂ ਨੇ ਸਾਂਭ ਲਿਆ ਹੈ। ਇਸ ਪ੍ਰਕਾਰ ਸਾਡੇ ਪੂਰੇ ਸਮਾਜ ਦਾ ਬਹੁਤ ਛੋਟਾ ਜਿਹਾ ਹਿੱਸਾ ਹੀ ਕਿਰਤ ਕਰਦਾ ਹੈ, ਬਾਕੀ ਸਭ ਵਿਹਲੇ ਤੁਰੇ ਫਿਰਦੇ ਹਨ। ਅਜਿਹੀ ਸਥਿਤੀ ਵਿੱਚ ਮੁਲਕ ਗ਼ਰੀਬ ਅਤੇ ਮੰਦਹਾਲ ਨਾ ਹੋਵੇ ਤਾਂ ਹੋਰ ਕੀ ਹੋਵੇ!

ਅੱਜ ਤੋਂ ਅੱਧੀ ਕੁ ਸਦੀ ਪਹਿਲਾਂ ਸਾਡੇ ਹਰ ਘਰ ਵਿੱਚ ਇੱਕ ਛੋਟਾ ਮੋਟਾ ਉਦਯੋਗ ਹੋਇਆ ਕਰਦਾ ਸੀ। ਹਰ ਸ਼ਿਲਪੀ ਜਾਤੀ ਦੇ ਘਰਾਂ ਵਿੱਚ ਉਸ ਨਾਲ ਸੰਬੰਧਿਤ ਕੰਮ ਚਲਦਾ ਰਹਿੰਦਾ ਸੀ। ਜੁਲਾਹੇ, ਚਮਾਰ, ਲੋਹਾਰ, ਤਰਖਾਣ, ਘੁਮਿਆਰ, ਠਠਿਆਰ ਅਤੇ ਦਰਜ਼ੀ ਆਦਿ ਜਾਤੀਆਂ ਦੇ ਘਰਾਂ ਵਿੱਚ ਸਾਰੇ ਮੈਂਬਰ ਆਪੋ ਆਪਣੇ ਵਿੱਤ ਅਤੇ ਵਕਤ ਅਨੁਸਾਰ ਯੋਗਦਾਨ ਪਾਉਂਦੇ ਰਹਿੰਦੇ ਸਨ। ਇਸਤਰੀਆਂ ਆਪਣੇ ਘਰਾਂ ਵਿੱਚ ਸੂਤ ਕੱਤਣ, ਦਰੀਆਂ ਬੁਣਨ, ਚਾਦਰਾਂ-ਫੁਲਕਾਰੀ ਕੱਢਣ ਦਾ ਕੰਮ ਕਰਨ ਦੇ ਨਾਲ-ਨਾਲ ਦਹੀਂ, ਮੱਖਣ ਅਤੇ ਘਿਓ ਆਦਿ ਵੀ ਖ਼ੁਦ ਤਿਆਰ ਕਰ ਲੈਂਦੀਆਂ ਸਨ। ਵਿਹਲੇ ਸਮੇਂ ਵਿੱਚ ਕਿਸਾਨ ਲੋਕ ਸਣ ਤਿਆਰ ਕਰਦੇ ਰਹਿੰਦੇ ਸਨ, ਜਿਸ ਨਾਲ ਰੱਸੇ, ਰੱਸੀਆਂ ਬਣ ਜਾਂਦੇ ਸਨ, ਜਿਨ੍ਹਾਂ ਦੀ ਹਰ ਘਰ ਵਿੱਚ ਜ਼ਰੂਰਤ ਰਹਿੰਦੀ ਸੀ। ਕਈ ਵਾਰ ਸੱਥਾਂ-ਢਾਣੀਆਂ ਵਿੱਚ ਬੈਠੇ ਲੋਕ ਘਰੀਂ ਤਿਆਰ ਕੀਤੇ ਖੇਸਾਂ ਦੇ ਬੰਬਲ ਵੱਟਦੇ ਰਹਿੰਦੇ ਸਨ। ਸਕੂਲਾਂ ਕਾਲਜਾਂ ਦੇ ਮੁੰਡੇ ਮਾਲ ਡੰਗਰ ਨੂੰ ਪਾਣੀ ਪਿਆਉਣ ਅਤੇ ਨਹਾਉਣ ਲਈ ਛੰਭਾਂ, ਕੱਸੀਆਂ ਉਪਰ ਲੈ ਜਾਂਦੇ ਸਨ। ਉਹ ਖੇਤੀ ਦਾ ਕੰਮ ਕਰਨ ਵਾਲੇ ਮੈਂਬਰਾਂ ਲਈ ਚਾਹ, ਲੱਸੀ ਅਤੇ ਨਾਸ਼ਤਾ ਪਹੁੰਚਾਉਣ ਦਾ ਕੰਮ ਵੀ ਕਰਦੇ ਸਨ। ਇਉਂ ਪੂਰੇ ਸਮਾਜ ਦਾ ਈਕੋ-ਸਿਸਟਮ ਇਕ ਸੁਰੀਲੀ-ਬੱਝਵੀਂ ਲੈਅ ਵਿੱਚ ਧੜਕਦਾ ਰਹਿੰਦਾ ਸੀ ਪਰ ਅਜੋਕੇ ਘਰਾਂ ਵਿੱਚ ਬੋਝਲ-ਚੁੱਪ ਦਾ ਪਹਿਰਾ ਰਹਿੰਦਾ ਹੈ, ਜਦੋਂ ਕਿ ਬਾਜ਼ਾਰਾਂ ਵਿੱਚ ਕੰਨ-ਪਾੜਵਾਂ ਸ਼ੋਰ ਸੁਣਾਈ ਦਿੰਦਾ ਹੈ। ਜੀਵਨ ਦਾ ਸਮੁੱਚਾ ਈਕੋ-ਸਿਸਟਮ ਹੀ ਵਿਗੜ ਗਿਆ ਹੈ। ਇਹੀ ਕਾਰਨ ਹੈ ਕਿ ਸਾਡੇ ਸਮਾਜ ਵਿੱਚ ਹਿੰਸਾ, ਬਲਾਤਕਾਰ, ਗਾਲੀ-ਗਲੋਚ ਅਤੇ ਤਲਖ਼ੀ ਬੇਹੱਦ ਵਧ ਗਈ ਹੈ। ਜੀਵਨ ਦਾ ਕੋਈ ਵੀ ਕੋਨਾ ਸਹਿਜ-ਸੁਭਾਵਿਕ ਅਤੇ ਲੈਪੂਰਨ ਨਹੀਂ ਰਿਹਾ।

ਪੂੰਜੀਵਾਦੀ ਵਿਵਸਥਾ ਨੇ ਮਨੁੱਖੀ ਸਮਾਜ ਨੂੰ ਪੂਰਨ ਤੌਰ 'ਤੇ ਵਿਕ੍ਰਿਤ ਕਰ ਦਿੱਤਾ ਹੈ। ਸਮਾਜ ਦੀ ਕੋਈ ਵੀ ਸੰਸਥਾ ਸ਼ੁੱਧ ਅਤੇ ਮਾਨਵ-ਹਿਤਕਾਰੀ ਨਹੀਂ ਰਹੀ। ਹਰ ਤਰਫ਼ ਲਬ-ਲੋਭ, ਹਿੰਸਾ ਅਤੇ ਹੰਕਾਰ ਦੀ ਧੱਕੇਸ਼ਾਹੀ ਹੈ। ਸਮਾਜ ਦੀਆਂ ਜ਼ਿਆਦਾਤਰ ਸੰਸਥਾਵਾਂ ਮਾਨਵ-ਪੱਖੀ ਅਤੇ ਕਲਿਆਣਕਾਰੀ ਨਹੀਂ ਰਹੀਆਂ। ਸਿੱਟੇ ਵਜੋਂ ਮਨੁੱਖ ਖੋਖਲ੍ਹਾ ਅਤੇ ਥੋਥਾ ਹੋ ਕੇ ਰਹਿ ਗਿਆ ਹੈ ਅਤੇ ਅਸੀਂ ਸਭ ਜਾਣਦੇ ਹਾਂ ਕਿ ਥੋਥਾ ਚਣਾ, ਬਾਜੇ ਘਣਾ। ਅਜੋਕਾ ਮਨੁੱਖ ਇਨ੍ਹਾਂ ਥੋਥੇ-ਚਣਿਆਂ ਵਾਂਗ ਹੀ ਬੜਬੋਲਾ ਅਤੇ ਅਣਲੋੜੀਂਦਾ ਬਣ ਗਿਆ ਹੈ। ਸਾਨੂੰ ਪੂਰੇ ਸਮਾਜ ਦਾ ਕਾਇਆ-ਕਲਪ ਕਰਨਾ ਹੋਵੇਗਾ। ਮਨੁੱਖ ਤੋਂ ਲੈ ਕੇ ਪਰਿਵਾਰ ਤੱਕ, ਪਰਿਵਾਰ ਤੋਂ ਪਿੰਡ ਤੇ ਸ਼ਹਿਰ ਤੱਕ, ਇਸ ਤੋਂ ਅੱਗੇ ਪੂਰੇ ਖੇਤਰ ਅਤੇ ਫਿਰ ਦੇਸ਼ ਤੱਕ। ਇਸ ਰੂਪਾਂਤਰਣ ਲਈ ਪੂਰੇ ਅਵਾਮ ਨੂੰ ਰਲ ਮਿਲਕੇ ਕੰਮ ਕਰਨਾ ਪਵੇਗਾ। ਇਹ ਕੰਮ ਰਾਜਸੀ ਪਾਰਟੀਆਂ, ਸਾਧਾਂ-ਸੰਤਾਂ ਦੇ ਲਾਣੇ ਅਤੇ ਸਰਕਾਰਾਂ ਦੇ ਰਹਿਮੋ ਕਰਮ ਉਪਰ ਨਹੀਂ ਛੱਡਿਆ ਜਾ ਸਕਦਾ ਕਿਉਂਕਿ ਇਨ੍ਹਾਂ ਇਕਾਈਆਂ ਨੂੰ ਪੂੰਜੀਵਾਦੀ-ਵਿਵਸਥਾ ਨੇ ਪੂਰੀ ਤਰ੍ਹਾਂ ਨਾਲ ਭ੍ਰਿਸ਼ਟ ਕਰ ਛੱਡਿਆ ਹੈ। ਅਜੋਕਾ ਜੀਵਨ ਕੁਝ ਇਸ ਤਰ੍ਹਾਂ ਨਾਲ ਗੰਧਲਾ ਹੋ ਗਿਆ ਹੈ ਕਿ ਹਰ ਘਰ ਵਿੱਚ ਕੋਈ ਨਾ ਕੋਈ ਮੈਂਬਰ ਨਸ਼ੇ ਦਾ ਸ਼ਿਕਾਰ ਹੈ, ਪਿਓ-ਪੁੱਤ ਇਕ ਦੂਜੇ ਦੇ ਦੁਸ਼ਮਣ ਬਣ ਗਏ ਹਨ। ਭਰਾਵਾਂ-ਭਰਾਵਾਂ ਦੀ ਆਪੋ ਵਿੱਚ ਨਹੀਂ ਨਿਭਦੀ। ਪਤੀ-ਪਤਨੀ ਦਰਮਿਆਨ ਬਰੇਕ ਅੱਪ ਹੋ ਰਿਹਾ ਹੈ। ਦੇਖੋ! ਪੂੰਜੀਵਾਦ ਸਾਨੂੰ ਕਿੱਥੋਂ ਤੱਕ ਲੈ ਆਇਆ ਹੈ। ਕੋਸ਼ਿਸ਼ ਕਰੋ ਕਿ ਇਸ ਸਿਸਟਮ ਵਿੱਚ ਰਹਿੰਦੇ ਹੋਏ ਵੀ ਇਸ ਤੋਂ ਨਿਰਲੇਪ ਰਹਿਣ ਦਾ ਯਤਨ ਕਰੀਏ। ਸਾਡੇ ਲਈ ਅੰਤਰੀਵ ਖ਼ੁਸ਼ੀ ਅਤੇ ਆਨੰਦ ਜ਼ਰੂਰੀ ਹੈ, ਬਾਹਰੀ ਦਿਖਾਵਾ ਫਜ਼ੂਲ ਅਤੇ ਦੁਖਦਾਈ ਹੈ।

-ਮੋਬਾ :98760-52136

# ਧਰਮ ਸੰਮੇਲਨ ਰਾਹੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹੀਦੀ ਨੂੰ ਕੀਤਾ ਨਮਨ




**ਚੰਦਰਪਾਲ ਅੱਤਰੀ**

**ਲਾਲੜੂ/14 ਫਰਵਰੀ :** ਪਿੰਡ ਸਗੋਥਾ ਦੇ ਕਮਿਊਨਿਟੀ ਸੈਂਟਰ ਵਿੱਚ ਬੰਟੀ ਸਰਮਾ, ਹਰਨੇਕ ਨੰਬਰਦਾਰ, ਰਾਧੇ ਸਿਆਮ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਇੱਕ ਵਿਸਾਲ ਧਰਮ ਸੰਮੇਲਨ ਦਾ ਆਯੋਜਨ ਕੀਤਾ ਗਿਆ। ਇਸ ਧਾਰਮਿਕ ਸਮਾਗਮ ਦਾ ਮੁੱਖ ਉਦੇਸ "ਇੱਕ ਸੰਸਕ੍ਰਿਤੀ ਇੱਕ ਰਾਸਟਰ" ਦੇ ਸੰਦੇਸ ਨੂੰ ਮਜਬੂਤ ਕਰਨਾ ਅਤੇ ਦੇਸ ਦੀ ਧਾਰਮਿਕ-ਸੰਸਕ੍ਰਿਤਿਕ ਵਿਰਾਸਤ ਪ੍ਰਤੀ ਜਾਗਰੂਕਤਾ ਫੈਲਾਉਣਾ ਰਿਹਾ।

ਸੰਮੇਲਨ ਵਿੱਚ ਮੁੱਖ ਬੁਲਾਰੇ ਵਜੋਂ ਰਾਜੀਵ ਸਰਮਾ (ਸਮਾਜ ਸੇਵੀ), ਡਾਇਰੈਕਟਰ ਟੈਕਨੀਕਲ, ਆਰ.ਕੇ. ਲੈਬੋਰਟਰੀਜ ਪ੍ਰਾਈਵੇਟ ਲਿਮਿਟਡ, ਬੱਦੀ ਨੇ ਸ਼ਿਰਕਤ ਕੀਤੀ, ਜਦਕਿ ਮੁੱਖ ਮਹਿਮਾਨ ਵਜੋਂ ਦੇਵੀ ਰਾਮ ਸਰਮਾ ਹਾਜਰ ਰਹੇ। ਇਸ ਮੌਕੇ ਵੱਡੀ ਗਿਣਤੀ ਵਿੱਚ ਸਰਧਾਲੂਆਂ, ਸਮਾਜ ਸੇਵੀਆਂ ਅਤੇ ਪਿੰਡ ਦੇ ਵਸਨੀਕਾਂ ਨੇ ਭਾਗ ਲਿਆ।

ਰਾਜੀਵ ਸਰਮਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦਾ ਬਲਿਦਾਨ ਸਿਰਫ ਸਿੱਖ ਇਤਿਹਾਸ ਹੀ ਨਹੀਂ, ਸਗੋਂ ਪੂਰੇ ਭਾਰਤੀ ਸੰਸਕਾਰ ਅਤੇ ਮਨੁੱਖਤਾ ਲਈ ਇਕ ਅਮਰ ਸਹਾਦਤ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਧਰਮ ਦੀ ਰੱਖਿਆ ਲਈ ਆਪਣਾ ਸਰਬੰਸ ਵਾਰ ਦਿੱਤਾ ਅਤੇ ਜਬਰ-ਜੁਲਮ ਦੇ ਸਾਹਮਣੇ ਝੁਕਣ ਦੀ ਬਜਾਏ ਸੱਚ ਅਤੇ ਨਿਆਂ ਦੇ ਮਾਰਗ 'ਤੇ ਅਡਿੱਗ ਰਹੇ।

ਉਨ੍ਹਾਂ ਨੇ ਜੋਰ ਦੇ ਕੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਨੇ ਮਨੁੱਖੀ ਅਧਿਕਾਰਾਂ, ਅੰਤਰਾਤਮਾ ਦੀ ਆਜਾਦੀ ਅਤੇ ਧਾਰਮਿਕ ਸੁਤੰਤਰਤਾ ਦੀ ਰੱਖਿਆ ਲਈ ਆਪਣੀ ਸਹੀਦੀ ਦਿੱਤੀ। ਇਹ ਮਹਾਨ ਕੁਰਬਾਨੀ ਪੂਰੇ ਦੇਸ ਲਈ ਪ੍ਰੇਰਣਾ ਦਾ ਸਰੋਤ ਹੈ, ਜਿਸਨੂੰ ਹਰ ਪੀੜ੍ਹੀ ਤੱਕ ਪਹੁੰਚਾਉਣਾ ਸਮੇਂ ਦੀ ਲੋੜ ਹੈ। ਬੁਲਾਰਿਆਂ ਨੇ ਕਿਹਾ ਕਿ ਅਜਿਹੇ ਧਰਮ ਸੰਮੇਲਨ ਨੌਜਵਾਨ ਪੀੜ੍ਹੀ ਨੂੰ ਆਪਣੇ ਇਤਿਹਾਸ, ਸੰਸਕ੍ਰਿਤੀ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਸਮਾਰੋਹ ਦੇ ਅੰਤ ਵਿੱਚ ਪਿੰਡ ਵਾਸੀਆਂ ਵੱਲੋਂ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਦੇਸ ਦੀ ਏਕਤਾ, ਅਖੰਡਤਾ ਅਤੇ ਧਾਰਮਿਕ ਸਹਿਣਸੀਲਤਾ ਲਈ ਅਰਦਾਸ ਕੀਤੀ ਗਈ। ਇਸ ਮੌਕੇ ਮਨਪ੍ਰੀਤ ਸਿੰਘ (ਬੰਨੀ) ਸੰਧੂ, ਰਾਜੀਵ ਸਰਮਾ (ਲਾਲੜੂ), ਪਵਨ ਧੀਮਾਨ ਅਤੇ ਦੀਪਕ ਗੁਪਤਾ ਸਮੇਤ ਹੋਰ ਪ੍ਰਮੁੱਖ ਵਿਅਕਤੀ ਵੀ ਹਾਜਰ ਸਨ।

# ਸੈਂਟਰਲ ਬੈਂਕ ਆਫ਼ ਇੰਡੀਆ ਵੱਲੋਂ ਰਾਏਪੁਰ ਰਾਣੀ 'ਚ ਖੇਤੀਬਾੜੀ ਕਰਜ਼ਾ ਜਾਗਰੂਕਤਾ ਕੈਂਪ ਲਾਇਆ



**ਦਸਨਸ**

**ਚੰਡੀਗੜ੍ਹ/14 ਫਰਵਰੀ :** ਸੈਂਟਰਲ ਬੈਂਕ ਆਫ਼ ਇੰਡੀਆ ਦੇ ਖੇਤਰੀ ਦਫ਼ਤਰ, ਚੰਡੀਗੜ੍ਹ ਵੱਲੋਂ ਖੇਤੀਬਾੜੀ ਵਿੱਤ ਨੂੰ ਉਤਸਾਹਿਤ ਕਰਨ ਅਤੇ ਕਿਸਾਨਾਂ ਤੇ ਖੇਤੀਬਾੜੀ-ਉਦਮੀਆਂ ਦੀ ਸਹਾਇਤਾ ਲਈ ਰਾਏਪੁਰ ਰਾਣੀ ਵਿੱਚ ਆਪਣੇ ਸ਼ਾਖਾ ਦਫ਼ਤਰ ਵਿੱਚ ਇੱਕ ਖੇਤੀਬਾੜੀ ਕਰਜਾ ਜਾਗਰੂਕਤਾ ਕੈਂਪ ਲਾਇਆ ਗਿਆ। ਕੈਂਪ ਦੀ ਅਗਵਾਈ ਏ.ਕੇ. ਖੰਨਾ, ਜਨਰਲ ਮੈਨੇਜਰ (ਕ੍ਰੈਡਿਟ ਕਾਰਪੋਰੇਟ) ਅਤੇ ਰਾਮ ਕੁਮਾਰ ਯਾਦਵ, ਖੇਤਰੀ ਮੁਖੀ, ਚੰਡੀਗੜ੍ਹ ਨੇ ਕੀਤੀ। ਇਸ ਮੌਕੇ ਸਥਾਨਕ ਪਤਵੰਤੇ ਅਤੇ ਸਵੈ-ਸਹਾਇਤਾ ਸਮੂਹ (ਐਸਐਚਜੀ) ਦੇ ਮੈਂਬਰ ਮੌਜੂਦ ਸਨ।

ਕੈਂਪ ਦੌਰਾਨ ਵੱਖ-ਵੱਖ ਖੇਤੀਬਾੜੀ ਕਰਜ਼ਾ ਤੇ ਸਮਾਜਿਕ ਸੁਰੱਖਿਆ ਯੋਜਨਾਵਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਤੇ ਭਾਗੀਦਾਰਾਂ ਨਾਲ ਇੰਟਰਐਕਟਿਵ ਸੈਸ਼ਨ ਕੀਤੇ ਗਏ। ਪ੍ਰੋਗਰਾਮ ਦੌਰਾਨ 509 ਲੱਖ ਦੇ ਕਰਜ਼ੇ ਮਨਜ਼ੂਰ ਕੀਤੇ ਗਏ ਤੇ ਯੋਗ ਲਾਭਪਾਤਰੀਆਂ ਨੂੰ ਪ੍ਰਵਾਨਗੀ ਪੱਤਰ ਵੰਡੇ ਗਏ। ਇਸ ਦੌਰਾਨ ਵਾਤਾਵਰਣ ਸੁਰੱਖਿਆ ਨੂੰ ਉਤਸਾਹਿਤ ਕਰਨ ਲਈ ਬੂਟੇ ਲਾਉਣ ਦਾ ਪ੍ਰੋਗਰਾਮ ਵੀ ਕਰਵਾਇਆ ਗਿਆ।

# ਸ. ਹ. ਸਕੂਲ ਦਸਗਰਾਈਂ ਸ੍ਰੀ ਅਨੰਦਪੁਰ ਸਾਹਿਬ ਦੇ ਵਿਦਿਆਰਥੀ ਹਰਸ਼ਾਨ ਸਿੰਘ ਨੇ ਰਾਜ ਪੱਧਰੀ ਵਿਗਿਆਨ ਪ੍ਰਦਰਸ਼ਨੀ 'ਚ ਪੰਜਾਬ 'ਚੋਂ ਪ੍ਰਾਪਤ ਕੀਤੀ ਪਹਿਲੀ ਪੁਜੀਸ਼ਨ

**ਤਰਲੋਚਨ ਸਿੰਘ**

**ਸ੍ਰੀ ਅਨੰਦਪੁਰ ਸਾਹਿਬ/14 ਫਰਵਰੀ :** ਬੀਤੇ ਕੱਲ੍ਹ ਜਲੰਧਰ ਵਿਖੇ ਹੋਈ ਵਿਗਿਆਨ ਪ੍ਰਦਰਸਨੀ ਵਿੱਚ ਸਰਕਾਰੀ ਹਾਈ ਸਕੂਲ, ਦਸਗਰਾਈਂ (ਤਹਿਸੀਲ ਸ੍ਰੀ ਅਨੰਦਪੁਰ ਸਾਹਿਬ, ਜ਼ਿਲ੍ਹਾ ਰੋਪੜ) ਦੇ ਸੱਤਵੀਂ ਜਮਾਤ ਦੇ ਵਿਦਿਆਰਥੀ ਹਰਸ਼ਾਨ ਸਿੰਘ ਬਡਿਆਲ ਨੇ ਰਾਜ ਪੱਧਰੀ ਵਿਗਿਆਨ ਪ੍ਰਦਰਸ਼ਨੀ ਵਿੱਚ ਪੰਜਾਬ ਭਰ ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ ਇੱਕ ਇਤਿਹਾਸਕ ਪ੍ਰਾਪਤੀ ਕੀਤੀ ਹੈ। ਉਨ੍ਹਾਂ ਦੀ ਇਸ ਸਾਨਦਾਰ ਸਫਲਤਾ ਨਾਲ ਸਕੂਲ, ਇਲਾਕੇ ਅਤੇ ਪਿੰਡ ਦਾ ਨਾਮ ਸੂਬਾ ਪੱਧਰ 'ਤੇ ਰੌਸਨ ਹੋਇਆ ਹੈ।



ਇਸ ਸੂਬਾ ਪੱਧਰੀ ਮੁਕਾਬਲੇ ਵਿੱਚ ਹਰਸਾਨ ਸਿੰਘ ਨੇ "ਪਾਣੀ ਦੀ ਸੰਭਾਲ" ਵਿਸ਼ੇ 'ਤੇ ਆਪਣਾ ਮਾਡਲ ਪੇਸ ਕੀਤਾ। ਜ਼ਿਕਰਯੋਗ ਹੈ ਕਿ ਹਰਸਾਨ ਦੇ ਦਾਦਾ, ਹਰਜਾਪ ਸਿੰਘ ਬਡਿਆਲ, ਪਿਛਲੇ 25 ਸਾਲਾਂ ਤੋਂ ਕੁਦਰਤੀ ਖੇਤੀ ਦੇ ਤਰੀਕਿਆਂ 'ਤੇ ਲਗਾਤਾਰ ਕੰਮ ਕਰ ਰਹੇ ਹਨ। ਦਾਦੇ ਦੀ ਵਾਤਾਵਰਣ ਪ੍ਰਤੀ ਸਮਰਪਣ ਭਾਵਨਾ ਅਤੇ ਕੁਦਰਤੀ ਸਰੋਤਾਂ ਨੂੰ ਬਚਾਉਣ ਦੀ ਸਿੱਖਿਆ ਦਾ ਹੀ ਅਸਰ ਹੈ ਕਿ ਹਰਸਾਨ ਨੇ ਇੰਨੇ ਮਹੱਤਵਪੂਰਨ ਵਿਸੇ ਨੂੰ ਚੁਣਿਆ ਅਤੇ ਉਸ ਨੂੰ ਇੰਨੀ ਖੂਬਸੂਰਤੀ ਨਾਲ ਪੇਸ ਕੀਤਾ।

ਸੀਟੀ ਗਰੁੱਪ ਆਫ ਇੰਸਟੀਚਿਊਸਨਜ, ਸਾਹਪੁਰ ਕੈਂਪਸ, ਜਲੰਧਰ ਵਿਖੇ ਆਯੋਜਿਤ ਇਸ ਪ੍ਰਦਰਸ਼ਨੀ ਦੌਰਾਨ, ਜੱਜਾਂ ਨੇ ਹਰਸਾਨ ਦੇ ਮਾਡਲ ਦੀ ਅਤਿਅੰਤ ਪ੍ਰਸੰਸਾ ਕੀਤੀ। ਉਨ੍ਹਾਂ ਦੇ ਮਾਡਲ ਵਿੱਚ ਪਾਣੀ ਬਚਾਉਣ ਦੇ ਤਰੀਕਿਆਂ ਨੂੰ ਬਹੁਤ ਹੀ ਸਰਲ ਅਤੇ ਪ੍ਰਭਾਵਸਾਲੀ ਢੰਗ ਨਾਲ ਦਰਸਾਇਆ ਗਿਆ ਸੀ, ਜਿਸ ਨੂੰ ਜੱਜਾਂ ਨੇ ਮੌਜੂਦਾ ਸਮੇਂ ਦੀ ਵੱਡੀ ਲੋੜ ਦੱਸਿਆ।

ਇਸ ਵੱਡੀ ਪ੍ਰਾਪਤੀ ਪਿੱਛੇ ਸਕੂਲ ਦੀ ਸਾਇੰਸ ਮਿਸਟਰੈਸ ਸਾਲੂ ਸੋਨੀ ਦੀ ਯੋਗ ਅਗਵਾਈ ਦਾ ਵੱਡਾ ਯੋਗਦਾਨ ਰਿਹਾ, ਜਿਨ੍ਹਾਂ ਨੇ ਵਿਦਿਆਰਥੀ ਨੂੰ ਬਹੁਤ ਬਾਰੀਕੀ ਨਾਲ ਮਾਰਗਦਰਸਨ ਕੀਤਾ। ਜ਼ਿਕਰ ਯੋਗ ਹੈ ਕਿ ਬਿਹਤਰੀਨ ਸੇਵਾਵਾਂ ਨਿਭਾ ਰਹੇ ਸਕੂਲ ਇੰਚਾਰਜ ਗੁਰਪ੍ਰੀਤ ਕੌਰ ਅਤੇ ਸਮੂਹ ਸਟਾਫ ਨੇ ਹਰਸਾਨ ਨੂੰ ਹਰ ਤਰ੍ਹਾਂ ਦਾ ਸਹਿਯੋਗ ਅਤੇ ਉਤਸਾਹ ਦਿੱਤਾ। ਹਰਸਾਨ ਸਿੰਘ ਦੀ ਇਸ ਉਪਲਬਧੀ 'ਤੇ ਪਿੰਡ ਵਾਸੀਆਂ ਅਤੇ ਇਲਾਕੇ ਵਿੱਚ ਖੁਸੀ ਦੀ ਲਹਿਰ ਹੈ, ਇਸ ਦੌਰਾਨ ਬੱਚੇ ਦੇ ਪੇਰੈਂਟਸ ਨਾਲ ਗੱਲਬਾਤ ਕੀਤੀ ਤਾਂ ਜਸਵਿੰਦਰ ਸਿੰਘ ਬਡਿਆਲ ਅਤੇ ਜਸਬੀਰ ਕੌਰ ਬਡਿਆਲ ਨੇ ਕਿਹਾ ਕਿ ਬੱਚਿਆਂ ਦੀ ਕਾਮਯਾਬੀ ਅਧਿਆਪਕ ਅਤੇ ਮਾਪਿਆਂ ਸਾਂਝੇ ਅਤੇ ਯੋਗ ਕਾਰਜਾਂ ਕਰਕੇ ਸਿਰੇ ਚੜ੍ਹਦੀ ਹੈ। ਉਹਨਾਂ ਬੇਨਤੀ ਕੀਤੀ ਕਿ ਮਾਪੇ ਆਪਣੇ ਬੱਚਿਆਂ ਦੇ ਉੱਜਵਲ ਭਵਿੱਖ ਲਈ ਆਪਣੇ ਬੱਚਿਆਂ ਨੂੰ ਅਤੇ ਅਧਿਆਪਕਾਂ ਨੂੰ ਸਹਿਯੋਗ ਕਰਨ।

# ਸੈਂਟੀਨਲ ਇੰਟਰਨੈਸ਼ਨਲ ਸਕੂਲ ਸਮਰਾਲਾ ਵੱਲੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ



**ਭਾਰਦਵਾਜ**

**ਸਮਰਾਲਾ/14 ਫਰਵਰੀ :** ਸੈਂਟੀਨਲ ਇੰਟਰਨੈਸ਼ਨਲ ਸਕੂਲ, ਸਮਰਾਲਾ ਵਿਖੇ ਪ੍ਰਧਾਨ ਕਰਨਵੀਰ ਸਿੰਘ ਢਿੱਲੋਂ ਅਤੇ ਚੇਅਰਮੈਨ ਅੰਮ੍ਰਿਤਪਾਲ ਕੌਰ ਢਿੱਲੋਂ ਦੀ ਪ੍ਰਰੇਨਾ ਸਦਕਾ ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਦੀ ਅਗਵਾਈ ਹੇਠ ਅਤੇ ਸਕੂਲ ਦੇ ਸਹਿਯੋਗ ਨਾਲ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਵਿਦਿਆਰਥੀਆਂ ਵੱਲੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਵੱਖ-ਵੱਖ ਮਨੋਰੰਜਕ ਖੇਡਾਂ ਕਰਵਾਈਆਂ ਗਈਆਂ।

ਇਸ ਮੌਕੇ ਵਿਦਿਆਰਥੀਆਂ ਨੇ ਰੰਗਾ-ਰੰਗ ਪ੍ਰੋਗਰਾਮ ਪੇਸ਼ ਕਰਕੇ ਖੂਬ ਰੰਗ ਬੰਨਿਆ ਅਤੇ ਬਾਰਵੀਂ ਜਮਾਤ ਪਾਸ ਕਰਕੇ ਜਾ ਰਹੇ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨਾਂ ਦੇ ਰੂਪ ਵਿੱਚ ਤੋਹਫ਼ੇ ਭੇਟ ਕੀਤੇ।ਬੱਚਿਆਂ ਨੇ ਡਾਂਸ, ਬੋਲਿਆਂ, ਕਵਿਤਾਵਾਂ ਤੇ ਗੀਤ ਗਾ ਕੇ ਇਸ ਦਿਨ ਨੂੰ ਯਾਦਗਾਰ ਬਣਾਇਆ ਤੇ ਬੱਚਿਆਂ ਲਈ ਕਈ ਤਰਾਂ ਦੀਆਂ ਦਿਲਚਸਪ ਖੇਡਾਂ ਕਰਵਾਈਆਂ, ਜਿਸ ਦਾ ਬੱਚਿਆਂ ਨੇ ਖੂਬ ਆਨੰਦ ਮਾਣਿਆ।

ਇਸ ਮੌਕੇ ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਨੇ ਜਿੱਥੇ ਵਿਦਿਆਰਥੀਆਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ ਉੱਥੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਮਿਹਨਤ, ਲਗਨ ਅਤੇ ਦ੍ਰਿੜ ਇਰਾਦੇ ਨਾਲ ਜਿੰਦਗੀ ਵਿੱਚ ਅੱਗੇ ਵਧਦੇ ਰਹਿਣ ਦੀ ਪੇਰਨਾ ਵੀ ਦਿੱਤੀ।ਸਾਰੇ ਅਧਿਆਪਕਾਂ ਨੇ ਵੀ ਵਿਦਿਆਰਥੀਆਂ ਨੂੰ ਸ਼ੁੱਭ-ਇਛਾਵਾਂ ਦਿੱਤੀਆਂ ਅਤੇ ਸਿੱਖਿਆਂ ਪ੍ਰਾਪਤ ਕਰਕੇ ਉੱਚ-ਅਹੁਦਿਆਂ ਤੱਕ ਪਹੁੰਚਣ ਦੀ ਕਾਮਨਾ ਕੀਤੀ।

ਬੱਚਿਆਂ ਨੇ ਸਕੂਲ ਵਿੱਚ ਬਿਤਾਏ ਹੋਏ ਸਾਲਾਂ ਦਾ ਪੂਰਾ ਬਿਰਤਾਂਤ ਆਪਣੇ ਸ਼ਬਦਾਂ ਵਿੱਚ ਸੁਣਾਇਆ।ਇਸ ਮੌਕੇ ਬੱਚਿਆਂ ਦੀ ਪ੍ਰਫਾਰਮੈਂਸ ਦੇ ਅਧਾਰ 'ਤੇ ਮਿਸਟਰ ਫੇਅਰਵੈਲ ਦਕਸ਼ ਮਹਿੰਦਰੂ ਤੇ ਮਿਸ ਫੇਅਰਵੈਲ ਹਰਸਵੀਨ ਕੌਰ 2026 ਦੀ ਚੋਣ ਕੀਤੀ ਗਈ। ਅੰਤ ਵਿੱਚ ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਨੇ ਬੱਚਿਆਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦੇ ਹੋਏ ਸਭ ਨੂੰ ਇਸ ਦਿਨ ਦੀ ਬਹੁਤ-ਬਹੁਤ ਵਧਾਈ ਦਿੱਤੀ।

# ਦੀ ਰੈਵਨਿਊ ਕਾਨੂੰਗੋ ਐਸੋਸੀਏਸ਼ਨ ਵੱਲੋਂ ਡਾਇਰੈਕਟਰ ਲੈਂਡ ਰਿਕਾਰਡ ਪੰਜਾਬ ਨੂੰ ਨਵੇਂ ਸਾਲ ਦਾ ਕੈਲੰਡਰ ਭੇਟ



**ਹਰਿੰਦਰ ਬਿੱਟੂ**

**ਅਮਰਗੜ੍ਹ/14 ਫਰਵਰੀ :** ਪਰਮਵੀਰ ਸਿੰਘ ਆਈ ਏ ਐਸ ਡਾਇਰੈਕਟਰ ਲੈਂਡ ਰਿਕਾਰਡ ਪੰਜਾਬ ਨੂੰ ਦੀ ਰੈਵੀਨਿਊ ਕਾਨੂੰਗੋ ਐਸੋਸੀਏਸਨ ਪੰਜਾਬ ਵੱਲੋਂ ਸੂਬਾ ਪ੍ਰਧਾਨ ਹਰਵੀਰ ਸਿੰਘ ਢੀਂਡਸਾ ਜੀ ਦੀ ਅਗਵਾਈ ਵਿੱਚ ਅਹੁਦਾ ਸੰਭਾਲਣ ਤੇ ਜੀ ਆਇਆਂ ਆਖਿਆ ਗਿਆ ਤੇ ਨਵੇਂ ਸਾਲ ਦਾ ਕੈਲੰਡਰ ਭੇਂਟ ਕੀਤਾ ਗਿਆ। ਇਸ ਮੌਕੇ ਜਥੇਬੰਦੀ ਦੇ ਮਸਲਿਆਂ ਸਬੰਧੀ ਵਿਚਾਰ ਚਰਚਾ ਕਰਦਿਆਂ ਡਾਇਰੈਕਟਰ ਲੈਂਡ ਰਿਕਾਰਡ ਵੱਲੋਂ ਨੇੜ ਭਵਿੱਖ ਵਿੱਚ ਨਿਸਾਨਦੇਹੀ ਕਰਨ ਲਈ ਮਸੀਨਾਂ ਦਾ ਪ੍ਰਬੰਧ ਕਰਨ ਵਾ ਜਮਾਬੰਦੀ ਦੇ ਦਾਖਲੇ, ਦਾ ਕੰਮ ਸਬੰਧੀ ਵੀ ਵਿਚਾਰਾਂ ਕੀਤੀਆਂ। ਇਸ ਸਮੇਂ ਜਥੇਬੰਦੀ ਵੱਲੋਂ ਵਿਸੇਸ ਯਤਨ ਕਰਕੇ ਤਿੰਨ ਜ਼ਿਲ੍ਹਿਆਂ ਵਿੱਚ ਨਾਇਬ ਤਹਿਸੀਲਦਾਰ ਦੀ ਵਿਭਾਗੀ ਪ੍ਰੀਖਿਆ ਲਈ ਆਈ ਮੁਸਕਿਲ ਨੂੰ ਦੂਰ ਕਰਦਿਆਂ ਡਵੀਜਨਲ ਕਮਿਸਨਰ ਸ੍ਰੀ ਰਾਮਵੀਰ ਦੇ ਸਹਿਯੋਗ ਸਦਕਾ ਜਲੰਧਰ ਦੇ 13, ਹੁਸ਼ਿਆਰਪੁਰ ਦੇ 8, ਗੁਰਦਾਸਪੁਰ ਦੇ 1 ਕਾਨੂੰਗੋ ਉਮੀਦਵਾਰਾਂ ਨੂੰ ਰੋਲ ਨੰਬਰ ਸਲਿਪਾ ਜਾਰੀ ਕਰਵਾਈਆਂ ਗਈਆਂ। ਇਸ ਸਮੇਂ ਡਿਪਟੀ ਡਾਇਰੈਕਟਰ ਪੰਜਾਬ ਸ੍ਰੀ ਤਪਨ ਭਨੋਟ,ਜਥੇਬੰਦੀ ਵੱਲੋਂ ਨਿਰਮਲ ਸਿੰਘ ਬਾਠ ਸੂਬਾ ਜਨਰਲ ਸਕੱਤਰ, ਪਲਵਿੰਦਰ ਸਿੰਘ ਸੂਦ ਸੂਬਾ ਖਜਾਨਚੀ, ਗੁਰਵੀਰ ਸਿੰਘ ਬਾਜਵਾ ਜਲੰਧਰ ਸੀਨੀਅਰ ਮੀਤ ਪ੍ਰਧਾਨ ਪੰਜਾਬ, ਦਲਜੀਤ ਸਿੰਘ ਹੁਸ਼ਿਆਰਪੁਰ ਸੀਨੀਅਰ ਮੀਤ ਪ੍ਰਧਾਨ ਪੰਜਾਬ, ਨਿਰਮਲ ਸਿੰਘ ਗੁਰਮ ਮੀਤ ਪ੍ਰਧਾਨ, ਜਸਬੀਰ ਸਿੰਘ ਪੰਨੂ ਪ੍ਰਧਾਨ ਜ਼ਿਲ੍ਹਾ ਪ੍ਰਧਾਨ ਤਰਨ ਤਾਰਨ,ਗੁਰਮਿੰਦਰ ਸਿੰਘ ਸੰਘੇੜਾ ਜ਼ਿਲ੍ਹਾ ਪ੍ਰਧਾਨ ਜਲੰਧਰ ਹਾਜ਼ਰ ਸਨ।

# ਸੁੰਡਰਾਂ 'ਚ ਹਾਰਡਵੇਅਰ ਦੀ ਦੁਕਾਨ 'ਚੋਂ ਲੱਖਾਂ ਦਾ ਸਾਮਾਨ ਚੋਰੀ



**ਰਾਜੀਵ ਗਾਂਧੀ**

**ਡੇਰਾਬਸੀ/14 ਫਰਵਰੀ :** ਸਥਾਨਕ ਪਿੰਡ ਸੁੰਡਰਾਂ ਬੱਸ ਸਟੈਂਡ ਨੇੜੇ ਸਥਿਤ ਐਮ.ਐਸ. ਸੈਨਟਰੀ ਐਂਡ ਹਾਰਡਵੇਅਰ ਦੀ ਦੁਕਾਨ ਵਿੱਚ ਬੀਤੀ ਚੋਰੀ ਹੋ ਗਈ। ਚੋਰ ਦੁਕਾਨ ਦਾ ਸਟਰ ਤੋੜ ਕੇ ਅੰਦਰ ਦਾਖਲ ਹੋਏ ਅਤੇ ਕਰੀਬ ਦੋ ਲੱਖ ਰੁਪਏ ਮੁੱਲ ਦਾ ਸਮਾਨ ਚੋਰੀ ਕਰਕੇ ਲੈ ਗਏ। ਦੁਕਾਨ ਮਾਲਕ ਮੁਹੰਮਦ ਸਮੀਰ ਨੇ ਦੱਸਿਆ ਕਿ ਸਵੇਰੇ ਪੜੋਸੀ ਦੁਕਾਨਦਾਰਾਂ ਨੇ ਫੋਨ ਕਰਕੇ ਜਾਣਕਾਰੀ ਦਿੱਤੀ ਕਿ ਦੁਕਾਨ ਦਾ ਸਟਰ ਟੁੱਟਿਆ ਹੋਇਆ ਹੈ। ਮੌਕੇ 'ਤੇ ਪਹੁੰਚ ਕੇ ਦੇਖਿਆ ਤਾਂ ਚੋਰ ਪਿੱਤਲ ਦੀਆਂ ਕਰੀਬ 200 ਟੂਟੀਆਂ, ਪਾਣੀ ਦੀਆਂ 5 ਮੋਟਰਾਂ ਅਤੇ 10 ਸ਼ਿੰਕਾਂ ਸਮੇਤ ਕੀਮਤੀ ਸਮਾਨ ਚੋਰੀ ਕਰ ਗਏ ਸਨ। ਘਟਨਾ ਰਾਤ ਕਰੀਬ 12 ਵਜੇ ਦੇ ਕਰੀਬ ਵਾਪਰੀ। ਚੋਰੀ ਸਬੰਧੀ ਸ਼ਿਕਾਇਤ ਪੁਲਸ ਚੌਂਕੀ ਵਿੱਚ ਦਰਜ ਕਰਵਾ ਦਿੱਤੀ ਗਈ ਹੈ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸੁਰੂ ਕਰ ਦਿੱਤੀ ਹੈ ਅਤੇ ਆਸ-ਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ। ਇਲਾਕੇ ਦੇ ਵਪਾਰੀਆਂ ਵਿੱਚ ਇਸ ਘਟਨਾ ਕਾਰਨ ਡਰ ਦਾ ਮਾਹੌਲ ਬਣਿਆ ਹੋਇਆ ਹੈ।

# ਚੇਅਰਮੈਨ ਦੀਪਕ ਸੂਦ ਵੱਲੋਂ "ਚਾਹ ਦੀ ਸਾਂਝ, ਆਪਣਿਆਂ ਦੇ ਨਾਲ" ਮੁਹਿੰਮ ਦੀ ਭਲਕੇ ਕੀਤੀ ਜਾਵੇਗੀ ਸ਼ੁਰੂਆਤ

**ਡਾ. ਗੁਰਵਿੰਦਰ ਅਮਨ**



**ਰਾਜਪੁਰਾ/14 ਫਰਵਰੀ :** ਮਾਰਕੀਟ ਕਮੇਟੀ ਰਾਜਪੂਰਾ ਦੇ ਚੇਅਰਮੈਨ ਦੀਪਕ ਸੂਦ ਵੱਲੋਂ ਰਾਜਪੁਰਾ ਹਲਕੇ ਦੇ ਲੋਕਾਂ ਦੀਆਂ ਮੁਸਕਿਲਾਂ ਸੁਣ ਕੇ ਉਨ੍ਹਾਂ ਨੂੰ ਹੱਲ ਕਰਵਾਉਣ ਲਈ 16 ਫਰਵਰੀ ਦਿਨ ਸੋਮਵਾਰ ਤੋਂ "ਚਾਹ ਦੀ ਸਾਂਝ, ਆਪਣਿਆਂ ਦੇ ਨਾਲ"ਮੁਹਿੰਮ ਦੀ ਸੁਰੂਆਤ ਕੀਤੀ ਜਾ ਰਹੀ ਹੈ।

ਚੇਅਰਮੈਨ ਦੀਪਕ ਸੂਦ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਵਿੱਚ ਫਿਰ ਵੀ ਕਿਸੇ ਕਿਸਮ ਦੀ ਕੋਈ ਔਕੜ ਜਾਂ ਮੁਸਕਿਲ ਮਹਿਸੂਸ ਹੋ ਰਹੀ ਹੈ ਜਾਂ ਉਨ੍ਹਾਂ ਦੀ ਕੋਈ ਮੁਸਕਿਲ ਹੱਲ ਨਹੀਂ ਹੋ ਰਹੀ ਤਾਂ ਉਹ ਉਨ੍ਹਾਂ ਨੂੰ ਮਾਰਕੀਟ ਕਮੇਟੀ ਦੇ ਦਫਤਰ ਵਿੱਚ ਕਿਸੇ ਵੀ ਸਮੇਂ ਮਿਲ ਕੇ ਆਪਣੀ ਮੁਸਕਿਲ ਦੱਸ ਸਕਦੇ ਹਨ ਜਾਂ ਉਨ੍ਹਾਂ ਨੂੰ ਆਪਣੇ ਘਰ ਵੀ ਬੁਲਾ ਸਕਦੇ ਹਨ ਉਨ੍ਹਾਂ ਕਿਹਾ ਕਿ ਮੇਰੇ ਵੱਲੋਂ ਲੋਕਾਂ ਦੀਆਂ ਮੁਸਕਿਲਾਂ ਹੱਲ ਕਰਵਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੋਮਵਾਰ ਤੋਂ ਉਨ੍ਹਾਂ ਵੱਲੋਂ "ਚਾਹ ਦੀ ਸਾਂਝ, ਆਪਣਿਆਂ ਦੇ ਨਾਲ" ਮੁਹਿੰਮ ਦੀ ਸੁਰੂਆਤ ਕਰਕੇ ਉਹ ਹੁਣ ਰੋਜਾਨਾ ਮਾਰਕੀਟ ਕਮੇਟੀ ਰਾਜਪੁਰਾ ਦੇ ਦਫਤਰ ਵਿੱਚ ਬਹਿ ਕੇ ਲੋਕਾਂ ਦੀਆਂ ਮੁਸਕਲਾਂ ਸੁਣਿਆ ਕਰਨਗੇ। ਚੇਅਰਮੈਨ ਸੂਦ ਨੇ ਕਿਹਾ ਕਿ ਪਹਿਲਾਂ ਉਨ੍ਹਾਂ ਵੱਲੋਂ ਹਫਤੇ ਵਿੱਚ ਇੱਕ ਦਿਨ ਦਾ ਸਮਾਂ ਲੋਕਾਂ ਦੀਆਂ ਮੁਸਕਿਲਾਂ ਸੁਣਨ ਲਈ ਰੱਖਿਆ ਗਿਆ ਸੀ ਪਰ ਹੁਣ ਉਹ ਰੋਜਾਨਾ ਲੋਕਾਂ ਦੀਆਂ ਮੁਸਕਲਾਂ ਸੁਣ ਕੇ ਹੱਲ ਕਰਵਾਉਣ ਦੇ ਨਾਲ ਨਾਲ ਲੋਕਾਂ ਦੇ ਵਿਚਾਰ ਅਤੇ ਸੁਝਾਅ ਆਮ ਆਦਮੀ ਪਾਰਟੀ ਦੀ ਹਾਈ ਕਮਾਂਡ ਤੱਕ ਪਹੁੰਚਾਉਣਗੇ ਤਾਂ ਜੋ ਲੋਕਾਂ ਦੇ ਪੱਖ ਵਿੱਚ ਅਤੇ ਰਾਜਪੁਰਾ ਹਲਕੇ ਦੀ ਬਿਹਤਰੀ ਲਈ ਹੋਰ ਸੁਚਾਰੂ ਫੈਸਲੇ ਲਏ ਜਾ ਸਕਣ।

# ਨਗਰ ਕੌਂਸਲ ਮੋਰਿੰਡਾ ਦੀ ਕਾਰਗੁਜ਼ਾਰੀ ਤੋਂ ਵਾਰਡ ਨੰਬਰ 13 ਵਾਸੀ ਪਰੇਸ਼ਾਨ, ਨਹੀਂ ਹੋ ਰਿਹਾ ਗੰਦੇ ਪਾਣੀ ਦਾ ਨਿਕਾਸ

**ਲਖਵੀਰ ਸਿੰਘ**

**ਮੋਰਿੰਡਾ/14 ਫਰਵਰੀ :** ਮੋਰਿੰਡਾ ਦੇ ਵਾਰਡ ਨੰਬਰ 13 ਵਿੱਚ ਗੰਦੇ ਪਾਣੀ ਦਾ ਨਿਕਾਸ ਨਾ ਹੋਣ ਕਾਰਨ ਨਗਰ ਕੌਂਸਲ ਮੋਰਿੰਡਾ ਦੀ ਕਾਰਗੁਜ਼ਾਰੀ ਤੋਂ ਵਾਰਡ ਵਾਸੀ ਕਾਫੀ ਪ੍ਰੇਸ਼ਾਨ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਾਰਡ ਵਾਸੀ ਗੁਰਦੇਵ ਕੌਰ, ਭੁਪਿੰਦਰ ਕੌਰ, ਆਸ਼ਾ ਰਾਣੀ, ਸੁਨੀਤਾ, ਅਨੀਤਾ, ਪ੍ਰਦੀਪ ਕੁਮਾਰ, ਪੰਮਾ, ਸੋਹਣ ਲਾਲ, ਬਾਲਾ ਰਾਮ, ਪਵਨ ਕੁਮਾਰ, ਪ੍ਰਿੰਸ ਕੁਮਾਰ, ਵਰਿੰਦਰ, ਭਰਪੂਰ ਸਿੰਘ, ਅਮਰੀਕ ਸਿੰਘ, ਰਣਜੀਤ ਸਿੰਘ, ਅਨੰਦ ਕੁਮਾਰ, ਜਗਦੇਵ ਸਿੰਘ ਆਦਿ ਨੇ ਨਗਰ ਕੌਂਸਲ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ ਪਿਛਲੇ ਛੇ ਮਹੀਨੇ ਤੋਂ ਵੀ ਵੱਧ ਸਮੇਂ ਤੋਂ ਪਾਣੀ ਓਵਰਫਲੋਅ ਹੋ ਕੇ ਗਲੀਆਂ-ਸੜਕਾਂ ਤੇ ਖੜਾ ਹੈ। ਜਿਸਦਾ ਕੋਈ ਨਿਕਾਸ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਕਿ ਗੰਦੇ ਪਾਣੀ ਵਿੱਚ ਮੱਖੀ, ਮੱਛਰ ਪੈਦਾ ਹੋਣ ਕਾਰਨ ਲੋਕ ਬਿਮਾਰ ਵੀ ਹੋ ਰਹੇ ਹਨ। ਵਾਰਡ ਵਾਸੀਆਂ ਨੇ ਦੱਸਿਆ ਕਿ ਨਗਰ ਕੌਂਸਲ ਮੋਰਿੰਡਾ ਅਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਕੋਲ ਵਾਰ-ਵਾਰ ਬੇਨਤੀ ਕਰਨ ਦੇ ਬਾਵਜੂਦ ਵੀ ਕੋਈ ਕਾਰਵਾਈ ਨਹੀਂ ਹੋ ਰਹੀ। ਕਈ ਵਾਰੀ ਕੌਂਸਲ ਅਧਿਕਾਰੀ ਸੀਵਰੇਜ ਦਾ ਪਾਣੀ ਕੱਢਣ ਵਾਲੀ ਗੱਡੀ ਭੇਜ ਕੇ ਪਾਣੀ ਕਢਵਾ ਦਿੰਦੇ ਹਨ ਪ੍ਰੰਤੂ ਕੁੱਝ ਦਿਨਾਂ ਬਾਅਦ ਗੰਦਾ ਪਾਣੀ ਫਿਰ ਖੜ ਜਾਂਦਾ ਹੈ। ਜਿਸ ਕਾਰਨ ਸਮੱਸਿਆ ਜਿਉਂ ਦੀ ਤਿਉਂ ਬਣੀ ਰਹਿੰਦੀ ਹੈ। ਵਾਰਡ ਵਾਸੀ ਪ੍ਰਦੀਪ ਕੁਮਾਰ ਨੇ ਦੱਸਿਆ ਕਿ ਜਦੋਂ ਉਹ ਆਪਣੀ ਸਮੱਸਿਆ ਸਬੰਧੀ ਨਗਰ ਕੌਂਸਲ ਦਫਤਰ ਜਾਂਦੇ ਹਨ ਤਾਂ ਅਧਿਕਾਰੀ ਜਵਾਬ ਦਿੰਦੇ ਹਨ ਕਿ ਇਲਾਕਾ ਨੀਵਾਂ ਹੋਣ ਕਾਰਨ ਸੀਵਰੇਜ ਓਵਰਫਲੋਅ ਹੋ ਜਾਂਦਾ ਹੈ। ਉਨ੍ਹਾਂ ਨੇ ਬੜੀ ਮੁਸ਼ਕਿਲ ਨਾਲ ਇੱਥੇ ਆਪਣੇ ਮਕਾਨ ਬਣਾਏ ਸਨ, ਪ੍ਰੰਤੂ ਗੰਦੇ ਪਾਣੀ ਕਾਰਨ ਮਕਾਨਾਂ ਨੂੰ ਕਾਫੀ ਨੁਕਸਾਨ ਹੋ ਰਿਹਾ ਹੈ। ਨਗਰ ਕੌਂਸਲ ਵਲੋਂ ਕੋਈ ਕਾਰਵਾਈ ਨਾ ਕਰਨ ਕਾਰਨ ਉਹ ਇਹ ਇਲਾਕਾ ਛੱਡ ਕੇ ਕਿਸੇ ਹੋਰ ਪਾਸੇ ਜਾਣ ਦੀ ਸੋਚ ਰਹੇ ਹਨ। ਵਾਰਡ ਵਾਸੀਆਂ ਨੇ ਡਿਪਟੀ ਕਮਿਸ਼ਨਰ ਰੂਪਨਗਰ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਗੰਦੇ ਪਾਣੀ ਦੀ ਸਮੱਸਿਆ ਦਾ ਜਲਦ ਤੋਂ ਜਲਦ ਹੱਲ ਕਰਵਾਇਆ ਜਾਵੇ।



# ਪ੍ਰਧਾਨ ਮੰਤਰੀ ਵੱਲੋਂ ਪੀਐਮ ਈ-ਬੱਸ ਸੇਵਾ ਸਕੀਮ ਤਹਿਤ ਚੰਡੀਗੜ੍ਹ ਲਈ 25 ਇਲੈਕਟ੍ਰਿਕ ਬੱਸਾਂ ਨੂੰ ਹਰੀ ਝੰਡੀ





**ਵੀ ਪੀ ਸਿੰਘ ਨਾਗਰਾ**

**ਚੰਡੀਗੜ੍ਹ/14 ਫਰਵਰੀ :** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਗੁਹਾਟੀ ਤੋਂ ਪੀਐਮ ਈ-ਬੱਸ ਸੇਵਾ ਸਕੀਮ ਦੇ ਤਹਿਤ ਚੰਡੀਗੜ੍ਹ ਸ਼ਹਿਰ ਲਈ 25 ਇਲੈਕਟ੍ਰਿਕ ਬੱਸਾਂ ਨੂੰ ਵਰਚੁਅਲੀ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਪੰਜਾਬ ਦੇ ਰਾਜਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਮੌਜੂਦ ਰਹੇ। ਇਸ ਪ੍ਰੋਗਰਾਮ ਵਿੱਚ ਚੰਡੀਗੜ੍ਹ ਦੇ ਮੇਅਰ ਸੌਰਭ ਜੋਸੀ, ਮੁੱਖ ਸਕੱਤਰ ਐਚ. ਰਾਜੇਸ਼ ਪ੍ਰਸਾਦ, ਗ੍ਰਹਿ ਸਕੱਤਰ ਮਨਦੀਪ ਸਿੰਘ ਬਰਾੜ, ਟ੍ਰਾਂਸਪੋਰਟ ਸਕੱਤਰ ਦੀਪਰਵਾ ਲਾਕੜਾ ਤੇ ਯੂਟੀ ਚੰਡੀਗੜ੍ਹ ਦੇ ਡਾਇਰੈਕਟਰ ਟ੍ਰਾਂਸਪੋਰਟ ਪ੍ਰਦੁਮਨ ਸਿੰਘ ਸਣੇ ਯੂਟੀ ਚੰਡੀਗੜ੍ਹ ਦੇ ਹੋਰ ਸੀਨੀਅਰ ਅਧਿਕਾਰੀ ਮੌਜੂਦ ਰਹੇ।

ਭਾਰਤ ਸਰਕਾਰ ਦੇ ਹਾਊਸਿੰਗ ਅਤੇ ਸਹਿਰੀ ਮਾਮਲਿਆਂ ਦੇ ਮੰਤਰਾਲੇ ਵੱਲੋਂ ਪੀਐਮ ਈ-ਬੱਸ ਸੇਵਾ ਸਕੀਮ ਦੇ ਤਹਿਤ ਚੰਡੀਗੜ੍ਹ ਸਹਿਰ ਲਈ 428 ਬੱਸਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਪਹਿਲੇ ਪੜਾਅ ਵਿੱਚ 100 ਬੱਸਾਂ ਲਈ ਮੰਤਰਾਲੇ ਦੇ ਤਹਿਤ ਕਨਵਰਜੈਂਸ ਐਨਰਜੀ ਸਰਵਿਸਿਜ਼ ਲਿਮਟਿਡ ਵੱਲੋਂ ਚੰਡੀਗੜ੍ਹ ਸ਼ਹਿਰ ਲਈ ਬੱਸਾਂ ਕਿਰਾਏ 'ਤੇ ਲੈਣ ਲਈ ਈ-ਟੈਂਡਰ ਮੰਗਿਆ ਗਿਆ ਸੀ ਅਤੇ ਇਸ ਅਨੁਸਾਰ ਚੰਡੀਗੜ੍ਹ ਪ੍ਰਸ਼ਾਸਨ ਦੁਆਰਾ ਸਭ ਤੋਂ ਘੱਟ ਅਪ੍ਰੇਟਰ ਨਾਲ 61.80 ਰੁਪਏ ਪ੍ਰਤੀ ਕਿਲੋਮੀਟਰ ਦੀ ਦਰ ਨਾਲ ਸਮਝੌਤਾ ਕੀਤਾ ਗਿਆ ਹੈ।

ਵਰਤਮਾਨ ਸਮੇਂ ਵਿੱਚ ਚੰਡੀਗੜ੍ਹ ਸ਼ਹਿਰ ਅੰਦਰ 80 ਇਲੈਕਟ੍ਰਿਕ ਬੱਸਾਂ ਚੱਲ ਰਹੀਆਂ ਹਨ ਅਤੇ ਅੱਜ ਹਰੀ ਝੰਡੀ ਦਿਖਾ ਕੇ ਰਵਾਨਾ ਕੀਤੀਆਂ ਗਈਆਂ 25 ਬੱਸਾਂ ਦੇ ਜੁੜਨ ਨਾਲ ਚੰਡੀਗੜ੍ਹ ਵਿੱਚ ਕੁੱਲ 105 ਇਲੈਕਟ੍ਰਿਕ ਬੱਸਾਂ ਹੋ ਜਾਣਗੀਆਂ। ਬਾਕੀ 75 ਬੱਸਾਂ ਦੀ ਡਿਲਿਵਰੀ ਤੋਂ ਬਾਅਦ ਅਪ੍ਰੈਲ-ਮਈ 2026 ਤੱਕ ਕੁੱਲ 180 ਇਲੈਕਟ੍ਰਿਕ ਬੱਸਾਂ ਸੰਚਾਲਿਤ ਹੋਣਗੀਆਂ।

ਨਵੀਆਂ ਸ਼ਾਮਲ ਕੀਤੀਆਂ ਗਈਆਂ 12-ਮੀਟਰ ਘੱਟ-ਮੰਜ਼ਿਲ ਵਾਲੀਆਂ ਏਅਰ-ਕੰਡੀਸ਼ਨਡ ਇਲੈਕਟ੍ਰਿਕ ਬੱਸਾਂ ਇੱਕ ਵਾਰ ਚਾਰਜ ਕਰਨ 'ਤੇ 224 ਕਿਲੋਮੀਟਰ ਤੱਕ ਚੱਲਣ ਦੇ ਸਮਰੱਥ ਹਨ।

# ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਦੀ ਸਰਬਸੰਮਤੀ ਨਾਲ ਚੋਣ, ਰਾਜਿੰਦਰ ਸਿੰਘ ਨਨੂਆ ਪ੍ਰਧਾਨ, ਬਲਬੀਰ ਸਿੰਘ ਸੈਣੀ ਜਨਰਲ ਸਕੱਤਰ ਤੇ ਬਹਾਦਰਜੀਤ ਸਿੰਘ ਵਾਈਸ ਪ੍ਰਧਾਨ ਚੁਣੇ



**ਰਾਜਨ ਵੋਹਰਾ**

**ਰੂਪਨਗਰ/14 ਫਰਵਰੀ :** ਸਮਾਜ ਸੇਵਾ ਨੂੰ ਸਰਮਗਰਮੀ ਨਾਲ ਸਮਰਪਿਤ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਸੈਣੀ ਭਵਨ ਰੂਪਨਗਰ ਵਲੋਂ ਸੰਸਥਾ ਦੇ ਸਵਿਧਾਨ ਅਨੁਸਾਰ ਨਵੀ ਮੈਨੇਜਿੰਗ ਕਮੇਟੀ ਦੀ ਚੋਣ ਲਈ ਸਮੂਹ ਟਰੱਸਟੀਆ ਤੇ ਕਮੇਟੀ ਮੈਂਬਰਾ ਦੀ ਅੱਜ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ।ਮੀਟਿੰਗ ਦੀ ਕਾਰਵਾਈ ਬਾਰੇ ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਪੀਆਰਓ ਰਾਜਿੰਦਰ ਸੈਣੀ ਨੇ ਦੱਸਿਆ ਕਿ ਮੀਟਿੰਗ 'ਚ ਸਰਵਸੰਮਤੀ ਨਾਲ ਰਾਜਿੰਦਰ ਸਿੰਘ ਨਨੂਆ ਨੂੰ ਸੰਸਥਾ ਦਾ ਪ੍ਰਧਾਨ ਅਤੇ ਬਲਬੀਰ ਸਿੰਘ ਸੈਣੀ ਨੂੰ ਫਿਰ ਤੋਂ ਜਨਰਲ ਸਕੱਤਰ ਚੁਣੀਆ ਗਿਆ।ਮੀਟਿੰਗ ਦੌਰਾਨ ਸ਼੍ਰੀ ਤਰਸੇਮ ਸੈਣੀ ਪਟਿਆਲਾ ਨੂੰ ਚੀਫ ਪੈਟਰਨ, ਕੈਪਟਨ ਹਾਕਮ ਸਿੰਘ ਨੂੰ ਪੈਟਰਨ, ਡਾ. ਅਜਮੇਰ ਸਿੰਘ ਤੰਬੜ ਨੂੰ ਚੇਅਰਮੈਨ, ਸ. ਗੁਰਮੁੱਖ ਸਿੰਘ ਸੈਣੀ ਨੂੰ ਵਾਇਸ ਚੇਅਰਮੈਨ, ਸ. ਰਾਮ ਸਿੰਘ ਸੈਣੀ ਨੂੰ ਸੀਨੀਅਰ ਵਾਇਸ ਪ੍ਰਧਾਨ, ਸ. ਦੇਵਿੰਦਰ ਸਿੰਘ ਜਟਾਣਾ ਨੂੰ ਜਾਇੰਟ ਸਕੱਤਰ, ਰਾਜਿੰਦਰ ਸੈਣੀ ਨੂੰ ਪੀਆਰਓ, ਰਾਵਿੰਦਰ ਸਿੰਘ ਮੁੰਡਰਾ ਨੂੰ ਕਾਨੂਨੀ ਸਲਾਹਕਾਰ, ਅਮਰਜੀਤ ਸਿੰਘ ਨੂੰ ਜਾਇੰਟ ਸਕੱਤਰ (ਸਿੱਖਿਆ), ਡਾ. ਜਸਵੰਤ ਕੌਰ ਸੈਣੀ ਵਾਇਸ ਪ੍ਰਧਾਨ (ਸੈਣੀ ਸੰਸਾਰ ਮੈਗਜ਼ੀਨ) ਦਲਜੀਤ ਸਿੰਘ ਜਾਇੰਟ ਸਕੱਤਰ (ਬਲੱਡ ਡੋਨੇਸ਼ਨ) ਜਗਦੇਵ ਸਿੰਘ ਖਜ਼ਾਨਚੀ ਤੇ ਮੈਨੇਜਰ ਮੈਗਜ਼ੀਨ ਸਰਕੂਲੇਸ਼ਨ, ਬਹਾਦਰਜੀਤ ਸਿੰਘ ਵਾਇਸ ਪ੍ਰਧਾਨ (ਮੀਡੀਆ), ਡਾ. ਹਰਚਰਨ ਦਾਸ ਸੇਰ ਨੂੰ ਵਾਇਸ ਪ੍ਰਧਾਨ (ਗਤੀਵਿਧਿਆਂ) ਇੰਜ. ਹਰਜੀਤ ਸਿੰਘ ਸੈਣੀ ਨੂੰ ਤਕਨੀਕੀ ਸਲਾਹਕਾਰ, ਰਾਵਿੰਦਰ ਕੌਰ ਨੂੰ ਜਾਇੰਟ ਸਕੱਤਰ (ਸਿੱਖਿਆ) ਰਾਜਿੰਦਰ ਸਿੰਘ ਗਿਰਨ ਨੂੰ ਅਡੀਟਰ, ਸ. ਸੁਰਿੰਦਰ ਸਿੰਘ ਨੂੰ ਜਾਇੰਟ ਸਕੱਤਰ ਮੈਟਰੀਮੋਰੀਅਲ, ਟੇਕਪਾਲ ਸਿੰਘ, ਪ੍ਰਿਤਪਾਲ ਸਿੰਘ, ਰਾਜੀਵ ਸੈਣੀ, ਬਲਦੇਵ ਸਿੰਘ ਮੁਡਰਾ, ਹਰਜੀਤ ਸਿੰਘ ਗਿਰਨ ਤੇ ਗੁਰਪਾਲ ਸਿੰਘ ਪ੍ਰਬੰਧਕੀ ਕਮੇਟੀ ਦੇ ਸਲਾਹਕਾਰ ਹੋਣਗੇ। ਮੀਟਿੰਗ ਦੌਰਾਨ ਫੈਸਲਾ ਲਿਆ ਗਿਆ ਕਿ ਸੰਸਥਾ ਦੇ ਸਮੂਹ ਮੈਂਬਰਜ਼ ਸੇਵਾਭਾਵ ਨਾਲ ਆਪਣੀਆ ਸੇਵਾਵਾਂ ਨਿਭਾਉਣਗੇ, ਇਹ ਅਹੁਦੇ ਕੇਵਲ ਸੰਸਥਾ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਦਿੱਤੇ ਗਏ ਹਨ। ਇਸ ਮੌਕੇ ਡਾ. ਅਜਮੇਰ ਸਿੰਘ ਤਬੰੜ ਤੇ ਜਨਰਲ ਸਕੱਤਰ ਬਲਬੀਰ ਸਿੰਘ ਸੈਣੀ ਨੇ ਨਵੀਂ ਗਠਤ ਪ੍ਰਬੰਧਕੀ ਕਮੇਟੀ ਮੈਂਬਰਜ਼ ਨੂੰ ਵਧਾਈ ਦਿੰਦੇ ਹੋਏ ਹੁਣ ਤੋਂ ਹੀ ਸੈਣੀ ਭਵਨ ਵਲੋਂ ਅਪ੍ਰੈਲ ਮਹੀਨੇ ਵਿਚ ਹੋਣ ਵਾਲੇ ਸਾਲਾਨਾ ਸੈਣੀ ਸੰਮੇਲਨ ਲਈ ਤਿਆਰੀ ਅਰੰਭ ਕਰਨ ਲਈ ਪ੍ਰੇਰਤ ਕੀਤਾ।ਨਵੇਂ ਚੁਣੇ ਪ੍ਰਧਾਰ ਰਾਜਿੰਦਰ ਸਿੰਘ ਨਨੂਆਂ ਨੇ ਉਸ ਨੂੰ ਦਿੱਤੀ ਗਈ ਜਿੰਮੇਵਾਰੀ ਸਭ ਦੇ ਸਹਿਯੋਗ ਨਾਲ ਪੂਰੀ ਲਗਨ ਤੇ ਮੇਹਨਤ ਨਾਲ ਕਰਨ ਦਾ ਭਰੋਸਾ ਦਿੱਤਾ।

# ਨਾਥ ਸੰਪਰਦਾ ਦੇ ਸੰਤਾਂ ਵੱਲੋਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨਾਲ ਮੀਟਿੰਗ

**ਕੁਲਦੀਪ ਸਿੰਘ ਢਿੱਲੋਂ**

**ਖਰੜ/14 ਫਰਵਰੀ :** ਨਾਥ ਸੰਪਰਦਾ ਦੇ ਸੀਨੀਅਰ ਸੰਤਾਂ ਨੇ ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਮਹੰਤ ਯੋਗੀ ਆਦਿੱਤਿਆ ਨਾਥ ਜੀ ਮਹਾਰਾਜ਼ ਨਾਲ ਮੀਟਿੰਗ ਕੀਤੀ ਅਤੇ ਆਸ਼ੀਰਵਾਦ ਪ੍ਰਾਪਤ ਕੀਤਾ। ਪ੍ਰਾਚੀਨ ਮਾਤਾ ਅੰਬਿਕਾ ਦੇਵੀ ਮੰਦਰ ਖਰੜ ਦੇ ਮਹੰਤ ਯੋਗੀ ਰਾਮ ਨਾਥ ਜੀ ਮਹਾਰਾਜ਼ ਨੇ ਦਸਿਆ ਇਸ ਮੀਟਿੰਗ ਵਿਚ ਧਾਰਮਿਕ, ਸਭਿਆਚਾਰਕ ਅਤੇ ਸਮਾਜਿਕ ਮਾਮਲਿਆਂ ਦੇ ਨਾਲ ਨਾਲ ਦੇਸ਼ ਭਰ ਵਿਚ ਸਥਿਤ ਨਾਥ ਸੰਪਰਦਾ ਦੇ ਮੱਠਾਂ ਅਤੇ ਮੰਦਰਾਂ ਦੇ ਵਿਕਾਸ ਅਤੇ ਪ੍ਰਬੰਧਾਂ ਦੇ ਮਾਮਲੇ ਵਿਚ ਵਿਸ਼ੇਸ਼ ਤੌਰ ਤੇ ਮਹੱਤਵਪੂਰਨ ਸੀ। ਬਾਬਾ ਮਸਤਨਾਥ ਮਠਾਧੀਸ਼ਵਰ, ਸ੍ਰੀ ਮਹੰਤ ਬਾਲਕ ਨਾਥ ਯੋਗੀ ਜੀ ਮਹਾਰਾਜ਼ ਨੂੰ ਨਾਥ ਸੰਪਰਦਾਇਦ ਦੀ ਪਵਿੱਤਰ ਸੰਗਤ ਦਾ ਆਸ਼ੀਰਵਾਦ ਪ੍ਰਾਪਤ ਹੋਇਆ, ਉਨ੍ਹਾਂ ਨਾਲ ਨਾਥ ਸੰਪਰਦਾਇ ਦੇ ਸੀਨੀਅਰ ਸੰਤ ਅਤੇ ਮਹੰਤ ਸਨ ਜਿਨ੍ਹਾਂ ਵਿਚ 12 ਰਮਤਾਂ ਦੇ ਸਤਿਕਾਰਯੋਗ ਸ੍ਰੀ ਮਹੰਤ ਸ੍ਰੀ ਕ੍ਰਿਸ਼ਨ ਨਾਥ ਜੀ ਮਹਾਰਾਜ਼ ਅਤੇ 1 ਰਾਮਤਾਂ ਦੇ ਸਤਿਕਾਰਯੋਗ ਸ੍ਰੀ ਮਹੰਤ ਕ੍ਰਿਸ਼ਨ ਨਾਥ ਜੀ ਮਹਾਰਾਜ਼ ਸ਼ਾਮਲ ਸਨ।



ਇਸ ਤੋਂ ਇਲਾਵਾ ਮੀਟਿੰਗ ਵਿਚ ਉਤਰ ਪ੍ਰਦੇਸ ਦੇ ਮੁੱਖ ਮੰਤਰੀ ਨਾਲ ਪੰਜਾਬ ਦੇ ਮੱਠਾਂ ਅਤੇ ਮੰਦਰਾਂ ਬਾਰੇ ਚਰਚਾ ਕੀਤੀ ਗਈ ਅਤੇ ਸ੍ਰੀ ਨਾਥ ਕੀ ਅਗਵਾਈ ਹੇਠ ਰਾਜ ਵਿਚ ਕੀਤੇ ਜਾ ਰਹੇ ਧਾਰਮਿਕ ਸਭਿਆਚਾਰਕ ਅਤੇ ਅਧਿਆਤਮਿਕ ਵਿਕਾਸ ਕਾਰਜਾਂ ਦੀ ਸ਼ਲਾਘਾ ਕੀਤੀ।

# ਸੂਬਾ ਕਮੇਟੀਆਂ ਦੀਆਂ ਮੀਟਿੰਗਾਂ ਅੱਜ

## ਬਲਾਕ ਤੇ ਤਹਿਸੀਲ ਪੱਧਰੀ ਸਾਂਝੀਆਂ ਤਿਆਰੀ ਮੀਟਿੰਗਾਂ 16-17 ਫਰਵਰੀ ਨੂੰ

**ਦਸਨਸ**

**ਚੰਡੀਗੜ੍ਹ/14 ਫਰਵਰੀ :** ਸਮੂਹ ਅਧਿਆਪਕ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਸੁਖਵਿੰਦਰ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਸੁਰਿੰਦਰ ਕੰਬੋਜ, ਸੁਰਿੰਦਰ ਕੁਮਾਰ ਪੁਆਰੀ, ਦਿਗਵਿਜੇ ਪਾਲ ਸਰਮਾ, ਵਿਕਰਮ ਦੇਵ ਸਿੰਘ, ਲਛਮਣ ਸਿੰਘ ਨਬੀਪੁਰ, ਬਾਜ ਸਿੰਘ ਖਹਿਰਾ, ਹਰਵਿੰਦਰ ਸਿੰਘ ਬਿਲਗਾ, ਹਰਜੰਟ ਸਿੰਘ ਬੋਡੇ, ਪ੍ਰਗਟਜੀਤ ਸਿੰਘ ਕਿਸਨਪੁਰਾ, ਸੁਖਜਿੰਦਰ ਸਿੰਘ ਹਰੀਕਾ, ਗੁਰਿੰਦਰ ਸਿੰਘ ਸਿੱਧੂ, ਪਤਵੰਤ ਸਿੰਘ, ਜਗਜੀਤ ਸਿੰਘ ਲੁਧਿਆਣਾ, ਗੁਰਬਿੰਦਰ ਸਿੰਘ ਸਸਕੌਰ, ਨਵਪ੍ਰੀਤ ਬੱਲੀ, ਰੇਸਮ ਸਿੰਘ, ਤੇਜਿੰਦਰ ਸਿੰਘ ਸਾਹ ਆਦਿ ਸਾਮਿਲ ਸਨ। ਸਮੂਹ ਜਥੇਬੰਦੀਆਂ ਨੇ ਜਬਰੀ ਥੋਪੇ ਜਾ ਰਹੇ ਟੈੱਟ ਦੇ ਵਿਰੋਧ ਵਿੱਚ 10-11 ਫਰਵਰੀ ਨੂੰ ਬਲਾਕ, ਜ਼ਿਲ੍ਹਾ ਪੱਧਰੀ ਧਰਨੇ ਤੇ ਰੈਲੀਆਂ ਕਰਕੇ ਪਦਉਨਤੀਆਂ ਲਈ ਟੈੱਟ ਲਾਜਮੀ ਕਰਨ ਦੇ ਪੱਤਰ ਦੀਆਂ ਕਾਪੀਆਂ ਫੂਕਣ ਲਈ ਪੰਜਾਬ ਦੇ ਅਧਿਆਪਕ ਵਰਗ ਦਾ ਧੰਨਵਾਦ ਕੀਤਾ ਗਿਆ।



ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ 22 ਫਰਵਰੀ ਦੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਕੀਤੇ ਜਾਣ ਵਾਲੇ ਮਹਾਂ ਰੋਸ ਪ੍ਰਦਰਸਨ ਦੀ ਤਿਆਰੀ ਲਈ 14-15 ਫਰਵਰੀ ਨੂੰ ਸਮੂਹ ਜਥੇਬੰਦੀਆਂ ਆਪਣੀਆਂ ਸੂਬਾ ਕਮੇਟੀਆਂ ਦੀਆਂ ਮੀਟਿੰਗਾਂ ਕਰਨਗੀਆਂ। ਇਸੇ ਤਰ੍ਹਾਂ 16-17 ਫਰਵਰੀ ਨੂੰ ਜਿਲ੍ਹਿਆਂ ਵਿੱਚ ਬਲਾਕ ਤੇ ਤਹਿਸੀਲ ਪੱਧਰੀ ਸਾਂਝੀਆਂ ਤਿਆਰੀ ਮੀਟਿੰਗਾਂ ਕੀਤੀਆਂ ਜਾਣਗੀਆਂ।

ਪੰਜਾਬ ਦੀਆਂ ਸਮੂਹ ਅਧਿਆਪਕ ਜਥੇਬੰਦੀਆਂ ਦੇ ਆਗੂਆਂ ਨੇ ਪੰਜਾਬ ਦੇ ਅਧਿਆਪਕ ਵਰਗ ਨੂੰ ਜਬਰੀ ਥੋਪੇ ਜਾ ਰਹੇ ਟੈੱਟ ਦਾ ਹਿੱਸਾ ਬਣਨ ਦੀ ਬਜਾਏ ਟੈੱਟ ਨੂੰ ਰੋਕਣ ਲਈ 22 ਫਰਵਰੀ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਕੀਤੇ ਜਾ ਰਹੇ ਮਹਾਂ ਰੋਸ ਪ੍ਰਦਰਸਨ ਵਿੱਚ ਸਾਮਿਲ ਹੋ ਕੇ ਸੰਘਰਸ ਦਾ ਹਿੱਸਾ ਬਣਨ ਦੀ ਅਪੀਲ ਕੀਤੀ।

# 81.80 ਕਰੋੜ ਨਾਲ ਰਾਜਿੰਦਰਾ ਹਸਪਤਾਲ 'ਚ ਬਣੇਗਾ 256 ਬੈਡਾਂ ਵਾਲਾ ਅਧੁਨਿਕ ਟ੍ਰੌਮਾ ਸੈਂਟਰ: ਡਾ. ਬਲਬੀਰ ਸਿੰਘ



**ਸੁਭਾਸ਼ ਚੰਦਰ**

**ਪਟਿਆਲਾ/14 ਫਰਵਰੀ:** ਪੰਜਾਬ ਦੇ ਸਿਹਤ ਖੇਤਰ ਲਈ ਅੱਜ ਇੱਕ ਨਵਾਂ ਇਤਿਹਾਸਿਕ ਕਦਮ ਚੁੱਕਦਿਆਂ ਅਤੇ ਸੂਬੇ ਦੇ ਸਰਕਾਰੀ ਸਿਹਤ ਢਾਂਚੇ ਨੂੰ ਹੋਰ ਮਜਬੂਤ ਬਣਾਉਂਦਿਆਂ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਰਾਜਿੰਦਰਾ ਹਸਪਤਾਲ ਵਿਖੇ 81 ਕਰੋੜ 80 ਲੱਖ ਰੁਪਏ ਦੀ ਲਾਗਤ ਨਾਲ 256 ਬੈਡਾਂ ਦੀ ਸਮਰੱਥਾ ਵਾਲਾ ਆਧੁਨਿਕ ਟ੍ਰੌਮਾ ਸੈਂਟਰ ਬਣਾਇਆ ਜਾਵੇਗਾ। ਇਹ ਟ੍ਰੌਮਾ ਸੈਂਟਰ ਗੰਭੀਰ ਹਾਦਸਿਆਂ ਅਤੇ ਐਮਰਜੈਂਸੀ ਮਾਮਲਿਆਂ ਵਿੱਚ ਮਰੀਜਾਂ ਲਈ ਜੀਵਨ-ਰੱਖਿਆ ਸਾਬਤ ਹੋਵੇਗਾ।

ਇਸ ਮੌਕੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸਰਕਾਰ ਲੋਕਾਂ ਨੂੰ ਉੱਚ-ਪੱਧਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਇਹ ਨਵੀਂ ਇਮਾਰਤ ਪੂਰੀ ਤਰ੍ਹਾਂ ਕੇਂਦਰੀ ਏਅਰ ਕੰਡੀਸਨ ਪ੍ਰਣਾਲੀ ਨਾਲ ਲੈਸ ਹੋਏਗੀ ਅਤੇ ਟ੍ਰੌਮਾ ਸੈਂਟਰ ਵਿੱਚ ਆਧੁਨਿਕ ਮੈਡੀਕਲ ਉਪਕਰਣ ਸਥਾਪਿਤ ਕੀਤੇ ਜਾਣਗੇ। ਹੁਣ ਕਿਸੇ ਵੀ ਗੰਭੀਰ ਮਰੀਜ ਨੂੰ ਵੈਂਟੀਲੇਟਰ ਦੀ ਘਾਟ ਕਾਰਨ ਵਾਪਸ ਨਹੀਂ ਮੋੜਨਾ ਪਵੇਗਾ।

ਸਿਹਤ ਮੰਤਰੀ ਨੇ ਕਿਹਾ ਕਿ ਇਸ ਪ੍ਰਾਜੈਕਟ ਨਾਲ ਨਾ ਸਿਰਫ ਪਟਿਆਲਾ, ਸਗੋਂ ਆਸ-ਪਾਸ ਦੇ ਜ਼ਿਲ੍ਹਿਆਂ ਦੇ ਲੋਕਾਂ ਨੂੰ ਵੀ ਤੁਰੰਤ ਅਤੇ ਮਿਆਰੀ ਇਲਾਜ ਦੀ ਸਹੂਲਤ ਮਿਲੇਗੀ। ਟ੍ਰੌਮਾ ਸੈਂਟਰ ਦੇ ਚਾਲੂ ਹੋਣ ਨਾਲ ਐਮਰਜੈਂਸੀ ਸੇਵਾਵਾਂ ਦੀ ਗੁਣਵੱਤਾ ਵਿੱਚ ਵੱਡਾ ਸੁਧਾਰ ਆਵੇਗਾ ਅਤੇ ਜਾਨਾਂ ਬਚਾਉਣ ਦੀ ਸੰਭਾਵਨਾ ਵਧੇਗੀ।

ਇਸ ਤੋਂ ਇਲਾਵਾ ਮਰੀਜਾਂ ਦੀ ਸੁਵਿਧਾ ਲਈ 56 ਲੱਖ ਰੁਪਏ ਦੀ ਲਾਗਤ ਨਾਲ ਇੱਕ ਨਵਾਂ ਸੈਂਟਰਲ ਫੈਸਿਲਟੀ ਸੈਂਟਰ ਵੀ ਤਿਆਰ ਕੀਤਾ ਜਾ ਰਿਹਾ ਹੈ। ਇਸ ਕੇਂਦਰ ਵਿੱਚ ਬਿਲਿੰਗ ਸੈਕਸਨ, ਐਡਮਿਸਨ ਸੈਕਸਨ ਅਤੇ ਮਿਨੀ ਲੈਬੋਰਟਰੀ ਦੀ ਸਹੂਲਤ ਹੋਵੇਗੀ। ਐਮਰਜੈਂਸੀ ਵਿੱਚ ਦਾਖਲ ਮਰੀਜਾਂ ਲਈ ਜਰੂਰੀ ਲੈਬ ਟੈਸਟ ਤੁਰੰਤ ਉਪਲਬਧ ਹੋਣਗੇ, ਜਿਸ ਨਾਲ ਇਲਾਜ ਵਿੱਚ ਦੇਰੀ ਨਹੀਂ ਆਵੇਗੀ। ਇਹ ਉਪਰਾਲਾ ਮਰੀਜਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਗਿਆ ਹੈ।

ਇਸ ਦੇ ਨਾਲ ਹੀ ਉਹਨਾਂ ਜੂਨੀਅਰ ਰਿਹਾਇਸੀ ਡਾਕਟਰਾਂ ਲਈ ਹੋਸਟਲ ਦੇ ਨਿਰਮਾਣ ਵਾਸਤੇ 13 ਕਰੋੜ 53 ਲੱਖ ਰੁਪਏ ਜਾਰੀ ਕੀਤੇ ਜਿਸ ਨਾਲ ਡਾਕਟਰਾਂ ਅਤੇ ਮੈਡੀਕਲ ਸਟਾਫ ਨੂੰ ਬਿਹਤਰ ਰਿਹਾਇਸੀ ਸਹੂਲਤਾਂ ਮਿਲਣਗੀਆਂ, ਅਤੇ ਸਿਹਤ ਸੇਵਾਵਾਂ ਦੀ ਡਿਲਿਵਰੀ ਹੋਰ ਪ੍ਰਭਾਵਸਾਲੀ ਬਣੇਗੀ। ਸਿਹਤ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਮੁੱਖ ਮੰਤਰੀ ਸਿਹਤ ਯੋਜਨਾ ਦਾ ਲਾਭ ਲੈਣ ਲਈ ਆਪਣਾ ਆਧਾਰ ਕਾਰਡ ਅਤੇ ਵੋਟਰ ਕਾਰਡ ਜਰੂਰ ਨਾਲ ਲੈ ਕੇ ਆਉਣ। ਹਸਪਤਾਲ ਵਿੱਚ ਮੌਕੇ 'ਤੇ ਹੀ ਕਾਰਡ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ 10 ਲੱਖ ਰੁਪਏ ਤੱਕ ਦੇ ਮੁਫਤ ਇਲਾਜ ਦੀ ਸਹੂਲਤ ਨਾਲ ਲੋਕਾਂ ਨੂੰ ਦਵਾਈਆਂ ਬਾਹਰੋਂ ਖਰੀਦਣ ਦੀ ਲੋੜ ਨਹੀਂ ਪਵੇਗੀ, ਕਿਉਂਕਿ ਸਾਰਾ ਇਲਾਜ ਅਤੇ ਦਵਾਈਆਂ ਹਸਪਤਾਲ ਵਿੱਚ ਹੀ ਮੁਫਤ ਪ੍ਰਦਾਨ ਕੀਤੀਆਂ ਜਾਣਗੀਆਂ।

ਉਨ੍ਹਾਂ ਨੌਜਵਾਨਾਂ ਅਤੇ ਔਰਤਾਂ ਨੂੰ ਵੀ ਅਪੀਲ ਕੀਤੀ ਕਿ ਉਹ ਯੋਜਨਾ ਕਾਰਡ ਬਣਵਾ ਕੇ ਸਿਹਤ ਸੁਰੱਖਿਆ ਦੇ ਨਾਲ-ਨਾਲ ਰੋਜਗਾਰ ਦੇ ਮੌਕੇ ਹਾਸਲ ਕਰਨ। ਪੰਜਾਬ ਸਰਕਾਰ ਲੋਕ ਭਲਾਈ ਲਈ ਲਗਾਤਾਰ ਯਤਨਸੀਲ ਹੈ ਅਤੇ ਸੂਬੇ ਵਿੱਚ ਸਿਹਤ ਸਹੂਲਤਾਂ ਨੂੰ ਨਵੀਂ ਉਚਾਈਆਂ ਤੱਕ ਲਿਜਾਣ ਲਈ ਪੂਰੀ ਤਰ੍ਹਾਂ ਪ੍ਰਤੀਬੱਧ ਹੈ।

ਇਸ ਮੌਕੇ ਉਨ੍ਹਾਂ ਦੇ ਨਾਲ ਮੈਡੀਕਲ ਸੁਪਰਡੈਂਟ ਡਾ. ਵਿਸਾਲ ਚੋਪੜਾ, ਸੁਪਰਡੈਂਟ ਸਰਕਾਰੀ ਰਾਜਿੰਦਰਾ ਹਸਪਤਾਲ ਡਾ. ਸੀਬੀਆ ਤੋਂ ਇਲਾਵਾ ਸਿਹਤ ਵਿਭਾਗ ਦੇ ਅਧਿਕਾਰੀ ਮੌਜੂਦ ਸਨ।

# ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਗੁ. ਸਿੰਘ ਸਭਾ ਤੋਂ ਫੂਲਰਾਜ ਸਿੰਘ ਨੇ ਹਰੀ ਝੰਡੀ ਦੇ ਕੇ ਬੱਸ ਨੂੰ ਕੀਤਾ ਰਵਾਨਾ



**ਹਰਬੰਸ ਬਾਗੜੀ**

**ਮੋਹਾਲੀ/14 ਫਰਵਰੀ:** ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸਹੀਦੀ ਪੁਰਬ ਨੂੰ ਸਮਰਪਿਤ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ ਫੇਜ-11 ਗੁਰਦੁਆਰਾ ਸਿੰਘ ਸਭਾ ਤੋਂ ਬੱਸ ਨੂੰ ਰਵਾਨਾ ਕੀਤਾ ਗਿਆ, ਇਸ ਬੱਸ ਯਾਤਰਾ ਨੂੰ ਸਟੇਟ ਅਵਾਰਡੀ ਅਤੇ ਹਲਕਾ ਕੋਆਰਡੀਨੇਟਰ - ਫੂਲਰਾਜ ਸਿੰਘ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ , ਇਸ ਮੌਕੇ ਤੇ ਪੰਜਾਬ ਸੀਵਰੇਜ ਬੋਰਡ ਦੇ ਚੇਅਰਮੈਨ ਡਾਕਟਰ ਸਨੀ ਅਹਲੂਵਾਲੀਆ ਵੀ ਮੌਜੂਦ ਰਹੇ, ਕੋਆਰਡੀਨੇਟਰ ਅਤੇ ਸਟੇਟ ਐਵਾਰਡੀ- ਫੂਲਰਾਜ ਸਿੰਘ ਹੋਰਾਂ ਦੱਸਿਆ ਕਿ ਗੁਰੂਆਂ ਅਤੇ ਪੀਰਾਂ ਦੀ ਧਰਤੀ ਪੰਜਾਬ ਦੇ ਲੋਕਾਂ ਨੂੰ ਧਾਰਮਿਕ ਸਥਾਨਾਂ ਦੇ ਦਰਸਨ ਕਰਵਾਉਣ ਦੇ ਲਈ ਪੰਜਾਬ ਸਰਕਾਰ ਵੱਲੋਂ ਇੱਕ ਵਿਸੇਸ ਪਹਿਲ ਕੀਤੀ ਗਈ , ਫੂਲਰਾਜ ਸਿੰਘ ਹੋਰਾਂ ਕਿਹਾ ਕਿ ਵਿਧਾਇਕ ਮੋਹਾਲੀ ਕੁਲਵੰਤ ਸਿੰਘ ਹੋਰਾਂ ਦੀ ਦੇਖ-ਰੇਖ ਦੇ ਵਿੱਚ ਇਸ ਯੋਜਨਾ ਦੇ ਤਹਿਤ ਪਿੰਡ ਝਾਮਪੁਰ ਵਿਖੇ ਕੂਪਨ ਦੇ ਤਹਿਤ 40 ਯਾਤਰੀਆਂ ਦੀ ਚੋਣ ਕੀਤੀ ਗਈ ਸੀ , ਹਲਕਾ ਕੁਆਰਡੀਨੇਟਰ- ਫੂਲਰਾਜ ਸਿੰਘ ਹੋਰਾਂ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ , ਦੁਰਗਿਆਨਾ ਮੰਦਰ, ਜਲਿਆਂਵਾਲਾ ਬਾਗ ,ਵਾਲਮੀਕੀ ਮੰਦਰ ਅਤੇ ਬਾਹਘਾ ਬਾਰਡਰ ਆਦਿ ਜਾ ਕੇ ਵਾਪਸ ਮੋਹਾਲੀ ਪਰਤਣਗੇ ਅਤੇ ਫਿਰ ਤੋਂ ਇਹ ਦੁਬਾਰਾ ਇਹ ਬਸ ਹੋਰ 40 ਯਾਤਰੀ ਲੈ ਕੇ ਦਰਬਾਰ ਸਾਹਿਬ ਅੰਮ੍ਰਿਤਸਰ ਲਈ ਰਵਾਨਾ ਹੋਵੇਗੀ, ਉਹਨਾਂ ਦੱਸਿਆ ਕਿ ਇਸ ਯਾਤਰਾ ਦੇ ਵਿੱਚ ਸਿਰਫ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸਰਧਾਲੂ ਹੀ ਯਾਤਰਾਂ ਦੀ ਰਜਿਸਟਰੇਸਨ ਕਰਵਾ ਸਕਦੇ ਹਨ ਤਿੰਨ ਦਿਨ ਅਤੇ ਦੋ ਰਾਤਾਂ ਦੀ ਤੇ ਇਸ ਧਾਰਮਿਕ ਯਾਤਰਾ ਮੌਕੇ ਆਉਣ ਜਾਣ ਲਈ ਮੁਫਤ ਏਸੀ ਬੱਸਾਂ ਦੀ ਸਹੂਲਤ ਸੰਗਤ ਦੇ ਰਹਿਣ ਲਈ ਏਸੀ ਕਮਰਿਆਂ ਦਾ ਪ੍ਰਬੰਧ ਅਤੇ ਸੰਗਤਾਂ ਨੂੰ ਤਿੰਨ ਤਿੰਨ ਸਮੇਂ ਦਾ ਖਾਣਾ ਪਾਣੀ ਦੋ ਵਾਰ ਦੀ ਚਾਹ ਅਤੇ ਸਨੈਕਸ ਵੀ ਦਿੱਤੇ ਜਾਣਗੇ। ਸੰਗਤ ਦੀ ਹਰ ਜਰੂਰਤ ਦਾ ਪੂਰਾ ਧਿਆਨ ਰੱਖਿਆ ਜਾਵੇਗਾ।

ਫੂਲਰਾਜ ਸਿੰਘ ਹੋਰਾਂ ਦੱਸਿਆ ਕਿ ਸਹਾਇਤਾ ਲਈ ਹਰ ਬੱਸ ਵਿੱਚ ਇੱਕ ਸਹਾਇਕ ਵੀ ਮੌਜੂਦ ਰਹੇਗਾ, ਤਾਂ ਜੋ ਸੰਗਤਾਂ ਨੂੰ ਕਿਸੇ ਤਰ੍ਹਾਂ ਦੀ ਕਿਸੇ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ, ਯਾਤਰਾ ਦੌਰਾਨ ਇੱਕ ਡਾਕਟਰੀ ਟੀਮ ਵੀ ਸੰਗਤ ਦੇ ਨਾਲ ਹੋਵੇਗੀ, ਜਿਸ ਨਾਲ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਦੇ ਵਿੱਚ ਮੌਕੇ ਉੱਤੇ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ, ਇਸ ਮੌਕੇ ਤੇ ਅਰੁਣ ਗੋਇਲ, ਬਲਿੰਦਰ ਸਿੰਘ, ਤਰਨਜੀਤ ਸਿੰਘ ਡਾਕਟਰ ਸਨੀ ਆਹਲੂਵਾਲੀਆ, ਕੈਪਟਨ ਕਰਨੈਲ ਸਿੰਘ, ਰਣਜੀਤ ਸਿੰਘ ਸੈਣੀ, ਪਵਨ ਧਿਮਾਨ, ਹਰਪਾਲ ਸਿੰਘ, ਸਵਰਨ ਲਤਾ, ਗੱਜਣ ਸਿੰਘ ਅਤੇ ਪਿੰਡ ਦੇ ਮੁਹਤਰਮ ਵਿਅਕਤੀ ਵੀ ਹਾਜਰ ਰਹੇ।

# ਚੇਅਰਮੈਨ ਜੱਸੀ ਸੋਹੀਆਂ ਵਾਲਾ ਦੀ ਅਗਵਾਈ 'ਚ ਗੁਰੂ ਰਵਿਦਾਸ ਜੀ ਦੇ ਪ੍ਰਕਾਸ ਦਿਹਾੜੇ ਨੂੰ ਸਮਰਪਿਤ 14ਵਾਂ ਸਾਲਾਨਾ ਧਾਰਮਿਕ ਸਮਾਗਮ



**ਵਰਿੰਦਰ ਵਰਮਾ**

**ਨਾਭਾ/14 ਫਰਵਰੀ:** ਯੂਥ ਕਲਚਰ ਐਂਡ ਵੈਲਫੇਅਰ ਕਲੱਬ ਨਾਭਾ ਵਲੋਂ ਆਜਾਦ ਵੈਲਫੇਅਰ ਐਂਡ ਸਪੋਰਟਸ ਕਲੱਬ ਰਜਿ (ਨਾਭਾ ਕਬੱਡੀ ਕੱਪ) ਅਤੇ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸੰਗਤਾਂ ਦੇ ਸਹਿਯੋਗ ਨਾਲ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਦੀ ਅਗਵਾਈ ਹੇਠ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਨਗਰ, ਨਾਭਾ ਵਿਖੇ 14ਵਾਂ ਸਲਾਨਾ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸੰਤ ਬਾਬਾ ਦਲਬਾਰਾ ਸਿੰਘ ਰੋਹੀਸਰ ਸਾਹਿਬ ਮਾਲੋਵਾਲ ਵਾਲਿਆਂ ਨੇ ਕਥਾ ਕੀਰਤਨ ਜਰੀਏ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਅਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਉਨ੍ਹਾਂ ਦੀ ਬਾਣੀ ਤੋਂ ਸਾਨੂੰ ਸੇਧ ਲੈ ਦੀ ਲੋੜ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਬਾਬਾ ਬਲਜਿੰਦਰ ਸਿੰਘ ਨੇ ਵੀ ਕਥਾ ਕੀਰਤਨ ਜਰੀਏ ਆਪਣੀ ਹਾਜਰੀ ਭਰੀ। ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸਮੁੱਚੇ ਪ੍ਰਬੰਧਕਾਂ ਵੱਲੋਂ ਆਈਆਂ ਸਖਸੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਚਰਨ ਸਿੰਘ ਐਮ ਡੀ ਮਲਕੀਤ ਕੰਬਾਈਨ ਐਗਰੋਟੈਕ ਇੰਡਸਟਰੀ, ਜਥੇਦਾਰ ਲਾਲ ਸਿੰਘ ਰਣਜੀਤਗੜ੍ਹ, ਸੰਤ ਬਾਬਾ ਦਾਰਾ ਸਿੰਘ ਮੂਲਾਬੱਧਾ ਵਾਲੇ, ਬਾਬਾ ਜਗਜੀਤ ਸਿੰਘ ਕਕਰਾਲਾ, ਭਾਈ ਨਿਰਮਲ ਸਿੰਘ ਉੱਧਾ, ਮਾ. ਅਮਰ ਸਿੰਘ ਟੋਡਰਵਾਲ, ਰਾਮ ਸਿੰਘ ਮਹਿਮੀ, ਗੋਪੀ ਫੈਜਗੜ੍ਹ, ਕੇਵਲ ਸਿੰਘ ਰਣਜੀਤਗੜ੍ਹ ਮੈਂਬਰ ਬਲਾਕ ਸੰਮਤੀ, ਲਾਡੀ ਸੋਹੀ ਸਰਪੰਚ ਰਣਜੀਤਗੜ੍ਹ, ਲਾਲੀ ਫਤਿਹਪੁਰ, ਗੁਰਮੁੱਖ ਸਿੰਘ ਮੋਹਲਗੁਆਰਾ ਸਰਪੰਚ, ਸੁਖਜੀਤ ਸਿੰਘ ਹਾਂਸ, ਦਵਿੰਦਰ ਸਿੰਘ ਬੂਹੀ, ਹਨੀ ਪਹਾੜਪੁਰ, ਹੈਪੀ ਬੁੱਗਾ, ਸੁੱਖੀ ਢੀਂਡਸਾ ਬਿਸਨਗੜ ਸਰਪੰਚ, ਕੁਲਵੰਤ ਸਿੰਘ ਅਟਵਾਲ ਸਰਪੰਚ, ਕੁਲਜੀਤ ਸਿੰਘ ਸਰਪੰਚ ਲੁਹਾਰ ਮਾਜਰਾ, ਗੁਰਚਰਨ ਸਿੰਘ ਲੁਹਾਰ ਮਾਜਰਾ, ਰਾਜਿੰਦਰ ਸਿੰਘ ਫੌਜੀ ਸਰਪੰਚ ਗੁਰਦਿੱਤਪੁਰਾ, ਗੁਰਜੀਤ ਸਿੰਘ ਕੋਟ ਕਲਾਂ, ਬਾਵਾ ਸਿੰਘ ਕਕਰਾਲਾ, ਸੁਖਚੈਨ ਸਿੰਘ ਕੁਲਾਰਾਂ, ਅੰਗਰੇਜ ਸਿੰਘ ਵਾਲੀਆ, ਸੀਨੀਅਰ ਮੀਤ ਪ੍ਰਧਾਨ ਪਰਗਟ ਸਿੰਘ ਗੈਬੀ, ਗੁਰਦੀਪ ਸਿੰਘ ਦੀਪ, ਮਾ. ਸੱਤਪਾਲ ਸਿੰਘ ਚੌਹਾਨ, ਬਿਕਰਮਜੀਤ ਸਿੰਘ ਵਿੱਕੀ, ਹਰਦੀਪ ਸਿੰਘ ਸਹੋਤਾ, ਡਾ. ਜਤਿੰਦਰ ਸਿੰਘ, ਲਾਡੀ ਖਹਿਰਾ, ਬੀਬੀ ਸੁਰਿੰਦਰ ਕੌਰ ਸਾਬਕਾ ਸਰਪੰਚ, ਮਾ. ਦਰਸਨ ਸਿੰਘ ਮੋਹਲਗੁਆਰਾ, ਦਲਬਾਰਾ ਸਿੰਘ ਟੋਡਰਵਾਲ, ਬਲਵਿੰਦਰ ਸਿੰਘ ਗਰੇਵਾਲ, ਹਰਜਿੰਦਰ ਸਿੰਘ, ਸੁਖਦੇਵ ਸਿੰਘ ਰਾਜੂ, ਗੁਰਮੇਲ ਸਿੰਘ, ਹਰਪ੍ਰੀਤ ਸਿੰਘ ਚੌਹਾਨ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹਲਕੇ ਦੀਆਂ ਸੰਗਤਾਂ ਅਤੇ ਪਿੰਡਾਂ ਦੇ ਪੰਚ ਸਰਪੰਚ ਅਤੇ ਹੋਰ ਮੋਹਤਬਰ ਸਖਸੀਅਤਾਂ ਮੌਜੂਦ ਸਨ।

# ਭਾਰਤੀ ਕਿਸਾਨ ਯੂਨੀਅਨ ਪੰਜਾਬ ਵੱਲੋਂ ਫ਼ਿਰੋਜ਼ਪੁਰ ਤੇ ਮੋਗਾ ਜ਼ਿਲ੍ਹੇ ਦੀ ਚੋਣ



**ਬਲਵੀਰ ਲਹਿਰਾ**

**ਜੀਰਾ, ਮੱਖੂ/14 ਫਰਵਰੀ:** ਭਾਰਤੀ ਕਿਸਾਨ ਯੂਨੀਅਨ ਪੰਜਾਬ ਵੱਲੋਂ ਗੁਰਦੁਆਰਾ ਬਾਬਾ ਬਾਠਾਂ ਵਾਲਾ ਮਖੂ ਵਿਖੇ ਸੂਬਾ ਪ੍ਰਧਾਨ ਫੁਰਮਾਨ ਸਿੰਘ ਸੰਧੂ, ਭੁਪਿੰਦਰ ਸਿੰਘ ਔਲਖ ਸੂਬਾ ਜਨਰਲ ਸਕੱਤਰ ਤੇ ਸਮੂਹ ਪੰਜਾਬ ਕਮੇਟੀ ਵੱਲੋਂ ਫਿਰੋਜਪੁਰ ਅਤੇ ਮੋਗਾ ਜਿਲਿਆਂ ਦੀ ਚੋਣ ਛੇ ਮੈਂਬਰੀ ਕਮੇਟੀ ਬਣਾ ਕੇ ਕਰਵਾਈ ਗਈ। ਜਿਨ੍ਹਾਂ ਵਿੱਚ ਬਾਪੂ ਗੁਰਦੇਵ ਸਿੰਘ ਸਰਪ੍ਰਸਤ, ਗੁਰਚਰਨ ਸਿੰਘ ਪੀਰ ਮੁਹੰਮਦ, ਜੋਗਿੰਦਰ ਸਿੰਘ ਸਭਰਾਂ, ਫਤਿਹ ਸਿੰਘ ਭਿੰਡਰ, ਦਵਿੰਦਰ ਸਿੰਘ ਸਰਾਂ, ਗੈਰੀ ਸਿੰਘ ਬੰਡਾਲਾ, ਸਮੇਤ ਭੁਪਿੰਦਰ ਸਿੰਘ ਔਲਖ ਸੂਬਾ ਜਨਰਲ ਸਕੱਤਰ ਵੱਲੋਂ ਨਵੀਂ ਬਣੀ ਕਮੇਟੀ ਦਾ ਐਲਾਨ ਕੀਤਾ ਗਿਆ। ਜਿਸ ਨੂੰ ਦੋਵਾਂ ਜਿਲਿਆਂ ਦੇ ਕਿਸਾਨ ਆਗੂਆਂ ਵੱਲੋਂ ਸੰਪੂਰਨ ਸਮਰਥਨ ਦਿੱਤਾ ਗਿਆ। ਜਿਸ ਵਿੱਚ ਜ਼ਿਲ੍ਹਾ ਫਿਰੋਜਪੁਰ ਦੀ ਚੋਣ ਕਰਦਿਆਂ ਹਰਦੀਪ ਸਿੰਘ ਕਰਮੂਵਾਲਾ ਪ੍ਰਧਾਨ ਜਿਲਾ ਫਿਰੋਜਪੁਰ, ਸੁਖਵੰਤ ਸਿੰਘ ਖੋਸਾ ਜਰਨਲ ਸਕੱਤਰ, ਦਵਿੰਦਰ ਸਿੰਘ ਸੰਘਾ ਜਿਲਾ ਖਜਾਨਚੀ, ਜਰਨੈਲ ਸਿੰਘ ਸਭਰਾਂ ਮੀਤ ਪ੍ਰਧਾਨ, ਸੁਰਿੰਦਰ ਸਿੰਘ ਪੀਰ ਮੁਹੰਮਦ ਮੀਤ ਪ੍ਰਧਾਨ ਅਤੇ ਕੋਰ ਕਮੇਟੀ ਟੀਮ ਵਿੱਚ ਜਿਲਾ ਫਿਰੋਜਪੁਰ ਦੀ ਗੁਰਵਿੰਦਰ ਸਿੰਘ ਮੋਕਮ ਵਾਲਾ ਗੁਰਪਾਲ ਸਿੰਘ ਸਭਰਾ ਰਣਜੀਤ ਸਿੰਘ ਬੰਡਾਲਾ ਮਲਕੀਤ ਸਿੰਘ ਰੋਡੇਵਾਲਾ ਸੁਖਵਿੰਦਰ ਸਿੰਘ ਭੜਾਣਾ, ਦੀ ਚੋਣ ਕੀਤੀ ਗਈ। ਇਸ ਦੇ ਨਾਲ ਹੀ ਜਿਲਾ ਮੋਗਾ ਦੇ ਪ੍ਰਧਾਨ ਸੁੱਖਾ ਸਿੰਘ ਵਿਰਕ ਵਿਦੇਸ ਜਾਣ ਕਾਰਨ ਤਿੰਨ ਮਹੀਨੇ ਲਈ ਜਰਨਲ ਸਕੱਤਰ ਹਰਬੰਸ ਸਿੰਘ ਬ੍ਰਹਮਕੇ ਨੂੰ ਜ਼ਿਲ੍ਹਾ ਮੋਗਾ ਦੀ ਜ਼ਿੰਮੇਵਾਰੀ ਸੌਂਪੀ ਗਈ ਅਤੇ ਰਾਜਵੀਰ ਸਿੰਘ ਰਾਜਾ ਰੌਂਤਾ ਨੂੰ ਜਿਲ੍ਹਾ ਜਰਨਲ ਸਕੱਤਰ, ਸੁਰਜੀਤ ਸਿੰਘ ਰੰਧਾਵਾ ਨੂੰ ਜ਼ਿਲ੍ਹਾ ਪ੍ਰਚਾਰਕ ਸਕੱਤਰ ਦਾ ਅਹੁਦਾ ਦੇ ਕੇ ਨਿਵਾਜਿਆ ਗਿਆ।

ਸਾਰੇ ਨਵੇਂ ਚੁਣੇ ਪ੍ਰਧਾਨ ਸਹਿਬਾਨਾ ਵੱਲੋਂ ਮਿਲੀ ਜਿੰਮੇਵਾਰੀ ਨੂੰ ਮੁੱਖ ਰੱਖਦਿਆਂ ਦਿਨ ਰਾਤ ਜੱਥੇਬੰਦੀ ਲਈ ਮਿਹਨਤ ਕਰਨ ਦਾ ਵਿਸਵਾਸ ਦਿਵਾਇਆ ਅਤੇ ਜੱਥੇਬੰਦੀ ਦੀ ਮਾਣ ਮਰਿਆਦਾ ਨੂੰ ਵਧਾਉਣ ਲਈ ਮਿਹਨਤ ਕਰਨ ਦਾ ਤਿਹਾਈਆ ਕੀਤਾ। ਇਸ ਮੌਕੇ ਪ੍ਰਗਟ ਸਿੰਘ ਲਹਿਰਾ ਕੋਰ ਕਮੇਟੀ ਮੈਂਬਰ ਪੰਜਾਬ, ਰਾਜਬੀਰ ਸਿੰਘ ਗਿੱਲ ਸੰਧਵਾਂ ਜਿਲਾ ਪ੍ਰਧਾਨ ਫਰੀਦਕੋਟ, ਸੁਖਚੈਨ ਸਿੰਘ ਬੰਡਾਲਾ ਬਲਾਕ ਪ੍ਰਧਾਨ ਜੀਰਾ, ਨਿਸਾਨ ਸਿੰਘ ਮਖੂ ਪ੍ਰਧਾਨ ਬਲਾਕ ਪ੍ਰਧਾਨ ਮਖੂ ਆਦਿ ਹਾਜਰ ਸਨ।

# 'ਈ-ਕੇਵਾਈਸੀ ਰਣਜੀਤ ਭਾਰਤ ਗੈਸ ਸਰਵਿਸ ਲੰਬੀ ਦੇ ਨਵੇਂ ਦਫ਼ਤਰ ਮਾਨਾ ਰੋਡ ਤੋਂ ਕਰਵਾਈ ਜਾ ਸਕਦੀ'

**ਪ੍ਰਤਾਪ ਸੰਧੂ**

**ਲੰਬੀ/14 ਫਰਵਰੀ:** ਰਣਜੀਤ ਭਾਰਤ ਗੈਸ ਸਰਵਿਸ ਲੰਬੀ ਦਾ ਦਫਤਰ ਜੋ ਹੁਣ ਐਚਡੀਐਫਸੀ ਬੈਂਕ ਜੀਟੀ ਰੋਡ ਲੰਬੀ ਕੋਲੋਂ ਬਦਲਕੇ ਮਾਨਾ ਰੋਡ ਲੰਬੀ ਨੇੜੇ ਗੈਸ ਗਡਾਊਨ ਅਤੇ ਮਾਤਾ ਦੇ ਮੰਦਰ ਕੋਲ ਚਲਾ ਗਿਆ ਹੈ, ਦੇ ਮਾਲਕ ਪਵਨਪਾਲ ਚੌਧਰੀ ਨੇ ਰਣਜੀਤ ਭਾਰਤ ਗੈਸ ਸਰਵਿਸ ਦੇ ਸਾਰੇ ਗਾਹਕਾਂ ਨੂੰ ਅਪੀਲ ਕੀਤੀ ਹੈ ਕਿ ਜਿੰਨਾਂ ਦੀ ਅਜੇ ਤੱਕ ਈ-ਕੇਵਾਈਸੀ ਨਹੀਂ ਹੋਈ,




ਉਹ ਆਪਣਾ ਈ-ਕੇਵਾਈਸੀ ਗੈਸ ਸਰਵਿਸ ਦੇ ਨਵੇਂ ਮਾਨਾ ਰੋਡ ਦਫਤਰ ਤੇ ਆਕੇ ਜਾਂ ਗੈਸ ਸਪਲਾਈ ਗੱਡੀ ਕੋਲ ਜਾਕੇ ਵੀ ਕਰਵਾ ਸਕਦੇ ਹਨ। ਇਸ ਤੋਂ ਇਲਾਵਾ ਕਿਸੇ ਵੀ ਭੈਣ-ਭਰਾ ਨੂੰ ਰਸੋਈ ਗੈਸ ਸਬੰਧੀ ਕੋਈ ਵੀ ਹੋਰ ਕੰਮ ਹੋਵੇ ਤਾਂ ਨਵੇਂ ਦਫਤਰ ਮਾਨਾ ਰੋਡ ਲੰਬੀ ਆਕੇ ਕਰਵਾ ਸਕਦੇ ਹਨ।

# ਸ਼ਹੀਦ ਕਾਮਰੇਡ ਚੰਨਣ ਸਿੰਘ ਧੂਤ ਤੇ ਹੁਕਮ ਚੰਦ ਗੁਲਸ਼ਨ ਦੀ 39ਵੀਂ ਬਰਸੀ 18 ਫਰਵਰੀ ਨੂੰ



**ਮਲਕੀਤ ਸਿੰਘ**

**ਗੜ੍ਹਦੀਵਾਲਾ/14 ਫਰਵਰੀ:** ਸਹੀਦ ਚੰਨਣ ਸਿੰਘ ਧੂਤ ਅਤੇ ਸਹੀਦ ਹੁਕਮ ਚੰਦ ਗੁਲਸਨ ਜੀ ਦੀ 39 ਵੀ ਬਰਸੀ 18 ਫਰਵਰੀ ਨੂੰ ਇਤਿਹਾਸਿਕ ਪਿੰਡ ਧੂਤਕਲਾ ਵਿਖੇ ਮਨਾਈ ਜਾ ਰਹੀ ਹੈ । ਇਸ ਵਿੱਚ ਵਿਸਵ ਰੰਗ ਮੰਚ ਕਲਾ ਕੇਂਦਰ ਭੂੰਗਾ ਵੱਲੋਂ ਨਾਟਕ ਅਤੇ ਕੋਰੋਗਰਾਫੀ ਨਾਲ ਸੰਗਤਾਂ ਨੂੰ ਇਤਿਹਾਸ ਦੇ ਪੰਨਿਆਂ ਪ੍ਰਤੀ ਜਾਗਰੂਕ ਕੀਤਾ ਜਾਵੇਗਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਬੰਸ ਸਿੰਘ ਧੂਤ ਪੰਕਜ ਚਠਿਆਲ, ਹਰਮੇਲ ਸਿੰਘ ਤੇ ਕੁਲਦੀਪ ਸਿੰਘ ਲਾਲੋਵਾਲ ਹੁਸੈਨਪੁਰ ਨੇ ਕਿਹਾ ਕਿ ਲੋਕਾਂ ਵਿੱਚ ਕਾਮਰੇਡ ਧੂਤ ਤੇ ਹੁਕਮ ਚੰਦ ਦੀ ਬਰਸੀ ਪ੍ਰਤੀ ਭਾਰੀ ਉਤਸਾਹ ਪਾਇਆ ਜਾ ਰਿਹਾ ਹੈ ਪਿੰਡ ਵਾਸੀ ਇਸ ਬਰਸੀ ਤੇ ਸਰਧਾ ਦੇ ਫੁੱਲ ਭੇਟ ਕਰਨ ਲਈ ਤੇ ਬਰਸੀ ਨੂੰ ਮਨਾਉਣ ਲਈ ਕਾਫੀ ਯੋਗਦਾਨ ਪਾ ਰਹੇ ਹਨ। ਸੀਪੀਐਮ ਵੱਲੋਂ ਸਾਰੇ ਇਲਾਕਾ ਨਿਵਾਸੀਆਂ ਨੂੰ ਬਰਸੀ ਤੇ ਆਉਣ ਲਈ ਘਰ ਘਰ ਜਾ ਕੇ ਅਪੀਲ ਕੀਤੀ ਜਾ ਰਹੀ ਹੈ ਤਾਂ ਕਿ ਲੋਕਾਂ ਨੂੰ ਸਰਕਾਰਾਂ ਦੇ ਲੋਕ ਵਿਰੋਧੀ ਰਵਈਏ ਪ੍ਰਤੀ ਜਾਗਰੂਕ ਕੀਤਾ ਜਾ ਸਕੇ ਇਸ ਬਰਸੀ ਤੇ ਸੀਪੀਐਮ ਦੇ ਜਿਲਾ ਸਕੱਤਰ ਗੁਰਨੇਕ ਸਿੰਘ ਭੱਜਲ, ਸੁਵਾਈ ਕਿਸਾਨ ਦਰਸਨ ਸਿੰਘ ਮੱਟੂ, ਕਾਮਰੇਡ ਗਰਮੇਸ ਸਿੰਘ ਆਗੂ ਖੇਤ ਮਜਦੂਰ ਯੂਨੀਅਨ ਮਹਿੰਦਰ ਕੁਮਾਰ ਬਡੋਆਣ ਸੀਟੂ ਵੱਲੋਂ ਬੀਬੀ ਸੁਭਾਸ ਮੱਟੂ ਪ੍ਰਧਾਨ ਜਨਵਤਰੀ ਇਸਤਰੀ ਸਭਾ ਪੰਜਾਬ ਪਹੁੰਚ ਰਹੇ ਹਨ।

# ਮਹਾਂ ਸ਼ਿਵਰਾਤਰੀ ਦੇ ਸ਼ੁਭ ਦਿਹਾੜੇ ਨੂੰ ਸਮਰਪਿਤ ਪ੍ਰਾਚੀਨ ਸ਼ਿਵ ਮੰਦਿਰ ਰਮਦਾਸ ਤੋਂ ਸਜਾਈ ਸ਼ੋਭਾ ਯਾਤਰਾ



**ਡਾ. ਸਵਿੰਦਰ ਸਿੰਘ, ਡਾ. ਸੁਰਿੰਦਰਪਾਲ ਵਿੱਕੀ**

**ਗੱਗੋਮਾਹਲ, ਰਮਦਾਸ/14 ਫਰਵਰੀ:** ਮਹਾ ਸ਼ਿਵਰਾਤਰੀ ਦੇ ਸ਼ੁਭ ਦਿਹਾੜੇ ਨੂੰ ਸਮਰਪਿਤ ਪ੍ਰਾਚੀਨ ਸ਼ਿਵ ਮੰਦਿਰ ਤਲਾਬ ਵੈਲਫੇਅਰ ਸੋਸਾਇਟੀ ਰਮਦਾਸ ਵਲੋਂ ਸਮੂਹ ਸ਼ਰਧਾਲੂਆ, ਕਸਬੇ ਦੀਆ ਸੰਗਤਾਂ ਦੇ ਸਹਿਯੋਗ ਨਾਲ ਇੱਕ ਸ਼ੋਭਾ ਯਾਤਰਾ ਕੱਢੀ ਗਈ । ਇਹ ਸ਼ੋਭਾ ਯਾਤਰਾ ਪ੍ਰਾਚੀਨ ਸ਼ਿਵ ਮੰਦਿਰ ਤਲਾਬ ਰਮਦਾਸ ਤੋ ਅਰੰਭ ਹੋਈ । ਸ਼ੋਭਾ ਯਾਤਰਾ 'ਚ ਭਗਵਾਨ ਸ਼ਿਵ ਜੀ ਰੂਪ ਨੂੰ ਦਰਸਾਉਦੀਆ ਝਾਕੀਆ ਵੀ ਸਜਾਈਆ ਗਈਆ । ਇਹ ਸ਼ੋਭਾ ਯਾਤਰਾ ਕਸਬਾ ਰਮਦਾਸ ਦੇ ਵੱਖ ਵੱਖ ਬਜਾਰਾਂ ਤੋ ਹੁੰਦੀ ਹੋਈ ਪ੍ਰਚੀਨ ਸ਼ਿਵ ਮੰਦਿਰ ਰਮਦਾਸ ਵਿਖੇ ਸੰਪਨ ਹੋਈ ।

ਸ਼ੋਭਾ ਯਾਤਰਾ 'ਚ ਭਗਤ ਸ਼ਿਵ ਪਾਰਵਤੀ ਦੇ ਭਜਨ ਗਾਇਨ ਕਰਦੇ ਹੋਏ ਸ਼ਿਵ ਭੋਲੇ ਨਾਥ ਦੇ ਜੈਕਾਰੇ ਲਗਾਉਦੇ ਹੋਏ ਚੱਲ ਰਹੇ ਸਨ । ਇਸ ਸ਼ੋਭਾ ਯਾਤਰਾ 'ਚ ਈਸਕੋਨ ਮੰਦਿਰ ਅੰਮ੍ਰਿਤਸਰ ਹਰੇ ਕ੍ਰਿਸ਼ਨਾ ਵਾਲਿਆ ਭਗਤਾ ਨੇ ਵੀ ਸ਼ਿਵ ਪਾਰਵਤੀ ਦੇ ਭਜਨ ਗਾਉਦੇ ਹੋਏ ਵਿਸ਼ੇਸ ਤੌਰ ਤੇ ਹਾਜਰੀ ਭਰੀ । ਸ਼ੋਭਾ ਯਾਤਰਾ ਦਾ ਵੱਖ ਵੱਖ ਥਾਵਾਂ ਤੇ ਨਿੱਘਾ ਸਵਾਗਤ ਕੀਤਾ ਗਿਆ ਤੇ ਸ਼ਰਧਾਲੂਆ ਵੱਲੋ ਸੰਗਤਾਂ ਦੇ ਛਕਣ ਲਈ ਅਨੇਕਾਂ ਪ੍ਰਕਾਰ ਦੇ ਲੰਗਰ ਲਗਾਏ ਗਏ ।ਇਸ ਮੌਕੇ ਪੰਡਿਤ ਘਣਈਆ , ਪ੍ਰਧਾਨ ਨਰੇਸ਼ ਕੁਮਾਰ ਸੋਢੀ, ਡਾ. ਚੰਦਨ ਗੁਪਤਾ, ਤਰਸੇਮ ਲਾਲ ਨਈਅਰ, ਅਭੀ ਪਨਸੋਤਰਾ, ਨਵੀਨ ਕੁਮਾਰ ਜੇਈ, ਡਾ. ਮੰਨੂ ਗੁਪਤਾ, ਨੀਰਜ ਕੁਮਾਰ , ਪ੍ਰੇਮ ਕੁਮਾਰ , ਸੁਭਾਸ਼ ਕੁਮਾਰ ਸਿੱਲੀ, ਮਨੋਹਰ ਲਾਲ ਭੰਡਾਰੀ, ਨਰਿੰਦਰ ਭੰਡਾਰੀ, ਬਾਬੂ ਲਾਲ, ਮੁਨੀਸ਼ ਕੁਮਾਰ , ਵਿਜੈ ਕੁਮਾਰ, ਜੱਸ ਮੁਨਸ਼ੀ, ਮੋਹਿਤ ਕੁਮਾਰ,ਚਰਨਜੀਤ ਸਿੰਘ, ਸੋਨੂੰ ਕੇਬਲ ਵਾਲਾ, ਰਿੰਕੂ, ਸਾਹਿਲ ਕੁਮਾਰ, ਲਕਸ਼ ਕੱਦ, ਹੈਪੀ ਕੱਦ, ਕਰਨ ਬਹਿਲ, ਲਵ ਕਾਠੀਆ, ਗੌਰਵ ਕੁਮਾਰ, ਹਰਦੀਪ ਸਿੰਘ ਆਦਿ ਤੋ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਨੇ ਹਾਜਰੀ ਭਰੀ ।

# ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ 'ਚ ਮਾਨਸਿਕ ਸਿਹਤ ਜਾਗਰੂਕਤਾ ਸੈਸ਼ਨ



**ਰਵਿੰਦਰ ਸਿੰਘ ਢੀਂਡਸਾ**

**ਸ੍ਰੀ ਫਤਹਿਗੜ੍ਹ ਸਾਹਿਬ/14 ਫਰਵਰੀ:** ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ, ਫਤਹਿਗੜ੍ਹ ਸਾਹਿਬ ਦੇ ਐਨ.ਐਸ.ਐਸ ਯੂਨਿਟ ਅਤੇ ਰੈੱਡ ਰਿਬਨ ਕਲੱਬ ਵੱਲੋਂ ਬਾਬਾ ਬਿਨੋਦ ਸਿੰਘ ਹੋਸਟਲ ਵਿੱਚ ਮਾਨਸਿਕ ਸਿਹਤ ਜਾਗਰੂਕਤਾ ਸੈਸਨ "ਦ ਰਿਜੀਲਿਯੰਸ ਕੋਡ: ਸੰਤੁਲਿਤ ਮਨ ਲਈ 7 ਛੋਟੀਆਂ ਆਦਤਾਂ" ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਇਹ ਸੈਸਨ ਡਾ. ਬਿਕਰਮਜੀਤ ਸਿੰਘ ( ਪ੍ਰੋਗਰਾਮ ਅਫਸਰ, ਐਨ.ਐਸ.ਐਸ) ਵੱਲੋਂ ਸੰਬੋਧਿਤ ਕੀਤਾ ਗਿਆ ਅਤੇ ਡਾ. ਇਸਪ੍ਰੀਤ ਸਿੰਘ , (ਇੰਚਾਰਜ, ਰੈੱਡ ਰਿਬਨ ਕਲੱਬ ) ਦੇ ਸਾਂਝੇ ਆਯੋਜਨ ਹੇਠ ਕਰਵਾਇਆ ਗਿਆ। ਸੈਸਨ ਦੌਰਾਨ ਵਿਦਿਆਰਥੀਆਂ ਨੂੰ ਤਣਾਅ ਪ੍ਰਬੰਧਨ, ਧਿਆਨ ਕੇਂਦ੍ਰਿਤ ਕਰਨ ਅਤੇ ਮਨੋਬਲ ਮਜਬੂਤ ਕਰਨ ਲਈ ਸੌਖੀਆਂ ਤੇ ਵਿਗਿਆਨਕ ਆਧਾਰਤ ਆਦਤਾਂ ਬਾਰੇ ਜਾਣਕਾਰੀ ਦਿੱਤੀ ਗਈ। ਡਾ. ਮੋਹਿੰਦਰਪਾਲ ਸੰਧੂ ਨੇ ਕਮਿਊਨਿਟੀ ਬਿਲਡਿੰਗ ਦੀ ਮਹੱਤਤਾ ਉੱਤੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ, ਪ੍ਰਿੰਸੀਪਲ ਡਾ. ਲਖਵੀਰ ਸਿੰਘ ਨੇ ਵਿਦਿਆਰਥੀਆਂ ਨੂੰ ਮਾਨਸਿਕ ਸੁਖ-ਸਾਂਤੀ ਨੂੰ ਜੀਵਨ ਦੀ ਪ੍ਰਾਥਮਿਕਤਾ ਬਣਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਡਾ. ਸੰਜੀਵ ਭੰਡਾਰੀ, ਡਾ. ਸੰਜੀਵ ਸਰਮਾ, ਡਾ. ਸੁਪ੍ਰੀਤ ਸਿੰਘ ਸਮੇਤ ਹੋਰ ਅਧਿਆਪਕ ਅਤੇ ਸਟਾਫ ਮੈਂਬਰ ਹਾਜਰ ਰਹੇ। ਵਿਦਿਆਰਥੀਆਂ ਨਾਲ ਹੋਈ ਇੰਟਰਐਕਟਿਵ ਪ੍ਰਸਨ-ਉੱਤਰ ਚਰਚਾ ਅਤੇ ਹੋਸਟਲ ਸਟਾਫ ਦੇ ਸਰਗਰਮ ਸਹਿਯੋਗ ਨਾਲ ਇਹ ਪ੍ਰੋਗਰਾਮ ਬਹੁਤ ਹੀ ਰੋਚਕ ਅਤੇ ਸਫਲ ਸਾਬਤ ਹੋਇਆ।

# ਬਰਜਿੰਦਰ ਬਰਾੜ ਦੀ ਪੁਸਤਕ ਦਾ ਰਿਲੀਜ਼ ਸਮਾਗਮ ਹੋਇਆ



**ਬੀਐਸ ਭੁੱਲਰ**

**ਬਠਿੰਡਾ/14 ਫਰਵਰੀ:** ਟੀਚਰਜ ਹੋਮ ਬਠਿੰਡਾ ਵਿਖੇ ਸ੍ਰੀ ਬਰਜਿੰਦਰ ਸਿੰਘ ਬਰਾੜ ਦੀ ਪੁਸਤਕ ਪੰਜਾਬ ਸਟੂਡੈਂਟਸ ਯੂਨੀਅਨ ਤੇ ਮੇਰਾ ਜੀਵਨ ਸਫਰਨਾਮਾ ਦਾ ਰਿਲੀਜ ਸਮਾਗਮ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਪ੍ਰਿੰਸੀਪਲ ਬੱਗਾ ਸਿੰਘ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਸਰਵ ਸ੍ਰੀ ਬਰਜਿੰਦਰ ਸਿੰਘ ਬਰਾੜ, ਜਸਵਿੰਦਰ ਸਿੰਘ, ਕਰਤਾਰ ਸਿੰਘ ਬਰਾੜ, ਜਸਪਾਲ ਮਾਨਖੇੜਾ, ਤਰਸੇਮ ਨਰੂਲਾ ਵੀ ਸਾਮਲ ਸਨ। ਸਭ ਤੋਂ ਪਹਿਲਾਂ ਰਣਜੀਤ ਲਹਿਰਾ ਨੂੰ ਸਰਧਾਂਜਲੀ ਭੇਟ ਕੀਤੀ ਗਈ।

ਇਸ ਉਪਰੰਤ ਤਰਕਸੀਲ ਆਗੂ ਭੂਰਾ ਸਿੰਘ ਮਹਿਮਾ ਸਰਜਾ ਨੇ ਜੀ ਆਇਆ ਆਖਦਿਆਂ ਕਿਹਾ ਕਿ ਇਹ ਪੁਸਤਕ ਇਤਿਹਾਸਕ ਦਸਤਾਵੇਜ ਹੈ।ਉਹਨਾਂ ਕਿਹਾ ਕਿ ਸਾਡਾ ਬਹੁਤਾ ਇਤਿਹਾਸ ਵਿਦੇਸੀਆਂ ਨੇ ਲਿਖਿਆ ਹੈ, ਅਸੀਂ ਇਸ ਮਾਮਲੇ ਵਿਚ ਪਛੜੇ ਹੋਏ ਹਾਂ।ਬਰਜਿੰਦਰ ਸਿੰਘ ਨੇ ਪੁਸਤਕ ਲਿਖਣ ਦੇ ਸਬੱਬ ਬਾਰੇ ਸਪਸਟ ਕਰਦਿਆਂ ਇਸ ਕਾਰਜ ਵਿੱਚ ਸਹਿਯੋਗ ਦੇਣ ਵਾਲਿਆਂ ਦਾ ਧੰਨਵਾਦ ਕੀਤਾ।

ਇਸ ਉਪਰੰਤ ਸੰਬੋਧਨ ਕਰਦਿਆਂ ਸ੍ਰੀ ਜਸਪਾਲ ਮਾਨਖੇੜਾ ਨੇ ਕਿਹਾ ਕਿ ਸਾਡਾ ਇਤਿਹਾਸ ਬਹੁਤਾ ਕਰਕੇ ਲਿਖਿਆ ਨਹੀਂ ਲਿਖਵਾਇਆ ਗਿਆ ਹੈ, ਇਸੇ ਕਰਕੇ ਖੋਟ ਨਜਰ ਆਉਂਦਾ ਹੈ। ਉਹਨਾਂ ਕਿਹਾ ਕਿ ਖੱਬੀ ਲਹਿਰ ਨੇ ਵਿਦਿਆਰਥੀ, ਕਿਸਾਨੀ, ਸਾਹਿਤ ਆਦਿ ਹਰ ਖੇਤਰ ਵਿਚ ਚੰਗਾ ਪਰਭਾਵ ਪਾਇਆ ਹੈ। ਉਹਨਾਂ ਕਿਹਾ ਕਿ ਮੌਜੂਦਾ ਸਮੱਸਿਆਵਾਂ ਬਹੁਤ ਗੁੰਝਲਦਾਰ ਹਨ, ਜਿਹਨਾਂ ਬਾਰੇ ਨਿੱਠ ਕੇ ਲਿਖਣ ਦੀ ਲੋੜ ਹੈ। ਸ੍ਰੀ ਬਲਵਿੰਦਰ ਸਿੰਘ ਭੁੱਲਰ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਲੇਖਕ ਨੇ ਪੁਸਤਕ ਵਿਚ ਨਕਸਲਬਾੜੀ ਦੇ ਪਰਭਾਵ ਹੇਠ ਕੰਮ ਕਰਨ ਵਾਲੀ ਪੰਜਾਬ ਸਟੂਡੈਂਟਸ ਯੂਨੀਅਨ ਅਤੇ ਆਪਣੇ ਜੀਵਨ ਬਾਰੇ ਪੂਰਾ ਸੱਚ ਲਿਖਣ ਦੀ ਜੁਰਅਤ ਕਰਕੇ ਲਿਖਣ ਦਾ ਧਰਮ ਬਾਖੂਬੀ ਨਿਭਾਇਆ ਹੈ, ਜੋ ਪਸੰਸਾਯੋਗ ਉੱਦਮ ਹੈ।

ਸ੍ਰੀ ਤਰਸੇਮ ਨਰੂਲਾ ਨੇ ਆਪਣੇ ਭਾਸਣ ਵਿਚ ਕਿਹਾ ਕਿ ਇਹ ਪੁਸਤਕ ਜੁਝਾਰੂ ਅਤੇ ਸਫਲ ਜੀਵਨ ਦਾ ਕਿੱਸਾ ਹੈ ਤੇ ਪੂਰਾ ਸੱਚ ਹੈ। ਉਹਨਾਂ ਕਿਹਾ ਕਿ ਕਥਨੀ ਤੇ ਕਰਨੀ ਚ ਇਕਮਿਕ ਹੋਇਆ ਇਨਸਾਨ ਹੀ ਅਜਿਹੀ ਰਚਨਾ ਕਰ ਸਕਦਾ ਹੈ। ਸਬਦਾਂ ਨੂੰ ਕਲਮਬੱਧ ਕਰਕੇ ਸਦੀਵੀ ਦਸਤਾਵੇਜ ਬਣਾਇਆ ਜਾ ਸਕਦਾ ਹੈ, ਜੋ ਬਰਜਿੰਦਰ ਨੇ ਕਰ ਵਿਖਾਇਆ ਹੈ। ਸ੍ਰੀ ਸੁਰਿੰਦਰਪ੍ਰੀਤ ਘਣੀਆ ਨੇ ਕਿਹਾ ਕਿ ਪੁਸਤਕ ਯਾਦਾਂ ਭਰਭੂਰ ਹੈ। ਉਹਨਾਂ ਕਿਹਾ ਕਿ ਲੋਕ ਲਹਿਰਾਂ ਚ ਕੰਮ ਕਰਨ ਵਾਲਿਆਂ ਵਲੋ ਬੁਰਜੂਆ ਪਾਰਟੀਆਂ ਵਿਚ ਸਾਮਲ ਹੋ ਜਾਣਾ ਵੀ ਵੱਡਾ ਸੁਆਲ ਹੈ, ਜਿਸ ਤੇ ਚਰਚਾ ਹੋਣੀ ਚਾਹੀਦੀ ਹੈ। ਸ੍ਰੀ ਕਰਤਾਰ ਸਿੰਘ ਬਰਾੜ ਅਤੇ ਡਾ ਅਜੀਤਪਾਲ ਸਿੰਘ ਨੇ ਯਾਦਾਂ ਸਾਂਝੀਆਂ ਕੀਤੀਆਂ। ਪੰਜਾਬ ਸਟੂਡੈਂਟਸ ਯੂਨੀਅਨ ਦੀ ਆਗੂ ਪਰਮਿੰਦਰ ਕੌਰ ਨੇ ਕਿਹਾ ਕਿ ਇਹ ਪੁਸਤਕ ਉਹਨਾਂ ਨੂੰ ਸੇਧ ਦੇਵੇਗੀ। ਪ੍ਰਧਾਨਗੀ ਭਾਸਣ ਕਰਦਿਆਂ ਪ੍ਰਿ ਬੱਗਾ ਸਿੰਘ ਨੇ ਕਿਹਾ ਕਿ ਪੁਸਤਕ ਮੁੱਲਵਾਨ ਹੈ ਅਤੇ ਅਗਲੀਆਂ ਪੀੜ੍ਹੀਆਂ ਨੂੰ ਸੇਧ ਦੇਣ ਵਾਲੀ ਹੈ, ਪਰ ਅਜੇ ਅਧੂਰੀ ਜਾਪਦੀ ਹੈ ਲੇਖਕ ਨੂੰ ਹੋਰ ਜਾਣਕਾਰੀ ਇਕੱਤਰ ਕਰਕੇ ਇਸਨੂੰ ਮੁਕੰਮਲ ਕਰਨ ਦੀ ਲੋੜ ਹੈ।ਇਸ ਮੌਕੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਪੁਰਾਣੇ ਆਗੂ ਤੇ ਵਰਕਰ ਵੀ ਵੱਡੀ ਗਿਣਤੀ ਵਿਚ ਹਾਜਰ ਸਨ।

# ਅਕਾਲੀ ਦਲ ਦੇ 2 ਸਾਬਕਾ ਸਰਪੰਚ ਵਿਜੈਇੰਦਰ ਸਿੰਗਲਾ ਦੀ ਅਗਵਾਈ 'ਚ ਕਾਂਗਰਸ 'ਚ ਸ਼ਾਮਲ



**ਪ੍ਰੇਮਜੀਤ ਸਿੰਘ ਗਰੇਵਾਲ**

**ਭਵਾਨੀਗੜ੍ਹ/14 ਫਰਵਰੀ:** ਅੱਜ ਸ਼ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਗਹਿਰਾ ਝਟਕਾ ਲੱਗਿਆ ਜਦੋਂ ਸਾਬਕਾ ਸੰਸਦੀ ਸਕੱਤਰ ਬਾਬੂ ਪ੍ਰਕਾਸ਼ ਚੰਦ ਗਰਗ ਦੇ ਨੇੜਲੇ ਸਾਥੀ ਰਹੇ ਦੋ ਸਾਬਕਾ ਸਰਪੰਚ ਅਕਾਲੀ ਦਲ ਨੂੰ ਅਲਵਿਦਾ ਆਖ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਗਏ। ਅੱਜ ਇੱਥੋਂ ਨੇੜਲੇ ਪਿੰਡ ਸਕਰੌਦੀ ਵਿਖੇ ਬਾਬੂ ਪ੍ਰਕਾਸ਼ ਚੰਦ ਗਰਗ ਦੇ ਨੇੜਲੇ ਸਾਥੀ ਰਹੇ ਸਾਬਕਾ ਸਰਪੰਚ ਹਰਿੰਦਰਪਾਲ ਸਿੰਘ ਗਰੇਵਾਲ ਤੇ ਜੀਵਨ ਸਿੰਘ ਗਰੇਵਾਲ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਕਾਂਗਰਸ ਦੇ ਸਾਬਕਾ ਮੰਤਰੀ ਵਿਜੈਇੰਦਰ ਸਿੰਗਾ ਦੀ ਅਗਵਾਈ ਵਿਚ ਕਾਂਗਰਸ ਪਾਰਟੀ ਵਿਚ ਸਾਮਲ ਹੋ ਗਏ। ਸ਼੍ਰੀ ਸਿੰਗਲਾ ਨੇ ਉਹਨਾਂ ਦੇ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸਾਬਕਾ ਮੰਤਰੀ ਨੇ ਕਿਹਾ ਕਿ ਇਸ ਨਾਲ ਕਾਂਗਰਸ ਪਾਰਟੀ ਬਹੁਤ ਮਜਬੂਤ ਹੋਵੇਗੀ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਬਹੁਤ ਬਲ ਮਿਲੇਗਾ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂ ਪਰਵਿੰਦਰ ਸਿੰਘ ਗਰੇਵਾਲ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਕਾਂਗਰਸ ਪਾਰਟੀ ਨੂੰ ਮਜਬੂਤੀ ਮਿਲੀ ਹੈ। ਇਸ ਮੌਕੇ ਪਰਵਿੰਦਰ ਸਿੰਘ ਗਰੇਵਾਲ, ਇੰਦਰਜੀਤ ਸਿੰਘ ਗਰੇਵਾਲ, ਲਾਲਵਿੰਦਰ ਸਿੰਘ ਲਾਲੀ ਗਰੇਵਾਲ, ਕਰਮਜੀਤ ਸਿੰਘ, ਜਗਤਾਰ ਸ਼ਰਮਾ ਨਮਾਦਾ ਆਦਿ ਤੋਂ ਇਲਾਵਾ ਕਾਫੀ ਗਿਣਤੀ ਵਿਚ ਲੋਕ ਹਾਜਰ ਸਨ।

## COURT NOTICE

(U/o 5 Rule 20 CPC)
[UNDER GUARDIAN AND WARD ACT)
IN THE COURT OF Sh. Jasvir Singh
Additional Principal Judge Family Court-II, Jalandhar
INDERJEET KAUR
Vs.
IQBAL SINGH
CNR No. PBJL01-015327-2025
Next Date:-07-03-2026
NOTICE TO:
GENERAL PUBLIC GENERAL PUBLIC
In above titled case, the defendant(s) respondent(s) could not be served. It is ordered that defendant(s)/respondent(s) should appear in person or through counsel on 07-03-2026 at 10:00 am.
For details logon to
https://highcourtchd.gov.in/?mod=district_notice&district=Jalandhar
Additional Principal Judge Family Court-II Jalandhar
Dated, this day of 11-02-2026

## COURT NOTICE (U/o 5 Rule 20 CPC)

IN THE COURT OF Rajdeep Singh Mann
Civil Judge (Junior Division) Khadoor Sahib
Next Date, Purpose of case, Orders and Judgments as well as other case information is available on
http://districts.ecourts.gov.in
SANTOKH SINGH
Vs.
SAMMA SINGH
CNR No. PBTTB0-000360-2025
Next Date:-02-04-2026
PUBLICATION ISSUED TO:
NO.1 SAMMA SINGH S/O KISHAN SINGH R/O VILLAGE GUJJARPUR TEHSIL KHADUR SAHIB DISTT. TARN TARAN AT PRESENT R/O VILLAGE KHAWASPUR TEHSIL KHADUR SAHIB, DISTT TARN TARAN
NO.4 VEER KAUR @ VEERO W/O PAMMA SINGH S/O SOHAN SINGH R/O
VILL KHAWSPUR TEH KHADUR SAHIB DISTT TARN TARAN
In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 02-04-2026 at 10:00 a.m.
For details logon to
https://highcourtchd.gov.in/?trs=district_notice & district=Tarn Taran
Civil Judge (Junior Division) Khadoor Sahib
Dated, this day of 12-02-2026

## COURT NOTICE (U/o Rule 20 CPC )

IN THE COURT OF
Ms. Rajbeer Kaur
Additional Civil Judge Senior Division, Muktsar
State bank of India Vs. Amarbir Singh
CNR PBSM02-001220-2025
Next Date:-19-03-2020
PUBLICATION ISSUED TO
Amarbir Singh
:-
Son of SH. Balbir Singh R/o Qu no. NFHS-6/030/03, Behind PS, KKP Road, Sri Muktsar Sahib (now deceased) through L.R Narinderbir Singh Son of Agambir Singh Now R/o Quar no. NFHS-6/030/03, Behind Old PS Sadar, KKP Road, Sri Muktsar Sahib
In above titled case, the defendant(s)/respondent(s) could not be served. It is ordered that defendant(s) respondent(s) should appear in person or through counsel on 19-03-2026 at 10:00
For details logon to
https://highcourtchd.gov.in/mod=district_notice&district=mogacourt
Additional Civil Judge Senior Division Muktsar
Dated, this day of 10-02-2026

## COURT NOTICE

(U/o 5 Rule 20 CPC)
IN THE COURT OF Ms. Daljeet Kaur
Additional Civil Judge (Senior Division), Dhuri
Kamaljit Kaur
Vs.
Saroj Rani (SINCEDECEASED)
CNR No. PBSGB0-000545-2025
Next Date:- 24-03-2026
PUBLICATION ISSUED TO:
TARANJIT SINGH
:-S/O HARNEK SINGH S/O SADHU SINGH
VILLAGE MITHEWAL, TEHSIL AHMEDGARH, DISTRICT MALERKOTLA
In above titled case, the defendant(s) /respondent(s) could not be served. It is ordered that defendant(s)/respondent(s) should appear in person or through counsel on 24-03-2026 at 10:00 a.m.
For details logon to
https://highcourtchd.gov.in/?mod=district_notice&district=Sangrur
Additional Civil Judge
(Senior Division) Dhuri
Dated, this day of 13-02-2026

## COURT NOTICE (U/o 5 Rule 20 CPC)

IN THE COURT OF
Sh. Raman Kumar
Principal Judge Family Court, Ludhiana
JOGINDER KUMAR Vs. POOJA
CNR No. PBLD01-011417-2025
Next Date:-04-04-2026
PUBLICATION ISSUED TO:
POOJA
W/O SH. JOGINDER KUMAR D/O SH. VISHNU CHITTRA
R/O-HOUSE NO.134, WARD NO.43, PREM NAGAR, ISLAM GANJ, BACKSIDE HATHI MANDIR, LUDHIANA.
2ND ADDRESS HOUSE NO.1858/A, PART NO.1, ISLAM GANJ, LUDHIANA
In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 04-04-2026 at 10:00 a.m.
For details logon to
https://highcourtchd.gov.in/?mod=district_notice&district=mogacourt
Principal Judge Family Court Ludhiana
Dated, this day of 12-02-2026

## COURT NOTICE

(U/o 5 Rule 20 CPC)
IN THE COURT OF
Ms Amandeep Kaur
Civil Judge (Junior Division), Dhuri
Sharanjit Singh
Vs.
General Public
CNR No. PBSGB0-000042-2026
Next Date:-17-03-2026
PUBLICATION ISSUED TO:
General Public:-
A
In above titled case, the defendant(s) /respondem(s) could not be served. It is ordered that defendant(s) /respondent(s) should appear in person or through counsel on 17-03-2026 at 10:00 a.m.
For details logon to
https://highcourtchd.gov.in/?mod-district_notice&district=Sangrur
Civil Judge (Junior Division) Dhuri
Dated, this day of 11-02-2026

# ਮਲੋਟ ਖੇਤਰ ਨੂੰ ਮਿਲੀ ਵਿਕਾਸ ਦੀ ਰ਼ਫਤਾਰ, ਡਾ. ਬਲਜੀਤ ਕੌਰ ਵੱਲੋਂ ਲਾਇਬ੍ਰੇਰੀ, ਸੜਕਾਂ ਤੇ ਬੈਂਕ ਸ਼ਾਖਾ ਦਾ ਉਦਘਾਟਨ



**ਪ੍ਰਤਾਪ ਸੰਧੂ**

**ਮਲੋਟ/14 ਫਰਵਰੀ:** ਮਲੋਟ ਹਲਕੇ ਵਿੱਚ ਅੱਜ ਵਿਕਾਸ ਦੀ ਇੱਕ ਨਵੀਂ ਸਵੇਰ ਦਾ ਅਰੰਭ ਹੋਇਆ, ਜਦੋਂ ਕੈਬਿਨੇਟ ਮੰਤਰੀ ਡਾ.ਬਲਜੀਤ ਕੌਰ ਵੱਲੋਂ ਸਿੱਖਿਆ, ਸੜਕ ਸੁਵਿਧਾਵਾਂ, ਵਿੱਤੀ ਸੇਵਾਵਾਂ ਅਤੇ ਖੇਡਾਂ ਨਾਲ ਸੰਬੰਧਿਤ ਕਈ ਮਹੱਤਵਪੂਰਨ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਮੰਤਰੀ ਬਲਜੀਤ ਕੌਰ ਨੇ ਕਿਹਾ ਕਿ ਇਹ ਉਪਰਾਲੇ ਨਾ ਸਿਰਫ਼ ਖੇਤਰ ਦੀ ਭੌਤਿਕ ਤਰੱਕੀ ਨੂੰ ਮਜ਼ਬੂਤ ਕਰਦੇ ਹਨ, ਸਗੋਂ ਸਮਾਜਿਕ ਅਤੇ ਆਰਥਿਕ ਪੱਖੋਂ ਵੀ ਨਵੀਂ ਦਿਸ਼ਾ ਦਿੰਦੇ ਹਨ।ਪਿੰਡ ਫਕਰਸਰ ਵਿੱਚ ਨਵੀਂ ਲਾਇਬ੍ਰੇਰੀ ਦਾ ਉਦਘਾਟਨ ਕਰਦਿਆਂ ਡਾ. ਬਲਜੀਤ ਕੌਰ ਨੇ ਕਿਹਾ ਕਿ ਲਾਇਬ੍ਰੇਰੀਆਂ ਗਿਆਨ ਦੀ ਜੋਤ ਹਨ, ਜੋ ਨੌਜਵਾਨ ਮਨਾਂ ਵਿੱਚ ਸੂਝ—ਬੂਝ ਅਤੇ ਸੁਪਨਿਆਂ ਦੀ ਚਮਕ ਜਗਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਅਤੇ ਨੌਜਵਾਨਾਂ ਨੂੰ ਸਮਰੱਥ ਬਣਾਉਣ ਲਈ ਦ੍ਰਿੜ ਸੰਕਲਪ ਹੈ। ਇਸ ਮੌਕੇ ਪਿੰਡ ਵਿੱਚ ਨਵੀਂਆਂ ਤਿਆਰ ਹੋਈਆਂ ਸੜਕਾਂ ਦਾ ਵੀ ਉਦਘਾਟਨ ਕੀਤਾ ਗਿਆ, ਜਿਸ ਨਾਲ ਆਵਾਜਾਈ ਦੀਆਂ ਸਹੂਲਤਾਂ ਸੁਧਰਣਗੀਆਂ ਅਤੇ ਲੋਕਾਂ ਦੇ ਰੋਜ਼ਾਨਾ ਜੀਵਨ ਵਿੱਚ ਸੁਗਮਤਾ ਆਵੇਗੀ।

ਮਲੋਟ ਸ਼ਹਿਰ ਵਿੱਚ ਦਾਨੇਵਾਲਾ ਚੌਂਕ ਤੋਂ ਛਾਪਿਆਂਵਾਲੀ ਰੋਡ, ਸ਼੍ਰੀ ਗੁਰੂ ਨਾਨਕ ਦੇਵ ਜੀ ਚੌਂਕ ਤੋਂ ਅਬੋਹਰ ਰੋਡ ਅਤੇ ਮਲੋਟ ਤੋਂ ਪੰਨੀਵਾਲਾ ਰੋਡ ਵਰਗੀਆਂ ਅਹਿਮ ਸੜਕਾਂ ਦੇ ਉਦਘਾਟਨ ਮੌਕੇ ਉਨ੍ਹਾਂ ਦੱਸਿਆ ਕਿ ਲਗਭਗ 18 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋ ਰਹੀਆਂ ਇਹ ਸੜਕਾਂ ਸ਼ਹਿਰ ਦੀ ਟ੍ਰੈਫਿਕ ਪ੍ਰਣਾਲੀ ਨੂੰ ਸੁਚਾਰੂ ਬਣਾਉਣ ਦੇ ਨਾਲ-ਨਾਲ ਵਪਾਰਕ ਗਤੀਵਿਧੀਆਂ ਨੂੰ ਵੀ ਗਤੀਸ਼ੀਲ ਕਰਨਗੀਆਂ। ਉਨ੍ਹਾਂ ਇਹ ਵੀ ਭਰੋਸਾ ਦਿਵਾਇਆ ਕਿ ਮਲੋਟ ਖੇਤਰ ਦੀਆਂ ਬਾਕੀ ਸੜਕਾਂ ਦੇ ਨਿਰਮਾਣ ਲਈ ਭੇਜੇ ਗਏ ਅਨੁਮਾਨਾਂ ਉੱਤੇ ਤਰਤੀਬਵਾਰ ਕਾਰਵਾਈ ਕਰਦਿਆਂ ਜਲਦ ਹੀ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਪੰਨੀਵਾਲਾ ਤੋਂ ਸ੍ਰੀ ਮੁਕਤਸਰ ਸਾਹਿਬ ਤੱਕ ਸੜਕ ਦੇ ਨਿਰਮਾਣ ਕਾਰਜ ਨੂੰ ਵੀ ਤੁਰੰਤ ਆਰੰਭ ਕਰਨ ਦੀ ਪ੍ਰਕਿਰਿਆ ਜਾਰੀ ਹੈ।ਨਸ਼ਿਆਂ ਵਿਰੁੱਧ ਚਲ ਰਹੀ ਮੁਹਿੰਮ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸਮਾਜਿਕ ਜਾਗਰੂਕਤਾ ਦਾ ਇੱਕ ਵੱਡਾ ਅਭਿਆਨ ਬਣ ਚੁੱਕੀ ਹੈ। ਪਿੰਡ ਪੱਧਰ 'ਤੇ ਬਣੀਆਂ ਕਮੇਟੀਆਂ ਘਰ-ਘਰ ਜਾ ਕੇ ਲੋਕਾਂ ਨੂੰ ਸੁਚੇਤ ਕਰ ਰਹੀਆਂ ਹਨ ਅਤੇ ਨਸ਼ਾ ਤਸਕਰਾਂ ਖਿਲਾਫ਼ ਸਖ਼ਤ ਕਾਰਵਾਈ ਕਰਦਿਆਂ ਕਾਨੂੰਨ ਦੀ ਪਕੜ ਮਜ਼ਬੂਤ ਕੀਤੀ ਜਾ ਰਹੀ ਹੈ।

ਪਿੰਡ ਤਰਖਾਣਵਾਲਾ ਵਿੱਚ ਬੈਂਕ ਸ਼ਾਖਾ ਦੇ ਉਦਘਾਟਨ ਸਮਾਰੋਹ ਵਿੱਚ ਸ਼ਿਰਕਤ ਕਰਦਿਆਂ ਉਨ੍ਹਾਂ ਕਿਹਾ ਕਿ ਪਿੰਡ ਪੱਧਰ 'ਤੇ ਬੈਂਕਿੰਗ ਸਹੂਲਤਾਂ ਦੀ ਉਪਲਬਧਤਾ ਲੋਕਾਂ ਨੂੰ ਵਿੱਤੀ ਲੈਣ-ਦੇਣ ਵਿੱਚ ਆਸਾਨੀ ਪ੍ਰਦਾਨ ਕਰੇਗੀ ਅਤੇ ਸਰਕਾਰੀ ਯੋਜਨਾਵਾਂ ਦਾ ਲਾਭ ਪਾਰਦਰਸ਼ੀ ਅਤੇ ਸਿੱਧੇ ਢੰਗ ਨਾਲ ਹੱਕਦਾਰਾਂ ਤੱਕ ਪਹੁੰਚੇਗਾ।ਇਸ ਦੇ ਨਾਲ ਹੀ ਪਿੰਡ ਮਹਾਬੱਧਰ ਵਿੱਚ ਆਯੋਜਿਤ ਖੇਡ ਟੂਰਨਾਮੈਂਟ ਵਿੱਚ ਹਾਜ਼ਰੀ ਲਗਾਉਂਦਿਆਂ ਡਾ. ਬਲਜੀਤ ਕੌਰ ਨੇ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਕਿ ਖੇਡਾਂ ਸਿਹਤਮੰਦ ਅਤੇ ਅਨੁਸ਼ਾਸਿਤ ਜੀਵਨ ਦੀ ਨੀਂਹ ਹਨ, ਜੋ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਕਾਰਾਤਮਕ ਸੋਚ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।ਇਸ ਮੌਕੇ ਡਾਇਰੈਕਟਰ ਕੋਪਰੇਟਿਵ ਬੈਂਕ ਸਿਮਰਨਜੀਤ ਸਿੰਘ, ਬਲਰਾਮ ਐਸਡੀਓ ਲੋਕ ਨਿਰਮਾਮ ਵਿਭਾਗ (ਭ ਤੇ ਮ ਸ਼ਾਖਾ), ਸੁਖਪਾਲ ਸਿੰਘ ਸਰਪੰਚ ਅਤੇ ਪ੍ਰਧਾਨ ਟਰੱਕ ਯੂਨੀਅਨ, ਬਿੱਟੂ ਜਟਾਨਾ ਬਲਾਕ ਸਮੰਤੀ ਮੈਂਬਰ, ਗੁਰਮੇਲ ਸਿੰਘ ਸਰਪੰਚ ਘੁਮਿਆਰਾ, ਜੋਨੀ ਗਰਗ, ਗੁਰਮੀਤ ਸਿੰਘ ਵਿਰਦੀ, ਕੁਲਦੀਪ ਸਿੰਘ ਬਲਾਕ ਪ੍ਰਧਾਨ, ਊਕਰ ਜਟਾਨਾ, ਹਰਮੇਲ ਸਿੰਘ ਸੰਧੂ ਕੌਂਸਲਰ, ਗਗਨਦੀਪ ਸਿੰਘ ਔਲਖ, ਕਰਮਜੀਤ ਸ਼ਰਮਾ, ਹਰਮੇਸ਼ ਅਰਨੀਵਾਲਾ ਮੀਡੀਆ ਇੰਚਾਰਜ, ਲਵ ਬੱਤਰਾ, ਕਬੈਨਿਟ ਮੰਤਰੀ ਦੇ ਪੀ.ਏ. ਸ਼ਿੰਦਰਪਾਲ ਸਿੰਘ, ਨਿੱਜੀ ਸਹਾਇਕ ਅਰਸ਼ਦੀਪ ਸਿੰਘ ਸਿੱਧੂ ਹਾਜ਼ਰ ਸਨ।

# ਟਰਾਈਡੈਂਟ ਗਰੁੱਪ ਬਰਨਾਲਾ ਵੱਲੋਂ ਸਬ-ਡਿਵੀਜ਼ਨਲ ਹਸਪਤਾਲ ਤਪਾ ਨੂੰ ਵ੍ਹੀਲਚੇਅਰ, ਮਲਟੀ-ਪੈਰਾ ਮਾਨੀਟਰ ਤੇ ਈਸੀਜੀ ਭੇਟ



**ਯਾਦਵਿੰਦਰ ਸਿੰਘ ਤਪਾ, ਅਜਯਪਾਲ ਸਿੰਘ ਸੁਰੀਯਾ**

**ਤਪਾ ਮੰਡੀ/14 ਫਰਵਰੀ:** ਐਸਡੀਐਮ ਤਪਾ ਆਯੂਸ਼ ਗੋਇਲ (ਆਈਏਐਸ) ਦੇ ਯਤਨਾਂ ਸਦਕਾ ਟਰਾਈਡੈਂਟ ਗਰੁੱਪ ਬਰਨਾਲਾ ਵੱਲੋਂ ਸਬ ਡਵੀਜ਼ਨਲ ਹਸਪਤਾਲ ਤਪਾ ਨੂੰ 10 ਵੀਲ੍ਹਚੇਅਰ, ਦੋ ਮਲਟੀ-ਪੈਰਾ ਮਾਨੀਟਰ, ਅਤੇ ਇੱਕ ਈਸੀਜੀ ਮਸ਼ੀਨ ਦਾਨ ਕੀਤੀ ਹੈ, ਜਿਸ ਨਾਲ ਸਥਾਨਕ ਲੋਕਾਂ ਲਈ ਜ਼ਰੂਰੀ ਸਿਹਤ ਸੰਭਾਲ ਸੇਵਾਵਾਂ ਵਿੱਚ ਵਾਧਾ ਹੋਵੇਗਾ। ਹਸਪਤਾਲ ਵਿੱਚ ਇੱਕ ਵਿਸ਼ੇਸ਼ ਸਮਾਗਮ ਦੌਰਾਨ ਇਹ ਸਪੁਰਦਗੀ ਹੋਈ, ਜਿਸ ਵਿੱਚ ਸਿਵਲ ਸਰਜਨ ਡਾ. ਹਰੀਪਾਲ ਸਿੰਘ, ਐਸ. ਡੀ.ਐਮ. ਤਪਾ ਸ੍ਰੀ ਆਯੂਸ਼ ਗੋਇਲ ਟਰਾਈਡੈਂਟ ਦੇ ਪ੍ਰਤੀਨਿਧੀ ਵਿੰਗ ਕਮਾਂਡਰ (ਰਿਟਾ.) ਸ੍ਰੀ ਰਮਨ ਕੁਮਾਰ ਚੌਧਰੀ, ਰੁਪਿੰਦਰ ਕੌਰ ਤੇ ਸੀਨੀਅਰ ਮੈਡੀਕਲ ਅਫਸਰ ਡਾ. ਕੰਵਲਜੀਤ ਸਿੰਘ ਬਾਜਵਾ ਸਮੇਤ ਹਸਪਤਾਲ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਐਸ. ਡੀ.ਐਮ. ਤਪਾ ਸ੍ਰੀ ਆਯੂਸ਼ ਗੋਇਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਵੀਲ੍ਹਚੇਅਰ, ਮਲਟੀ-ਪੈਰਾ ਮਾਨੀਟਰ ਤੇ ਈ.ਸੀ.ਜੀ. ਇਹ ਸਭ ਉਪਕਰਨਾਂ ਦੇ ਐਮਰਜੈਂਸੀ ਸੇਵਾਵਾਂ ਅਤੇ ਰੁਟੀਨ ਨਿਗਰਾਨੀ ਵਰਗੇ ਮਹੱਤਵਪੂਰਨ ਖੇਤਰ ਵਿੱਚ ਮਰੀਜ਼ਾਂ ਦੀ ਦੇਖਭਾਲ ਨਾਲ ਸਿੱਧਾ ਸਬੰਧ ਹੈ। ਉਨ੍ਹਾਂ ਕਿਹਾ ਕਿ ਟਰਾਈਡੈਂਟ ਦੀ ਸੀ.ਐਸ.ਆਰ. ਪਹਿਲਕਦਮੀ ਸਿਹਤ ਸੰਭਾਲ ਦੇ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਉਨ੍ਹਾਂ ਦੇ ਸਮਰਪਣ ਨੂੰ ਉਜਾਗਰ ਕਰਦੀ ਹੈ। ਇਸ ਮੌਕੇ ਸਿਵਲ ਸਰਜਨ ਡਾ. ਹਰੀਪਾਲ ਸਿੰਘ ਨੇ ਟਰਾਈਡੈਂਟ ਗਰੁੱਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਹੀਲਚੇਅਰ ਬਜ਼ੁਰਗਾਂ ਅਤੇ ਅਪਾਹਜ ਮਰੀਜ਼ਾਂ ਲਈ ਤੇ ਰੋਜ਼ਾਨਾ ਹਸਪਤਾਲ ਦੇ ਕੰਮਕਾਜ ਨੂੰ ਆਸਾਨ ਬਣਾਉਂਦੀਆਂ ਹਨ ਤੇ ਮਲਟੀ-ਪੈਰਾ ਮਾਨੀਟਰ ਅਸਲ-ਸਮੇਂ ਵਿੱਚ ਦਿਲ ਦੀ ਧੜਕਣ, ਬਲੱਡ ਪ੍ਰੈਸ਼ਰ ਅਤੇ ਆਕਸੀਜਨ ਦੇ ਪੱਧਰ ਵਰਗੇ ਮਹੱਤਵਪੂਰਨ ਸੰਕੇਤਾਂ ਨੂੰ ਟਰੈਕ ਕਰਦਾ ਹੈ। ਹਸਪਤਾਲ 'ਚ ਇਨ੍ਹਾਂ ਉਪਕਰਨਾਂ ਦੀ ਗਿਣਤੀ ਵਧਣ ਨਾਲ ਡਾਕਟਰ ਤੇ ਸਟਾਫ, ਮਰੀਜ਼ਾਂ ਨੂੰ ਹੋਰ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾ ਸਕਣਗੇ। ਟਰਾਈਡੈਂਟ ਗਰੁੱਪ ਦੇ ਪ੍ਰਤੀਨਿਧੀ ਰਮਨ ਕੁਮਾਰ ਚੌਧਰੀ ਨੇ ਕਿਹਾ ਕਿ ਹਸਪਤਾਲ ਤੇ ਐਸ.ਡੀ.ਐਮ ਆਯੂਸ਼ ਗੋਇਲ ਵੱਲੋਂ ਵੀਲ੍ਹਚੇਅਰ ਤੇ ਬਾਕੀ ਉਪਕਰਨਾਂ ਦੀ ਕਮੀ ਬਾਰੇ ਦੱਸਿਆ ਗਿਆ। ਜਿਸ ਤੋਂ ਬਾਅਦ ਸੀ.ਐਸ.ਆਰ. ਤਹਿਤ ਇਹ ਉਪਕਰਨ ਤਪਾ ਹਸਪਤਾਲ ਨੂੰ ਮੁਹੱਈਆ ਕਰਵਾਏ ਹਨ। ਉਨ੍ਹਾਂ ਕਿਹਾ ਕਿ ਟਰਾਈਡੈਂਟ ਗਰੁੱਪ ਕਮਿਊਨਿਟੀ-ਕੇਂਦ੍ਰਿਤ ਯੋਗਦਾਨਾਂ ਦੀ ਆਪਣੀ ਪਰੰਪਰਾ ਨੂੰ ਅੱਗੇ ਵੀ ਹਮੇਸ਼ਾ ਜਾਰੀ ਰੱਖੇਗਾ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਕੰਵਲਜੀਤ ਸਿੰਘ ਬਾਜਵਾ ਨੇ ਟਰਾਈਡੈਂਟ ਗਰੁੱਪ ਤੇ ਐਸ.ਡੀ.ਐਮ. ਸ੍ਰੀ ਆਯੂਸ਼ ਗੋਇਲ ਦਾ ਧੰਨਵਾਦ ਕਰਦਿਆਂ ਕਿਹਾ ਵੀਲਚੇਅਰ ਤੇ ਬਾਕੀ ਉਪਕਰਨਾਂ ਨਾਲ ਹਸਪਤਾਲ ਵਿੱਚ ਆਉਣ ਵਾਲੇ ਲੋਕਾਂ ਨੂੰ ਲਾਭ ਹੋਵੇਗਾ। ਇਸ ਮੌਕੇ ਡਾ. ਗੁਰਸਿਮਰਨ ਸਿੰਘ, ਡਾ. ਜਸਵੀਰ ਕੌਰ, ਡਾ. ਸ਼ੀਤਲ ਬਾਂਸਲ, ਬਲਾਕ ਐਜੂਕੇਟਰ ਜਸਪਾਲ ਸਿੰਘ ਜਟਾਣਾ, ਐਸ ਆਈ ਗੁਰਮੇਲ ਸਿੰਘ, ਰਣਜੀਵ ਕੁਮਾਰ ਨਰਸਿੰਗ ਸਿਸਟਰ ਸਵਰਨਜੀਤ ਕੌਰ, ਕਮਲਜੀਤ ਕੌਰ, ਗਗਨਦੀਪ ਸਿੰਘ, ਮਨਪ੍ਰੀਤ ਸਿੰਘ ਆਦਿ ਹਾਜਰ ਸਨ।

# ਭਿੱਖੀਵਿੰਡ 'ਚ ਕੇਂਦਰ ਸਰਕਾਰ ਦਾ ਪੁਤਲਾ ਸਾੜਿਆ



**ਜਗਮੀਤ ਸਿੰਘ ਮੀਤ**

**ਭਿੱਖੀਵਿੰਡ/14 ਫਰਵਰੀ:** ਭਾਰਤ ਬੰਦ ਦੇ ਸੱਦੇ ਤੇ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਅਤੇ ਦਿਹਾਤੀ ਮਜ਼ਦੂਰ ਸਭਾ ਵੱਲੋਂ ਭਿੱਖੀਵਿੰਡ ਦੀਆਂ ਚੌਹਾਂ ਸੜਕਾਂ ਤੇ ਬਜ਼ਾਰਾਂ ਵਿੱਚ ਰੋਸ ਮਾਰਚ ਕਰਕੇ ਭਾਰੀ ਨਾਰੇਬਾਜ਼ੀ ਕਰਦਿਆਂ ਭਿੱਖੀਵਿੰਡ ਮੇਨ ਚੌਂਕ ਵਿਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਤੇ ਜੁੜੇ ਮਜ਼ਦੂਰਾਂ ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂ ਚਾਨਣ ਸਿੰਘ ਪਹਿਲਵਾਨਕੇ, ਕੁੱਲ ਹਿੰਦ ਖੇਤ ਮਜਦੂਰ ਜਾਂ ?ਲਾ ਤਰਨਤਰਨ ਆਗੂ ਕਾਮਰੇਡ ਹੀਰਾ ਸਿੰਘ ਦਰਾਜਕੇ, ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਅਤੇ ਸੂਬਾ ਸਾਥੀ ਜਗਮੀਤ ਪ੍ਰਧਾਨ ਚਮਨ ਲਾਲ ਦਰਾਜਕੇ ਨੇ ਕਿਹਾ ਕਿ ਕੇਂਦਰ ਦੀ ਮੋਦੀ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਮਨਰੇਗਾ ਕਾਨੂੰਨ ਨੂੰ ਖਤਮ ਕਰਨ ਵਰਗੇ ਘਾਤਕ ਫੈਸਲੇ ਨਾਲ ਮਜ਼ਦੂਰ ਵਰਗ ਦੀ ਕਿਰਤ ਉਪਰ ਬੁਲਡੋਜ਼ਰ ਚਲਾ ਕੇ ਮਜ਼ਦੂਰਾਂ ਦੇ ਢਿੱਡ ਵਿੱਚ ਲੱਤ ਮਾਰੀ ਗਈ ਹੈ। ਉਪਰੋਕਤ ਆਗੂਆਂ ਨੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਜੇਕਰ ਮਜ਼ਦੂਰਾਂ ਕਿਸਾਨਾਂ ਅਤੇ ਮਿਹਨਤਕਸ ਲੋਕਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਇਨਸਾਫ ਪਸੰਦ ਜਥੇਬੰਦੀਆਂ ਨੂੰ ਅਗਲੇ ਦਿਨਾਂ ਦੌਰਾਨ ਨਵੀਂ ਰੂਪ ਰੇਖਾ ਤਿਆਰ ਕਰਕੇ ਭਾਜਪਾ ਦੀ ਕੇਂਦਰ ਸਰਕਾਰ ਦੇ ਨੱਕ ਵਿੱਚ ਦਮ ਕਰਕੇ ਰੱਖ ਦੇਵਾਂਗੇ। ਇਸ ਮੌਕੇ ਜਥੇਬੰਦੀ ਸੂਬਾਈ ਆਗੂ ਗੁਰਦੇਵ ਸਿੰਘ ਘੁੱਘ, ਹੀਰਾ ਸਿੰਘ ਕੰਬੋਕੇ, ਕਿਸਾਨ ਆਗੂ ਨਿਸ਼ਾਨ ਸਿੰਘ, ਮਿਲਖਾ ਸਿੰਘ ਵਿਰਕ, ਹਰਜਿੰਦਰ ਸਿੰਘ ਭੈਣੀ, ਸੰਤੋਖ ਸਿੰਘ ਮੱਖੀ ਕਲਾਂ, ਹਰਜਿੰਦਰ ਸਿੰਘ ਚੂੰਘ, ਜਸਵੰਤ ਸਿੰਘ ਭਿੱਖੀਵਿੰਡ, ਗੁਰਬੀਰ ਭੱਟੀ ਰਾਜੋਕੇ, ਸਵਿੰਦਰ ਸਿੰਘ ਚੱਕ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਤਹਿਸੀਲ ਸਕੱਤਰ ਲਾਜਰ ਲਾਖਣਾ ਸੁਖਦੇਵ ਸਿੰਘ ਬੱਬੀ ਆਦਿ ਆਗੂ ਹਾਜਰ ਸਨ ।

# ਚੰਡੀਗੜ੍ਹ ਯੂਨੀਵਰਸਿਟੀ ਵੱਲੋਂ 'ਕਰੀਅਰ ਕਨਕਲੇਵ 360' ਦੀ ਮੇਜ਼ਬਾਨੀ

## ਜੱਜ ਬਣਨ ਤੋਂ ਪਹਿਲਾਂ ਤੁਹਾਡੇ ਲਈ ਇਮਾਨਦਾਰ ਵਕੀਲ, ਅਨੁਸ਼ਾਸਿਤ ਵਿਦਿਆਰਥੀ ਤੇ ਵਧੀਆ ਇਨਸਾਨ ਬਣਨਾ ਜ਼ਰੂਰੀ: ਹਰਲੀਨ ਏ ਸ਼ਰਮਾ



**ਹਰਬੰਸ ਬਾਗੜੀ**

**ਮੋਹਾਲੀ/14 ਫਰਵਰੀ:** ਚੰਡੀਗੜ੍ਹ ਯੂਨੀਵਰਸਿਟੀ (ਸੀਯੂ) ਵਿਖੇ ਸ਼ਨੀਵਾਰ ਨੂੰ 'ਕਰੀਅਰ ਕਨਕਲੇਵ 360' ਕਰਵਾਇਆ ਗਿਆ, ਜਿਸ ਵਿੱਚ ਲਾਅ (ਕਾਨੂੰਨ) ਦੇ ਖੇਤਰ ਨਾਲ ਜੁੜੀਆਂ ਦਿੱਗਜ ਸ਼ਖ਼ਸੀਅਤਾਂ ਸ਼ਾਮਲ ਹੋਈਆਂ। ਸੀਯੂ ਯੂਨੀਵਰਸਿਟੀ ਇੰਸਟੀਚਿਊਟ ਆਫ਼ ਲੀਗਲ ਸਟੱਡੀਜ਼ ਵੱਲੋਂ ਕਰਵਾਏ ਗਏ ਇਸ ਕਨਕਲੇਵ ਦਾ ਮੁੱਖ ਉਦੇਸ਼ ਅਕਾਦਮਿਕ ਅਤੇ ਲਾਅ ਇੰਡਸਟਰੀ ਵਿਚਾਲੇ ਪਾੜੇ ਨੂੰ ਪੂਰਾ ਕਰਨਾ ਸੀ, ਜਿਸ ਵਿੱਚ ਲਿਟੀਗੇਸ਼ਨ (ਕੇਸ), ਕਾਰਪੋਰੇਟ ਲਾਅ, ਨਿਆਂ ਪਾਲਿਕਾ (ਜਿਊਡੀਸ਼ਰੀ), ਕਾਨੂੰਨੀ ਪੱਤਰਕਾਰੀ, ਐਡਵਾਈਜ਼ਰੀ ਸੇਵਾਵਾਂ ਅਤੇ ਹੋਰ ਵੱਖ-ਵੱਖ ਖੇਤਰਾਂ ਨਾਲ ਜੁੜੇ ਮਾਹਰ ਇੱਕ ਮੰਚ ਉੱਪਰ ਇਕੱਠੇ ਹੋਏ। ਇਨ੍ਹਾਂ ਮਾਹਰਾਂ ਵੱਲੋਂ ਕਾਨੂੰਨ ਦੀ ਪੜ੍ਹਾਈ ਪੜ੍ਹ ਰਹੇ ਵਿਦਿਆਰਥੀਆਂ ਨਾਲ ਲਾਅ ਦੀ ਸਮਝ ਅਤੇ ਇਸ ਕਿੱਤੇ ਨਾਲ ਜੁੜੀਆਂ ਵਿਹਾਰਕ ਜ਼ਰੂਰਤਾਂ, ਨੈਤਿਕ ਕਦਰਾਂ-ਕੀਮਤਾਂ ਅਤੇ ਬਦਲਦੀਆਂ ਉਮੀਦਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਹਰਲੀਨ ਏ ਸ਼ਰਮਾ, ਖੈਤਾਨ ਐਂਡ ਕੰਪਨੀ (ਨਵੀਂ ਦਿੱਲੀ) ਦੇ ਪ੍ਰਿੰਸੀਪਲ ਐਸੋਸੀਏਟ ਅਕਸ਼ੈ ਪਾਠਕ, ਸੁਪਰੀਮ ਕੋਰਟ ਦੇ ਵਕੀਲ ਆਨ ਰਿਕਾਰਡ ਆਰਐਚਏ ਸਿਕੰਦਰ, ਇੰਡੀਅਨ ਆਇਲ ਕਾਰਪੋਰੇਸ਼ਨ ਲਿਮੀਟੇਡ ਦੇ ਮੁੱਖ ਮੈਨੇਜਰ (ਲਾਅ) ਰੋਹਿਤ ਕਾਂਬਲੇ, ਐਮਆਰਪੀ ਐਡਵਾਈਜ਼ਰੀ ਦੇ ਪ੍ਰਿੰਸੀਪਲ ਐਸੋਸੀਏਟ ਨਿਖਿਲ ਰਾਮਦੇਵ ਅਤੇ ਪੰਜਾਬ ਹਰਿਆਣਾ ਹਾਈ ਕੋਰਟ ਦੀ ਵਕੀਲ ਸਾਹਿਬਾ ਸਿੱਧੂ ਸ਼ਾਮਲ ਸਨ।

ਆਪਣੇ ਸੰਬੋਧਨ ਵਿੱਚ, ਚੰਡੀਗੜ੍ਹ ਜੂਡੀਸ਼ੀਅਲ ਅਕਾਦਮੀ ਦੀ ਰਜਿਸਟਰਾਰ ਕਮ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਹਰਲੀਨ ਏ ਸ਼ਰਮਾ ਨੇ ਕਿਹਾ, "ਨਿਆਂ ਪਾਲਿਕਾ ਨੂੰ ਉੱਤਮਤਾ ਦੀ ਨਹੀਂ, ਬਲਕਿ ਤਿਆਰੀ ਅਤੇ ਮਕਸਦ ਦੀ ਜ਼ਰੂਰਤ ਹੁੰਦੀ ਹੈ। ਵਕੀਲ ਤੋਂ ਜੱਜ ਬਣਨ ਤੱਕ ਦਾ ਸਫ਼ਰ ਕਾਫ਼ੀ ਮੁਸ਼ਕਲ ਹੁੰਦਾ ਹੈ। ਇਸ ਕਰਕੇ ਚੰਗੀ ਤਰ੍ਹਾਂ ਪੜ੍ਹਾਈ ਕਰੋ, ਖੁੱਲੀ ਸੋਚ ਰੱਖੋ ਅਤੇ ਨਿਰਭੈ ਹੋ ਕੇ ਲਿਖੋ। ਇੱਜ਼ਤ ਨਾਲ ਬਹਿਸਬਾਜ਼ੀ ਕਰੋ ਅਤੇ ਸਭ ਤੋਂ ਜ਼ਰੂਰੀ ਹੈ ਕਿ ਤੁਸੀਂ ਆਪਣੀਆਂ ਨੈਤਿਕ ਕਦਰਾਂ ਕੀਮਤਾਂ ਉੱਪਰ ਟਿਕੇ ਰਹੋ। ਭਵਿੱਖ ਦੇ ਜੱਜਾਂ ਦੇ ਤੌਰ 'ਤੇ ਤੁਹਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਨਸਾਫ਼ ਜਿੱਤ- ਹਾਰ ਬਾਰੇ ਨਹੀਂ ਹੈ, ਇਹ ਨਿਰਪੱਖਤਾ ਬਾਰੇ ਹੈ। ਹਰ ਫ਼ੈਸਲੇ ਅਤੇ ਆਦੇਸ਼ ਵਿੱਚ ਜ਼ਿੰਦਗੀ ਬਦਲਣ, ਕਿਸੇ ਦੀ ਸਾਖ਼ ਬਚਾਉਣ, ਆਜ਼ਾਦੀ ਦੀ ਰੱਖਿਆ ਕਰਨ ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਬਣਾਏ ਰੱਖਣ ਦੀ ਤਾਕਤ ਹੁੰਦੀ ਹੈ, ਪਰ ਯਾਦ ਰੱਖੋ ਜੱਜ ਬਣਨ ਤੋਂ ਪਹਿਲਾਂ ਤੁਹਾਨੂੰ ਇੱਕ ਇਮਾਨਦਾਰ ਵਕੀਲ, ਅਨੁਸ਼ਾਸਨ ਪਸੰਦ ਵਿਦਿਆਰਥੀ ਅਤੇ ਹਮਦਰਦੀ ਰੱਖਣ ਵਾਲਾ ਇਨਸਾਨ ਬਣਨਾ ਪਵੇਗਾ।"

# ਧੰਨ ਧੰਨ ਬਾਬਾ ਸਿੱਧ ਚਾਨੋਂ ਵਿਖੇ ਦਹਾਜਾ ਅੱਜ



**ਕੁਲਦੀਪ ਸ਼ਰਮਾ**

**ਨੂਰਪੁਰ ਬੇਦੀ/14 ਫਰਵਰੀ:** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦਰਬਾਰ ਧੰਨ ਧੰਨ ਬਾਬਾ ਸਿੱਧ ਚਾਨੋਂ ਬਲੀ ਜੀ ਪਿੰਡ ਰਾਮਪੁਰ ਠੌਡਾ ਵਿਖੇ 15 ਫਰਬਰੀ ਅੱਜ ਦਹਾਜਾ ਸਾਲ ਮਨਾਇਆ ਜਾ ਰਿਹਾ ਹੈ। ਮੰਦਿਰ ਦੇ ਸੇਵਾਦਾਰ ਬਾਬਾ ਅਜੇ ਜੀ ਅਤੇ ਬਾਬਾ ਵਿਜੈ ਜੀ ਨੇ ਦੱਸਿਆ ਕਿ ਇਸ ਦਹਾਜਾ ਸਾਲ ਦੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਗਈਆਂ ਹਨ। ਇਸ ਦਹਾਜੇ ਦਾ ਪ੍ਰੋਗਰਾਮ ਸਾਰੀ ਰਾਤ ਚੱਲੇਗਾ। ਮੁੱਖ ਕਲਾਕਾਰ ਜਿਨ੍ਹਾਂ ਵਿੱਚ ਪ੍ਰਵੇਸ ਆਲਮ, ਹਰਮਨ ਜਰਮਨ, ਬਿੰਦਰ ਕੁਮਾਰ ਐਂਡ ਪਾਰਟੀ, ਈਸੂ ਨਕਾਲ ਐਂਡ ਪਾਰਟੀ, ਬਾਬਾ ਜੀ ਦਾ ਗੁਣਗਾਣ ਕਰਕੇ ਸੰਗਤ ਨੂੰ ਨਿਹਾਲ ਕਰਨਗੇ। ਉਨ੍ਹਾਂ ਦੱਸਿਆ ਕਿ ਸੰਗਤਾਂ ਲਈ ਚਾਹ ਪਕੌੜੇ ਅਤੇ ਦੇਸੀ ਘਿਓ ਦਾ ਲੰਗਰ ਅਟੁੱਟ ਚੱਲੇਗਾ ਅਤੇ ਦਰਬਾਰ ਵਲੋਂ ਖ਼ੂਨ ਦਾਨ ਕੈਂਪ ਵੀ ਲਗਵਾਇਆ ਜਾਵੇਗਾ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਇਸ ਧਾਰਮਿਕ ਪ੍ਰੋਗਰਾਮ ਸਬੰਧੀ ਸੰਗਤਾਂ ਵਿੱਚ ਵੱਡੀ ਪੱਧਰ ਤੇ ਉਤਸਾਹ ਹੈ।

# ਕੇਂਦਰ ਦੀਆਂ ਲੋਕ ਮਾਰੂ ਨੀਤੀਆਂ ਕਾਰਨ ਭਾਰਤ ਦਾ ਬੇੜਾ ਡੁੱਬਿਆ: ਮਿੱਠਾ ਮਾੜੀਮੇਘਾ



**ਹਰਜਿੰਦਰ ਸਿੰਘ ਗੋਲਣ**

**ਖਾਲੜਾ/14 ਫਰਵਰੀ:** ਭਾਜਪਾ ਦੀ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦੇ ਕਾਰਨ ਕਿਸਾਨ ਵਿਰੋਧੀ ਭਾਰਤ-ਅਮਰੀਕਾ ਸਮਝੌਤਾ ਪੂਰੇ ਦੇਸ ਦਾ ਬੇੜਾ ਡੋਬਕੇ ਰੱਖ ਦੇਵੇਗਾ। ਕਾਂਗਰਸ ਪਾਰਟੀ ਦੇ ਦਿਗਜ ਨੇਤਾ ਅਤੇ ਆਲ ਇੰਡੀਆ ਕਿਸਾਨ ਸੈੱਲ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਸਮੇਤ ਕਾਂਗਰਸ ਪਾਰਟੀ ਆਗੂਆਂ ਨਾਲ ਭਾਰਤ ਅਮਰੀਕਾ ਸਮਝੌਤੇ ਤਹਿਤ ਕੇਂਦਰ ਸਰਕਾਰ ਦੀ ਬੇਈਮਾਨ ਨੀਤੀ ਤੇ ਕਾਂਗਰਸ ਦੇ ਐਲਓਪੀ ਸ੍ਰੀ ਰਾਹੁਲ ਗਾਂਧੀ ਨਾਲ ਪਾਰਲੀਮੈਂਟ ਮੀਟਿੰਗ ਦਫਤਰ ਵਿਖੇ ਚਰਚਾ ਕਰਕੇ ਵਾਪਸ ਪਰਤੇ ਪੰਜਾਬ ਪ੍ਰਦੇਸ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਕਿਰਨਜੀਤ ਸਿੰਘ ਮਿੱਠਾ ਮਾੜੀ ਮੇਘਾ ਨੇ ਪ੍ਰੈਸ ਨਾਲ ਗੱਲਬਾਤ ਦੌਰਾਨ ਕਰਦਿਆਂ ਕੀਤਾ ਤੇ ਆਖਿਆ ਇਹ ਸਮਝੌਤਾ ਅਮਰੀਕੀਆਂ ਅੱਗੇ ਪੂਰਨ ਤੌਰ ਤੇ ਸਰੈਂਡਰ ਕਰਨ ਬਰਾਬਰ ਹੈ। ਉਹਨਾਂ ਨੇ ਕਿਹਾ ਕੇਂਦਰ ਦੀ ਭਾਜਪਾ ਸਰਕਾਰ ਆਰਐਸਐਸ ਦੀ ਕੱਠਪੁਤਲੀ ਬਣਕੇ ਦੇਸ ਭਾਰਤ ਦਾ ਬੇੜਾ ਡੋਬਰੀ ਹੈ ਜੋ ਚਿੰਤਾ ਦਾ ਵਿਸਾ ਹੈ। ਉਹਨਾਂ ਨੇ ਕਿਹਾ ਕਿ ਸ੍ਰੀ ਰਾਹੁਲ ਗਾਂਧੀ ਨੂੰ ਸਰਹੱਦੀ ਵਸਦੇ ਲੋਕਾਂ ਨੂੰ ਆ ਰਹੀਆਂ ਮੁਸਕਲਾਂ ਸਬੰਧੀ ਗੰਭੀਰਤਾ ਨਾਲ ਜਾਣੂ ਕਰਵਾਇਆ ਗਿਆ ਤਾਂ ਜੋ ਅਗਲੇ ਦਿਨਾਂ ਦੌਰਾਨ ਪਾਰਲੀਮੈਂਟ ਸੈਸਨ ਦੌਰਾਨ ਸਰਹੱਦੀ ਲੋਕਾਂ ਦੀਆਂ ਮੁਸਕਿਲਾਂ ਨੂੰ ਲੋਕ ਸਭਾ ਵਿੱਚ ਉਠਾ ਕੇ ਗੰਭੀਰ ਮਸਲਿਆਂ ਦਾ ਹੱਲ ਕੀਤਾ ਜਾ ਸਕੇ।

# ਖ਼ਾਲਸਾ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਵਿਦਾਇਗੀ ਸਮਾਰੋਹ ਕਰਵਾਇਆ




**ਮਲਕੀਤ ਸਿੰਘ**

**ਗੜ੍ਹਦੀਵਾਲਾ/14 ਫਰਵਰੀ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਅਦਾਰੇ ਖਾਲਸਾ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ, ਗੜ੍ਹਦੀਵਾਲਾ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ, ਸਕੱਤਰ (ਵਿੱਦਿਆ) ਸ. ਸੁਖਮਿੰਦਰ ਸਿੰਘ ਦੀ ਰਹਿਨੁਮਾਈ ਅਤੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਦੀ ਅਗਵਾਈ ਹੇਠ ਵਿਖੇ ਬਾਰਵੀਂ ਕਲਾਸ ਦੇ ਵਿਦਿਆਰਥੀਆਂ ਲਈ ਵਿਦਾਇਗੀ ਸਮਾਰੋਹ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਹ ਸਮਾਰੋਹ ਗਿਆਰਵੀਂ ਕਲਾਸ ਦੇ ਵਿਦਿਆਰਥੀਆਂ ਵੱਲੋਂ ਆਪਣੇ ਸੀਨੀਅਰ ਸਾਥੀਆਂ ਨੂੰ ਸੁਨਿਹਰੇ ਭਵਿੱਖ ਦੀਆਂ ਸੁਭਕਾਮਨਾਵਾਂ ਦੇਣ ਅਤੇ ਯਾਦਗਾਰ ਪਲ ਸਾਂਝੇ ਕਰਨ ਲਈ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਦੇ ਮੁੱਖ ਮਹਿਮਾਨ ਪ੍ਰਿੰਸੀਪਲ ਡਾ. ਜਸਪਾਲ ਸਿੰਘ ਜੀ ਸਨ। ਉਨ੍ਹਾਂ ਨੇ ਆਪਣੇ ਸੰਬੋਧਨ ਦੌਰਾਨ ਵਿਦਿਆਰਥੀਆਂ ਨੂੰ ਜੀਵਨ ਵਿੱਚ ਉੱਚੇ ਲਕਸ ਪ੍ਰਾਪਤ ਕਰਨ, ਮਿਹਨਤ ਅਤੇ ਅਨੁਸਾਸਨ ਦੀ ਮਹੱਤਤਾ ਬਾਰੇ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਵਿਦਿਆਰਥੀ ਸਕੂਲ ਦੀ ਸਾਨ ਹਨ

# ਮਾਲੇਰਕੋਟਲਾ 'ਚ ਨਵੇਂ ਬਣੇ ਸ੍ਰੀ ਖਾਟੂਸ਼ਿਆਮ ਜੀ ਤੇ ਸ੍ਰੀ ਸਾਲਾਸਰ ਬਾਲਾਜੀ ਮੰਦਿਰ ਵਿਖੇ ਮੂਰਤੀਆਂ ਦੀ ਸਥਾਪਨਾ ਕਰਵਾਈ



**ਸੰਦੀਪ ਵਰਮਾ**

**ਮਾਲੇਰਕੋਟਲਾ/14 ਫਰਵਰੀ:** ਮਾਲੇਰਕੋਟਲਾ ਵਿਖੇ ਨਵੇਂ ਬਣੇ ਸ੍ਰੀ ਖਾਟੂਸ਼ਿਆਮ ਜੀ ਅਤੇ ਸ੍ਰੀ ਸਾਲਾਸਰ ਬਾਲਾਜੀ ਮੰਦਿਰ ਵਿਖੇ ਮੂਰਤੀ ਸਥਾਪਨਾ ਕਰਵਾਈ ਗਈ। ਮੰਦਿਰ ਅਤੇ ਮੰਦਿਰ ਵੱਲ ਆਉਣ ਵਾਲੇ ਰਸਤਿਆਂ ਨੂੰ ਬਹੁਤ ਹੀ ਖੂਬਸੂਰਤੀ ਨਾਲ ਸਜਾਇਆ ਗਿਆ ਸੀ। ਭਾਰਦਵਾਜ਼ ਐਨਕਲੇਵ, ਸਾਜਿਦਾ ਕਲੋਨੀ ਵਿਖੇ ਇਸ ਮੰਦਿਰ 'ਚ ਦਰਬਾਰ ਦੀ ਸੇਵਾ ਆਸ਼ਾ ਗਰਗ, ਸ੍ਰੀ ਲਾਲਚੰਦ ਫਕੀਰ ਚੰਦ ਗਰਗ ਨਾਗਪੁਰ ਵਾਲਿਆਂ ਦੇ ਪਰਿਵਾਰ ਵੱਲੋਂ, ਸਵ. ਸ੍ਰੀ ਰਜਨੀਸ਼ ਗੋਇਲ ਜੀ ਦੇ ਪਰਿਵਾਰ ਵੱਲੋਂ, ਸੀ.ਏ. ਗੌਰਵ ਗੋਇਲ ਸਪੁੱਤਰ ਸ੍ਰੀ ਧਰਮਦੇਵ ਗੋਇਲ ਦੇ ਪਰਿਵਾਰ ਵੱਲੋਂ ਅਤੇ ਭਾਵਨਾ ਸਿੰਗਲਾ ਪਤਨੀ ਸ੍ਰੀ ਰਵਿੰਦਰ ਸਿੰਗਲਾ (ਬੱਬੂ) ਜੀ ਦੇ ਪਰਿਵਾਰ ਵੱਲੋਂ ਨਿਭਾਈ ਗਈ। ਆਯੋਜਕ ਸ੍ਰੀ ਸ਼ਿਆਮ ਪ੍ਰਚਾਰ ਮੰਡਲ (ਰਜਿ.) ਮਾਲੇਰਕੋਟਲਾ ਦੇ ਚੇਅਰਮੈਨ ਰਵਿੰਦਰ ਸਿੰਗਲਾ, ਪ੍ਰਧਾਨ ਰਾਹੁਲ ਸਿੰਗਲਾ, ਸਕੱਤਰ ਜਤਿੰਦਰ ਕੁਮਾਰ ਅਤੇ ਕੈਸ਼ੀਅਰ ਸੁਨੀਲ ਕੁਮਾਰ ਨੇ ਇਸਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੰਦਿਰ ਵਿਖੇ ਮੂਰਤੀ ਸਥਾਪਨਾ ਲਈ ਮਹਾਂਉਤਸਵ 08 ਫਰਵਰੀ ਤੋਂ ਸ਼ੁਰੂ ਹੋ ਗਿਆ ਸੀ, ਜਿਸ ਵਿੱਚ ਨਿਸ਼ਾਨ ਯਾਤਰਾ, ਕਲਸ਼ ਯਾਤਰਾ ਅਤੇ ਰੋਜ਼ਾਨਾ ਹੋਣ ਵਾਲੀ ਪੂਜਾ ਸ਼ਾਮਲ ਸੀ। ਵਿਸ਼ਾਲ ਦਰਬਾਰ 'ਚ ਮਨਮੋਹਕ ਸ਼ਿੰਗਾਰ, ਅਖੰਡ ਜੋਤ, ਇਤਰ ਅਤੇ ਫੁੱਲਾਂ ਦੀ ਵਰਖਾ, ਛੱਪਣ ਭੋਗ ਆਦਿ ਵਿਸ਼ੇਸ਼ ਆਕਰਸ਼ਨ ਰਹੇ। ਹਜ਼ਾਰਾਂ ਦੀ ਗਿਣਤੀ 'ਚ ਪਹੁੰਚੇ ਸ਼ਰਧਾਲੂਆਂ ਲਈ ਸ਼ਾਨਦਾਰ ਆਤਿਸ਼ਬਾਜ਼ੀ ਦੌਰਾਨ ਮਨਮੋਹਕ ਦਰਬਾਰ ਦਰਸ਼ਨਾਂ ਲਈ ਖੋਲ੍ਹਿਆ ਗਿਆ, ਜਿਸ ਉਪਰੰਤ ਅੰਮ੍ਰਿਤਮਈ ਭੰਡਾਰਾ ਚੱਲਿਆ। ਇਸ ਦੌਰਾਨ ਸ੍ਰੀ ਤਰੁਣ ਭੰਡਾਰੀ ਸਿਆਸੀ ਸਕੱਤਰ ਮੁੱਖ ਮੰਤਰੀ ਹਰਿਆਣਾ, ਮੁਕੇਸ਼ ਸਿੰਗਲਾ, ਰਾਜ ਮਿੱਤਲ, ਨਰੇਸ਼ ਮਿੱਤਲ, ਡਾ. ਜਮੀਲ-ਉਰ-ਰਹਿਮਾਨ ਵਿਧਾਇਕ ਮਾਲੇਰਕੋਟਲਾ, ਸ਼ਹਿਰ ਦੀਆਂ ਕਰੀਬ ਸਾਰੀਆਂ ਧਾਰਮਿਕ ਸੰਸਥਾਵਾਂ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਆਪਣੀ ਹਾਜ਼ਰੀ ਲਗਵਾਈ। ਅਹੁਦੇਦਾਰਾਂ ਨੇ ਦੱਸਿਆ ਕਿ ਰਾਜੇਸ਼ ਜਿੰਦਲ ਅਤੇ ਰਾਜੀਵ ਬਾਂਸਲ (ਦੋਵੇਂ ਉਪ-ਪ੍ਰਧਾਨ), ਉਮੇਸ਼ ਜਿੰਦਲ ਸਹਾਇਕ ਖ਼ਜ਼ਾਨਚੀ, ਦੀਪਕ ਜੈਨ (ਸੀ.ਏ.) ਲੀਗਲ ਐਡਵਾਈਜ਼ਰ, ਅੰਕੂ ਯਖਮੀ ਪ੍ਰੈਸ ਸਕੱਤਰ, ਰਾਜੀਵ ਸਿੰਗਲਾ, ਨੀਰਜ ਬਾਂਸਲ, ਰਾਜਨ ਸਿੰਗਲਾ, ਸੁਰਿੰਦਰ ਕੁਮਾਰ (ਪਿੰਕੂ), ਅੰਕਿਤ ਗਰਗ, ਦੀਪਕ ਜੈਨ, ਨਵਲ ਜੈਨ (ਸਾਰੇ ਮੈਂਬਰਾਨ) ਅਤੇ ਹੋਰਨਾਂ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਮਹਾਂਉਤਸਵ ਦੌਰਾਨ ਸ਼ਾਮ ਨੂੰ ਸੰਕੀਰਤਨ ਵੀ ਕਰਵਾਇਆ ਗਿਆ। ਮਹੰਤ ਸ੍ਰੀ ਮੋਹਨਦਾਸ ਜੀ ਮਹਾਰਾਜ ਅਤੇ ਮਹਾਰਾਜ ਸ੍ਰੀ ਸ਼ਿਆਮ ਸਿੰਘ ਜੀ ਚੌਹਾਨ (ਦੋਵੇਂ ਪੁਜਾਰੀ ਨਿਜ ਮੰਦਿਰ ਸੇਵਕ ਪਰਿਵਾਰ ਸ੍ਰੀ ਖਾਟੂਧਾਮ) ਵੱਲੋਂ ਸ੍ਰੀ ਸ਼ਿਆਮ ਅਖਾੜੇ ਦੌਰਾਨ ਸ੍ਰੀ ਖਾਟੂਸ਼ਿਆਮ ਜੀ ਦਾ ਗੁਣਗਾਨ ਕੀਤਾ ਗਿਆ। ਉਨ੍ਹਾਂ ਵੱਲੋਂ ਸੁਣਾਏ ਭਜਨਾਂ ਨੇ ਹਾਜ਼ਰੀਨ ਨੂੰ ਮੰਤਰ-ਮੁਗਧ ਕਰ ਦਿੱਤਾ। ਭੰਡਾਰੇ ਦੀ ਸੇਵਾ ਸਾਂਵਰੀਆਂ ਯੁਵਾ ਮੰਡਲ (ਰਜਿ.) ਮਾਲੇਰਕੋਟਲਾ ਵੱਲੋਂ ਅਤੇ ਚੂਰਮਾ ਪ੍ਰਸਾਦ ਸੇਵਾ ਗਿਆਰਸ ਸੰਕੀਰਤਨ ਮੰਡਲ ਮਾਲੇਰਕੋਟਲਾ ਵੱਲੋਂ ਨਿਭਾਈ ਗਈ। ਜੋੜਿਆਂ ਦੀ ਸੇਵਾ ਸ੍ਰੀ ਗਣੇਸ਼ ਸੇਵਾ ਸੁਸਾਇਟੀ ਮਾਲੇਰਕੋਟਲਾ ਦੇ ਵਲੰਟੀਅਰਾਂ ਵੱਲੋਂ ਨਿਭਾਈ ਗਈ। ਸੁਰੱਖਿਆ ਅਤੇ ਵਧੀਆ ਪ੍ਰਬੰਧਾਂ ਲਈ ਪ੍ਰਾਈਵੇਟ ਸਕਿਓਰਿਟੀ (ਕਮਾਂਡੋਜ਼) ਦੀਆਂ ਸੇਵਾਵਾਂ ਵੀ ਲਈਆਂ ਗਈਆਂ ਸਨ।

# ਸ਼ਿਵਰਾਤਰੀ ਮੇਲੇ ਮੌਕੇ ਹਰੀ ਹਰ ਰੋਹੀ ਮੰਦਰ ਤੋਂ ਬਾਬਾ ਆਨੰਦ ਗਿਰੀ ਜੀ ਮਹਾਰਾਜ ਦੀ ਅਗਵਾਈ 'ਚ ਸ਼ੋਭਾ ਯਾਤਰਾ ਕੱਢੀ, ਦੇਸ਼ ਵਿਦੇਸ਼ ਤੋਂ ਪਹੁੰਚੇ ਸੰਤ-ਮਹਾਪੁਰਸ਼ਾਂ ਨੇ ਭਰੀ ਹਾਜ਼ਰੀ



**ਹਰਭਜਨ**

**ਪੱਟੀ/14 ਫਰਵਰੀ:** ਸ਼ਿਵਰਾਤਰੀ ਦੇ ਪਵਿੱਤਰ ਦਿਹਾੜੇ ਨੂੰ ਮੁੱਖ ਰੱਖਦਿਆਂ ਸ਼ਿਵਰਾਤਰੀ ਸੁਭ ਯਾਤਰਾ ਸੰਨਿਆਸ ਆਸਰਮ ਦੇ ਮੁਖੀ ਅਤੇ ਕਾਂਸੀ ਦੇ ਥਾਣਾ ਪਤੀ ਬਾਬਾ ਆਨੰਦ ਗਿਰੀ ਜੀ ਮਹਾਰਾਜ ਦੀ ਅਗਵਾਈ ਹੇਠ ਕੱਢੀ ਗਈ। ਜਿਸ ਵਿੱਚ ਦੇਸ ਵਿਦੇਸ ਦੇ ਵੱਖ-ਵੱਖ ਰਾਜਾਂ ਤੋਂ ਪਹੁੰਚੇ ਸ੍ਰੀ ਭਾਗੀ ਰੱਥ ਮਿਰੀ ਜੀ, ਸ੍ਰੀ ਅਜੇ ਗਿਰੀ ਜੀ ਜੰਮੂ ਵਾਲੇ, ਸ੍ਰੀ ਮੋਹਨ ਗਿਰੀ ਜੀ ਹਿਮਾਚਲ ਵਾਲੇ, ਸ੍ਰੀ ਸੰਨੀ ਗਿਰੀ ਜੀ ਜੰਮੂ ਵਾਲੇ, ਸ੍ਰੀ ਸਕਤੀ ਗਿਰੀ ਜੀ ਲਖਣਪੁਰ ਵਾਲੇ, ਸ੍ਰੀ ਪ੍ਰਭਾਕਰ ਗਿਰੀ ਜੀ, ਸ੍ਰੀ ਮਨੀਸਾ ਆਨੰਦ ਗਿਰੀ ਜੀ, ਸ੍ਰੀ ਦੇਵ ਦੱਤ ਗਿਰੀ ਜੀ, ਸ੍ਰੀ ਗੋਪਾਲ ਗਿਰੀ ਜੀ, ਸ੍ਰੀ ਬਸੰਤ ਗਿਰੀ ਜੀ , ਥਾਣਾ ਪਤੀ ਪ੍ਰੇਵਾਂ ਆਨੰਦ ਗਿਰੀ ਜੀ ਜੂਨਾਂ ਅਖਾੜਾ ਦੇ ਪਹੁੰਚੇ ਸੰਤ ਮਹਾਂਪੁਰਸਾਂ, ਸਿਵ ਸਹਾਰਾ ਪ੍ਰਬੰਧਕ ਮੰਡਲ ਦੇ ਚੇਅਰਮੈਨ ਡਾਕਟਰ ਰਾਜੇਸ ਭਾਰਦਵਾਜ, ਪ੍ਰਧਾਨ ਸੁਮਨ ਭੱਲਾ, ਪ੍ਰਚਾਰ ਮੰਤਰੀ ਵਿਨੋਦ ਕੁਮਾਰ ਖੰਨਾ, ਐਡਵਾਈਜਰ ਰਮਨ ਸੂਦ, ਮਾਸਟਰ ਸੁਖਦੇਵ ਰਾਜ ਸਰਮਾ, ਭਵਨ ਕੁਮਾਰ ਟਾਹ, ਪ੍ਰਧਾਨ ਜਤਿਨ ਸਰਮਾ ਆਦਿ ਮੰਡਲ ਆਗੂਆਂ ਅਤੇ ਮਹਿਲਾ ਮੰਡਲ ਦੇ ਆਗੂ ਮੈਡਲ ਕਮਲਾ ਦੇਵੀ, ਮੈਡਲ ਬੇਦੀ, ਮੈਡਲ ਪੂਨਮ , ਮੈਡਲ ਜਸਬੀਰ ਕੌਰ, ਮੈਡਲ ਰਚਨਾ,ਅਮਨ ਭਸੀਨ ਆਦਿ ਦੀ ਅਗਵਾਈ ਹੇਠ ਸਿਵ ਯਾਤਰਾ ਕੱਢੀ ਗਈ। ਯਾਤਰਾ ਵਿੱਚ ਸਿਵ ਜੀ ਰੱਥ , ਬੈਂਡ, ਗਤਕਾ ਪਾਰਟੀ, ਸੰਖ ਨਾਥ, ਦਵੇਸ ਝੰਡਾ, ਕਲਸ, ਮਲਵਈ ਭੰਗੜਾ, ਗੌਰੀ ਸੰਕਰ, ਡੁੰਗਰੂ ਸੂਰੀਆ ਨਰਾਇਣ, ਰਾਮ ਭਗਵਾਨ, ਢੋਲ ਪਾਰਟੀ, ਬਜਰੰਗੀ ਸੈਣਾ, ਅਤੇ ਤਾਲਮੂਦ ਆਦਿ ਸੁੰਦਰ ਝਾਤੀਆਂ ਤੋਂ ਇਲਾਵਾ ਹਰਿਦੁਵਾਰ ਤੋਂ ਵਿਸੇਸ ਤੌਰ ਤੇ ਪਹੁੰਚਿਆ ਸ੍ਰੀ ਰਾਮ ਬੈਂਡ ਸਹਿਰ ਵਾਸੀਆਂ ਅਤੇ ਸਿਵ ਸਰਧਾਲੂਆਂ ਦੀ ਖਿੱਚ ਦਾ ਕੇਂਦਰ ਬਣਿਆ ਰਿਹਾ।

ਜਿੱਥੇ ਸਹਿਰ ਵਾਸੀਆਂ ਵੱਲੋਂ ਫਿਲਾਂਵਰ ਜਾਲ, ਸਜਾਵਟੀ ਗੇਟ, ਫਲੈਕਸੀਆ ਲਾ ਕੇ ਯਾਤਰਾ ਦਾ ਨਿੱਘਾ ਸਵਾਗਤ ਕੀਤਾ ਉਥੇ ਕੜਾਹ ਪੁੜੀਆਂ ,ਛੋਲੇ, ਫਲ ਫਰੂਟ, ਪਕੌੜੇ, ਬਰੇਡ, ਟੌਫੀਆਂ, ਫਰੂਟੀਆਂ ਬਿਸਕੁਟ ਆਦਿ ਦੇ ਲੰਗਰ ਲਾ ਕੇ ਯਾਤਰੀਆਂ ਦੀ ਟਹਿਲ ਸੇਵਾ ਕੀਤੀ। ਵਿਧਾਨ ਸਭਾ ਹਲਕਾ ਪੱਟੀ ਦੇ ਕਾਂਗਰਸੀ ਆਗੂ ਗੁਰਮਾਹਵੀਰ ਸਿੰਘ ਸਰਹਾਲੀ ਵੱਲੋਂ ਆਪਣੇ ਸਮਰਥਕਾਂ ਸਮੇਤ ਸੁਭ ਯਾਤਰਾ ਵਿੱਚ ਹਾਜਰੀਆਂ ਭਰੀਆਂ ਅਤੇ ਬਾਬਾ ਆਨੰਦ ਗਿਰੀ ਜੀ ਮਹਾਰਾਜ ਤੋ ਆਸੀਰਵਾਦ ਪ੍ਰਾਪਤ ਕੀਤਾ। ਸੁਭ ਯਾਤਰਾ ਵਿੱਚ ਸੰਤ ਮਹਾਂ ਪੁਰਸਾਂ ਨੇ ਰੱਥਾਂ ਉਪਰ ਸਵਾਰੀ ਕੀਤੀ ਗਈ।

ਸੁਭ ਯਾਤਰਾ ਬਾਜਾਰ ਦੇ ਵੱਖ-ਵੱਖ ਚੌਂਕਾਂ ਚੋਂ ਕੁਦਰਤੀ ਹੋਈ ਲਕਸਮੀ ਨਰਾਇਣ ਮੰਦਿਰ ਵੱਡੀ ਮੰਡੀ ਪਹੁੰਚੀ ਜਿੱਥੇ ਪੜਾਅ ਕੀਤਾ ਗਿਆ ਅਤੇ ਮੰਦਰ ਕਮੇਟੀ ਰਾਜਨ ਅਰੋੜਾ, ਚੰਦਨ ਭਨੋਟ, ਸਾਮ ਲਾਲ ਗੁਪਤਾ ਸਾਬਕਾ ਐਸ. ਐਮ. ਉ. ਸਮੇਤ ਆਗੂਆ ਨੇ ਜੋਰਦਾਰ ਸਵਾਗਤ ਕੀਤਾ। ਵਿਧਾਨ ਸਭਾ ਹਲਕਾ ਪੱਟੀ ਦੇ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ ਵੱਲੋਂ ਦਲਬੀਰ ਸਿੰਘ ਸੇਖੋਂ, ਚੇਅਰਮੈਨ ਸੁਖਵਿੰਦਰ ਸਿੱਧੂ, ਰਾਜ ਕੁਮਾਰ ਰਾਜੂ, ਗੁਰਵੈਲ ਸਿੰਘ ਲੁਹਾਰੀਆਂ, ਤੀਰਥ ਸਭਰਵਾਲ, ਕੌਂਸਲਰ, ਹਰਜਿੰਦਰ ਸਿੰਘ ਬੋਬੀ ਸਰਾਫ, ਸੁਖਵਿੰਦਰ ਸਿੰਘ ਸਿੱਧੂ ਸੰਗਵਾਂ, ਪ੍ਰਭਜੀਤ ਸਿੰਘ ਸਰਪੰਚ ਕਿਰਤੋਵਾਲ, ਰਣਜੀਤ ਸਿੰਘ ਰਾਣਾ ਬੁੱਟਰ, ਸਰਜੀਤ ਸਿੰਘ ਗਿੱਲ, ਮਨੀ ਸਰਮਾ, ਮਾਸਟਰ ਸੰਜੀਵ ਕੁਮਾਰ, ਬਲਰਾਜ ਸਿੰਘ ਸਰਪੰਚ ਭੱਗੂਪੁਰ, ਸੋਨੂ ਸਿੱਧੂ ਹਰੀਕੇ, ਰੰਮੀ ਸਾਬਕਾ ਸਰਪੰਚ ਠੱਕਰ ਪੁਰਾ, ਮਨਜੀਤ ਸਿੰਘ ਮਤਾ ਬੂਹ ਹਵੇਲੀਆਂ, ਸੋਭਾ ਸਿੰਘ ,ਵਿਜੇ ਕੁਮਾਰ ਸਰਮਾ, ਅਮਨਦੀਪ ਲਵਲੀ ਭੁੱਲਰ ਆਦਿ ਆਪਣੀ ਸਮੁੱਚੀ ਟੀਮ ਸਮੇਤ ਸ਼ਿਵਰਾਤਰੀ ਯਾਤਰਾ ਹਾਜਰੀਆਂ ਭਰੀਆਂ ਤੇ ਬਾਬਾ ਆਨੰਦ ਗਿਰੀ ਮਹਾਰਾਜ ਤੋਂ ਅਸੀਰਵਾਦ ਪ੍ਰਾਪਤ ਕੀਤਾ।

ਯਾਤਰਾ ਵੱਡੀ ਮੰਡੀ ਤੋਂ ਚੱਲ ਕੇ ਪੁਰਾਣੀ ਕੈਰੋ ਰੋਡ, ਕਹੀਆਂ ਵਾਲਾ ਚੌਕ,ਸਰਹਾਲੀ ਰੋਡ ਤੋਂ ਗੁਜਰਦੀ ਹੋਈ ਵਾਪਸ ਹਰੀ ਹਰ ਹੋਈ ਮੰਦਰ ਵਿਖੇ ਸੰਪੰਨ ਹੋਈ । ਜਿਸ ਵਿੱਚ ਬਾਊ ਵਿਜੇ ਕੁਮਾਰ, ਰਾਕੇਸ ਸੱਭਰਵਾਲ, ਦੀਪਕ ਮਹਿਤਾ, ਪ੍ਰਧਾਨ ਅਜੇ ਕੁਮਾਰ ਸਾਬਕਾ ਕੌਸਲਰ, ਗੁਰਜੀਤ ਸਿੰਘ ਕੁੱਕੂ, ਰਜੇਸ ਭੱਲਾ, ਅਮਰੀਕ ਸਿੰਘ ਐਮ. ਬੀ.ਏ.ਪੰਡਤ ਤਰੁਨ ਜੀ, ਸਚਿਨ ਸੂਦ, ਹਰਜਿੰਦਰ ਸਿੰਘ ਪੱਪੂ ਸਰਾਫ, ਸੂਰਜ ਪ੍ਰਕਾਸ ਕੌਂਸਲਰ ਗਨਪਤੀ ,ਕੇਸਵ ਦੇਵਗਨ, ਰਾਜੇਸ ਪਾਸੀ, ਪਵਨ ਜੈਨ, ਅਸਵਨੀ ਕੁਮਾਰ ਮਹਿਤਾ, ਸਤਪਾਲ ਅਰੋੜਾ ਸਾਬਕਾ ਕੌਸਲਰ,ਸੋਨੀ ਬੇਦੀ, ਇੰਜੀ: ਗੁਰਦੀਪ ਸਿੰਘ ਸੋਹਲ, ਚੈਅਰਮੈਨ ਵਿਜੈ ਸਰਮਾ, ਮਨਜੀਤ ਸਿੰਘ ਬੱਠੈਭੈਣੀ, ਪ੍ਰਧਾਨ ਰਾਜੇਸ ਪਾਠਕ, ਜਗਮੋਹਣ ਮਨਚੰਦਾ, ਦੀਪਕ ਮਹਿਤਾ, ਰਾਜਨ ਅਰੋੜਾ, ਚੰਦਨ ਭਨੋਟ, ਅੰਮਿਤ ਤਵਾੜੀ, ਜਗਦੀਪ ਪੇਂਟਰ, ਥਾਣੇਦਾਰ, ਅਨੂੰ ਜੈਨ, ਵਿਨੋਦ ਕੁਮਾਰ ਗੱਪਾ, ਨਰਿੰਦਰ ਕੁਮਾਰ ਜੇ ਈ, ਕੁਲਦੀਪ ਰਾਏ ਸਰਮਾ,ਜੋਨੀ ਬੇਦੀ, ਅੰਮ੍ਰਿਤ ਸਾਹ ਰਾਜੇਸ ਕੁਮਾਰ ਬੰਟਾ, ਵਿਸਮ ਸਰਮਾ, ਮਨੋਜ ਕੁਮਾਰ ਰਾਕੇਸ ਕੁਮਾਰ ਬੰਟਾ ,ਮਨੋਜ ਕੁਮਾਰ ਆਦਿ ਨੇ ਹਾਜਰੀਆਂ ਭਰੀਆਂ।

## DIRECTORATE OF SMALL SAVINGS, BANKING AND LOTTERIES, PUNJAB

Draw Time: 05:00 PM ONWARDS — DATE: 14/02/2026

RESULT OF PUNJAB STATE DEAR 50 JACKAL SATURDAY WEEKLY LOTTERY

MRP Rs 50/- Per Ticket

**1st Prize Amount (1) Rs. 15 Lakhs (On 5 digits with series)**
(Seller Prize Amount Rs. 1 Lakh + Sub Stockist Prize Amount Rs. 25 Thousand, Total Prize Amount Rs. 16.25 Lakhs )
A 84633

**2nd Prize Amount (25) Rs. 9,000/- (On 5 digits)**
(Seller Prize Amount Rs. 900/-, Sub Stockist Prize Amount Rs. 100/-, Total Prize Amount Rs.10,000/- Each)
57728 63936 68389 71746 89805

**3rd Prize Amount (50) Rs. 4,000/- (On Last 4 digits)**
(Seller Prize Amount Rs. 500/-, Sub Stockist Prize Amount Rs. 100/-, Total Prize Amount Rs. 4,600/- Each )
5194 9111

**4th Prize Amount (125) Rs. 2,000/- (On last 4 digits)**
(Seller Prize Amount Rs. 200/-, Sub Stockist Prize Amount Rs.50/-, Total Prize Amount Rs. 2,250/- Each)
3465 5049 5093 6912 8092

**5th Prize Amount (125) Rs. 1000/- (On last 4 digits )**
(Seller Prize Amount Rs. 100/-, Sub Stockist Prize Amount Rs. 50/-, Total Prize Amount Rs. 1,150/- Each)
0215 1574 6357 7102 7344

**6th Prize Amount (125) Rs. 500/- (On last 4 digits )**
(Seller Prize Amount Rs. 50/-, Sub Stockist Prize Amount Rs. 20/-, Total Prize Amount Rs.570/- Each)
2195 4940 7205 8085 8694

**7th Prize Amount (17,500) Rs. 100/- (On last 4 digits )**
(Seller Prize Amount Rs. 10/-, Sub Stockist Prize Amount Rs. 5/-, Total Prize Amount Rs.115/- Each)

| | | | | | | | | | |
|---|---|---|---|---|---|---|---|---|---|
| 0016 | 0031 | 0045 | 0047 | 0065 | 0082 | 0101 | 0105 | 0123 | 0128 |
| 0134 | 0142 | 0198 | 0214 | 0239 | 0253 | 0269 | 0273 | 0276 | 0352 |
| 0355 | 0398 | 0407 | 0412 | 0433 | 0442 | 0449 | 0459 | 0494 | 0533 |
| 0540 | 0549 | 0559 | 0564 | 0571 | 0575 | 0576 | 0578 | 0603 | 0658 |
| 0659 | 0663 | 0664 | 0671 | 0687 | 0702 | 0704 | 0720 | 0721 | 0748 |
| 0757 | 0760 | 0784 | 0805 | 0813 | 0817 | 0828 | 0832 | 0833 | 0834 |
| 0839 | 0855 | 0866 | 0873 | 0882 | 0885 | 0912 | 0937 | 0940 | 0971 |
| 0976 | 0986 | 1025 | 1042 | 1044 | 1048 | 1053 | 1091 | 1100 | 1118 |
| 1168 | 1173 | 1180 | 1191 | 1194 | 1197 | 1199 | 1204 | 1205 | 1210 |
| 1217 | 1254 | 1262 | 1270 | 1279 | 1291 | 1311 | 1331 | 1336 | 1337 |
| 1338 | 1340 | 1359 | 1366 | 1367 | 1425 | 1426 | 1437 | 1449 | 1450 |
| 1454 | 1455 | 1460 | 1486 | 1491 | 1499 | 1502 | 1510 | 1522 | 1543 |
| 1562 | 1584 | 1587 | 1614 | 1619 | 1641 | 1670 | 1673 | 1692 | 1706 |
| 1722 | 1744 | 1760 | 1766 | 1767 | 1773 | 1800 | 1816 | 1823 | 1847 |
| 1848 | 1852 | 1873 | 1874 | 1876 | 1931 | 1940 | 1946 | 1955 | 1962 |
| 1967 | 2011 | 2030 | 2050 | 2059 | 2081 | 2092 | 2106 | 2107 | 2142 |
| 2151 | 2155 | 2176 | 2214 | 2224 | 2257 | 2275 | 2297 | 2304 | 2307 |
| 2327 | 2397 | 2424 | 2428 | 2446 | 2537 | 2586 | 2608 | 2627 | 2641 |
| 2661 | 2664 | 2708 | 2719 | 2725 | 2737 | 2760 | 2780 | 2788 | 2790 |
| 2828 | 2837 | 2847 | 2859 | 2871 | 2882 | 2891 | 2911 | 2915 | 2931 |
| 2975 | 2976 | 2983 | 2988 | 2994 | 3001 | 3002 | 3003 | 3005 | 3006 |
| 3027 | 3041 | 3065 | 3088 | 3146 | 3155 | 3192 | 3195 | 3199 | 3216 |
| 3228 | 3232 | 3235 | 3237 | 3256 | 3302 | 3303 | 3314 | 3320 | 3358 |
| 3362 | 3366 | 3383 | 3385 | 3419 | 3453 | 3484 | 3487 | 3496 | 3500 |
| 3514 | 3525 | 3540 | 3548 | 3557 | 3566 | 3569 | 3570 | 3574 | 3586 |
| 3604 | 3633 | 3640 | 3648 | 3652 | 3674 | 3704 | 3709 | 3714 | 3730 |
| 3732 | 3733 | 3768 | 3783 | 3791 | 3793 | 3799 | 3843 | 3857 | 3868 |
| 3877 | 3885 | 3890 | 3930 | 3938 | 3940 | 3947 | 4029 | 4031 | 4052 |
| 4098 | 4118 | 4124 | 4133 | 4150 | 4158 | 4159 | 4168 | 4194 | 4209 |
| 4212 | 4219 | 4221 | 4230 | 4244 | 4276 | 4306 | 4335 | 4336 | 4362 |
| 4380 | 4384 | 4391 | 4400 | 4403 | 4405 | 4408 | 4414 | 4436 | 4451 |
| 4460 | 4472 | 4490 | 4498 | 4502 | 4512 | 4518 | 4528 | 4537 | 4593 |
| 4599 | 4621 | 4622 | 4644 | 4649 | 4653 | 4657 | 4669 | 4670 | 4709 |
| 4713 | 4717 | 4720 | 4728 | 4767 | 4809 | 4821 | 4834 | 4849 | 4873 |
| 4879 | 4881 | 4886 | 4898 | 4957 | 4978 | 4985 | 4988 | 4992 | 4997 |
| 5012 | 5013 | 5023 | 5048 | 5083 | 5094 | 5104 | 5117 | 5190 | 5211 |
| 5222 | 5226 | 5262 | 5286 | 5287 | 5296 | 5336 | 5339 | 5342 | 5355 |
| 5359 | 5381 | 5391 | 5394 | 5420 | 5427 | 5449 | 5486 | 5491 | 5495 |
| 5498 | 5517 | 5539 | 5545 | 5557 | 5570 | 5603 | 5621 | 5635 | 5652 |
| 5653 | 5668 | 5680 | 5686 | 5696 | 5703 | 5708 | 5725 | 5739 | 5771 |
| 5789 | 5793 | 5795 | 5823 | 5825 | 5828 | 5829 | 5832 | 5834 | 5874 |
| 5879 | 5890 | 5905 | 5919 | 5924 | 5944 | 5956 | 5975 | 5983 | 5988 |
| 6000 | 6010 | 6014 | 6031 | 6036 | 6043 | 6050 | 6059 | 6062 | 6072 |
| 6095 | 6098 | 6105 | 6127 | 6129 | 6144 | 6180 | 6199 | 6200 | 6209 |
| 6210 | 6211 | 6216 | 6218 | 6233 | 6257 | 6261 | 6263 | 6282 | 6283 |
| 6288 | 6292 | 6309 | 6334 | 6341 | 6349 | 6365 | 6380 | 6400 | 6403 |
| 6420 | 6440 | 6446 | 6462 | 6485 | 6510 | 6560 | 6578 | 6582 | 6596 |
| 6599 | 6603 | 6659 | 6664 | 6671 | 6674 | 6692 | 6707 | 6728 | 6734 |
| 6765 | 6788 | 6818 | 6843 | 6862 | 6873 | 6883 | 6916 | 6934 | 6936 |
| 6947 | 6953 | 6959 | 6993 | 6994 | 6997 | 7007 | 7044 | 7066 | 7074 |
| 7088 | 7116 | 7123 | 7132 | 7157 | 7165 | 7171 | 7182 | 7195 | 7196 |
| 7212 | 7215 | 7226 | 7249 | 7263 | 7271 | 7279 | 7280 | 7301 | 7305 |
| 7310 | 7311 | 7324 | 7333 | 7349 | 7363 | 7364 | 7365 | 7417 | 7419 |
| 7433 | 7441 | 7477 | 7480 | 7498 | 7500 | 7514 | 7546 | 7606 | 7612 |
| 7622 | 7640 | 7646 | 7694 | 7696 | 7701 | 7710 | 7716 | 7742 | 7745 |
| 7749 | 7767 | 7791 | 7808 | 7817 | 7822 | 7827 | 7835 | 7845 | 7850 |
| 7853 | 7857 | 7870 | 7881 | 8009 | 8012 | 8032 | 8037 | 8067 | 8069 |
| 8097 | 8106 | 8146 | 8149 | 8150 | 8165 | 8177 | 8183 | 8192 | 8202 |
| 8228 | 8242 | 8256 | 8259 | 8264 | 8287 | 8290 | 8304 | 8318 | 8321 |
| 8355 | 8386 | 8390 | 8419 | 8461 | 8462 | 8503 | 8505 | 8529 | 8545 |
| 8558 | 8561 | 8579 | 8605 | 8676 | 8709 | 8717 | 8719 | 8720 | 8725 |
| 8732 | 8745 | 8800 | 8819 | 8825 | 8877 | 8886 | 8894 | 8895 | 8900 |
| 8913 | 8933 | 8949 | 8966 | 8989 | 8990 | 9006 | 9008 | 9022 | 9029 |
| 9032 | 9045 | 9053 | 9064 | 9075 | 9117 | 9126 | 9144 | 9148 | 9161 |
| 9178 | 9179 | 9185 | 9202 | 9205 | 9213 | 9215 | 9229 | 9271 | 9278 |
| 9292 | 9298 | 9307 | 9309 | 9319 | 9320 | 9351 | 9375 | 9376 | 9416 |
| 9441 | 9442 | 9470 | 9486 | 9515 | 9522 | 9534 | 9547 | 9549 | 9618 |
| 9637 | 9641 | 9644 | 9652 | 9673 | 9683 | 9730 | 9733 | 9740 | 9752 |
| 9759 | 9778 | 9783 | 9785 | 9797 | 9814 | 9815 | 9837 | 9851 | 9854 |
| 9884 | 9890 | 9892 | 9903 | 9917 | 9973 | 9974 | 9975 | 9980 | 9986 |

Issued by DIRECTORATE OF SMALL SAVINGS, BANKING AND LOTTERIES, PUNJAB
Kindly check the final result with Official Gazette Notification

# ਵਿਕਸਿਤ ਭਾਰਤ 'ਚ ਰਹੇਗੀ ਹਰਿਆਣਾ ਦੀ ਮਹੱਤਵਪੂਰਨ ਭੂਮਿਕਾ: ਮੁੱਖ ਮੰਤਰੀ ਸੈਣੀ

ਦਸਨਸ

**ਚੰਡੀਗੜ੍ਹ/14 ਫਰਵਰੀ:** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ 2047 ਵਿੱਚ ਵਿਕਸਿਤ ਭਾਰਤ ਬਨਾਉਣ ਦਾ ਟੀਚਾ ਰੱਖਿਆ ਹੈ ਇਸ ਨੂੰ ਪੂਰਾ ਕਰਨ ਵਿੱਚ ਹਰਿਆਣਾ ਦੀ ਮਹੱਤਵਪੂਰਨ ਭੂਮਿਕਾ ਰਵੇਗੀ। ਇਸ ਟੀਚੇ ਨੂੰ ਪੂਰਾ ਕਰਨ ਲਈ ਸੂਬਾ ਸਰਕਾਰ ਲਗਾਤਾਰ ਕੰਮ ਕਰ ਰਹੀ ਹੈ। ਨਵੀ-ਨਵੀ ਯੋਜਨਾਵਾਂ ਬਣਾਈ ਜਾ ਰਹੀਆਂ ਹਨ।ਮੁੱਖ ਮੰਤਰੀ ਸ਼ਨਿਵਾਰ ਨੂੰ ਨਵੀਂ ਦਿੱਲੀ ਵਿੱਚ ਇੱਕ ਪ੍ਰੋਗਰਾਮ ਵਿੱਚ ਸੰਬੋਧਿਤ ਕਰ ਰਹੇ ਸਨ।



ਇਸ ਦੌਰਾਨ ਉਨ੍ਹਾਂ ਨੇ ਕਿਹਾ ਕਿ ਹਰਿਆਣਾ ਨਿਵੇਸ਼ਕਾਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ। ਹਰਿਆਣਾ ਸਰਕਾਰ ਨੇ ਪਿਛਲੇ ਬਜਟ ਵਿੱਚ 10 ਨਵੀਂ ਆਈਐਮਟੀ ਬਣਾਉਣ ਦਾ ਐਲਾਨ ਕੀਤਾ ਸੀ। ਇਨ੍ਹਾਂ ਵਿੱਚੋਂ 3 ਆਈਐਮਟੀ 'ਤੇ ਤੇਜੀ ਨਾਲ ਕੰਮ ਚਲ ਰਿਹਾ ਹੈ ਬਾਕਿ 4 ਆਈਐਮਟੀ ਦਾ ਕੰਮ ਵੀ ਜਲਦ ਪੂਰਾ ਕੀਤਾ ਜਾਵੇਗਾ। ਜੀਐਸਟੀ ਵਿੱਚ ਸੂਬਾ ਪਹਿਲੇ ਸਥਾਨ 'ਤੇ ਹੈ। ਹਰਿਆਣਾ ਵਿੱਚ ਰੋੜ ਇੰਫ੍ਰਾਸਟ੍ਰਕਚਰ ਇਨ੍ਹਾਂ ਬੇਹਤਰ ਹੈ ਕਿ ਸਾਡੇ ਤਿੰਨ ਤੋਂ ਚਾਰ ਘੰਟੇ ਵਿੱਚ ਇੱਕ ਕੌਨੇ ਤੋਂ ਦੂਜੇ ਕੌਨੇ ਵਿੱਚ ਜਾਇਆ ਜਾ ਸਕਦਾ ਹੈ। ਦਿੱਲੀ ਏਅਰਪੋਰਟ, ਚੰਡੀਗੜ੍ਹ ਏਅਰਪੋਰਟ ਅਤੇ ਹਿਸਾਰ ਏਅਰਪੋਰਟ ਦੀ ਸਿੱਧੇ ਕਨੇਕਟੀਵਿਟੀ ਹੈ। ਇਨ੍ਹਾਂ ਸਾਰਿਆਂ ਨੂੰ ਧਿਆਨ ਵਿੱਚ ਰੱਖ ਕੇ ਨਿਵੇਸ਼ਕ ਲਗਾਤਾਰ ਹਰਿਆਣਾ ਵਿੱਚ ਆ ਰਹੇ ਹਨ, ਇਸ ਨਾਲ ਵਿਕਸਿਤ ਭਾਰਤ ਵਿੱਚ ਹਰਿਆਣਾ ਦੀ ਮਹੱਤਵਪੂਰਨ ਭੂਮਿਕਾ ਰਹਿਣ ਵਾਲੀ ਹੈ।

ਮੁੱਖ ਮੰਤਰੀ ਸੈਣੀ ਨੇ ਕਿਹਾ ਕਿ 1966 ਵਿੱਚ ਜਦੋਂ ਹਰਿਆਣਾ-ਪੰਜਾਬ ਤੋਂ ਵੱਖ ਹੋ ਕੇ ਇੱਕ ਨਵਾਂ ਸੂਬਾ ਬਣਿਆ ਤਾਂ ਹਰ ਕਿਸੇ ਨੂੰ ਸੂਬੇ ਦੀ ਤਰੱਕੀ 'ਤੇ ਸ਼ੱਕ ਸੀ ਪਰ ਹਰਿਆਣਾ ਨੇ ਤੇਜੀ ਨਾਲ ਤਰੱਕੀ ਕੀਤੀ ਅਤੇ ਆਪਣੀ ਵੱਖ ਪਛਾਣ ਬਣਾਈ। ਅੱਜ ਭਾਰਤ ਦੀ ਸੇਨਾ ਵਿੱਚ ਹਰ ਦੂਜਾ ਜਵਾਨ ਹਰਿਆਣਾ ਤੋਂ ਹੈ। ਖੇਡਾਂ ਵਿੱਚ ਜੇਕਰ ਭਾਰਤ ਦੇ ਮੇਡਲ ਆਉਂਦੇ ਹਨ ਤਾਂ ਉਨ੍ਹਾਂ ਵਿੱਚ ਸਭ ਤੋਂ ਜਿਆਦਾ ਯੋਗਦਾਨ ਹਰਿਆਣਾ ਦੇ ਖਿਡਾਰਿਆਂ ਦਾ ਹੁੰਦਾ ਹੈ। ਫਾਰਚੂਨ 500 ਕੰਪਨਿਆਂ ਵਿੱਚੋਂ 250 ਹਰਿਆਣਾ ਵਿੱਚ ਕੰਮ ਕਰ ਰਹੀਆਂ ਹਨ। ਆਟੋਮੋਬਾਇਲ ਮੈਨਯੂਫੈਕਚਰਿੰਗ ਵਿੱਚ ਹਰਿਆਣਾ ਦੇਸ਼ ਵਿੱਚ ਪਹਿਲੇ ਸਥਾਨ 'ਤੇ ਹੈ।

ਪਲਾਨਿੰਗ ਤੋਂ ਸਥਾਪਿਤ ਕੀਤਾ ਜਾ ਰਿਹਾ ਇੰਡਸਟ੍ਰਿਅਲ ਇੰਫ੍ਰਾਸਟ੍ਰਕਚਰ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬੇ ਵਿੱਚ ਇੰਡਸਟ੍ਰਿਅਲ ਇੰਫ੍ਰਾਸਟ੍ਰਕਚਰ ਅਜਿਹੀ ਪਲਾਨਿੰਗ ਨਾਲ ਸਥਾਪਿਤ ਕੀਤਾ ਜਾ ਰਿਹਾ ਹੈ ਕਿ ਆਉਣ ਵਾਲੇ 50 ਸਾਲਾਂ ਤੱਕ ਕੋਈ ਦਿੱਕਤ ਨਾ ਆਵੇ। ਗੱਨੌਰ ਵਿੱਚ ਫ੍ਰੂਟ ਮੰਡੀ ਬਣ ਕੇ ਲਗਭਗ ਤਿਆਰ ਹੈ। ਬਾਕੀ ਖਾਰੀ ਬਾਵਲੀ ਦੀ ਡ੍ਰਾਈ ਫ੍ਰੂਟ ਮਾਰਕਿਟ, ਮਾਰਬਲ ਮਾਰਕਿਟ ਅਤੇ ਅਮ੍ਰਿਤਸਰ ਦੀ ਮਜੀਦ ਮਾਰਕਿਟ ਨੂੰ ਵੀ ਹਰਿਆਣਾ ਵਿੱਚ ਸਥਾਪਿਤ ਕਰਨ ਦੀ ਯੋਜਨਾ ਹੈ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਹੁਣ ਕੁਦਰਤੀ ਖੇਤੀ ਵਿੱਚ ਵੀ ਪਛਾਣ ਬਣਾਵੇਗਾ। ਉੱਥੇ ਹੀ ਵਾਤਾਵਰਨ ਦਾ ਵਿਸ਼ੇਸ਼ ਧਿਆਨ ਰੱਖਦੇ ਹੋਏ ਉਨ੍ਹਾਂ ਨੇ ਕਿਸਾਨਾਂ ਨੂੰ ਪਰਾਲੀ ਨਾ ਜਲਾਉਣ ਦੀ ਅਪੀਲ ਕੀਤੀ। ਇਸ ਤੋਂ ਬਾਅਦ 95 ਫੀਸਦੀ ਤੱਕ ਪਰਾਲੀ ਜਲਾਉਣ ਦੀ ਘਟਨਾਵਾਂ ਵਿੱਚ ਕਮੀ ਆਈ ਹੈ।

ਹਰਿਆਣਾ ਦੇ ਮੁੱਖ ਮੰਤਰੀ ਸੈਣੀ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ 55 ਸਾਲ ਦੇਸ਼ 'ਤੇ ਸ਼ਾਸਨ ਕੀਤਾ ਜਦੋਂ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸਿਰਫ 11 ਸਾਲ ਦੇ ਸ਼ਾਸਨ ਵਿੱਚ ਦੇਸ਼ ਦੀ ਤਸਵੀਰ ਬਦਲਣ ਦਾ ਕੰਮ ਕੀਤਾ।

# ਅਸੰਧ ਪੱਤਰਕਾਰ ਸੰਘ ਦੀ ਮੀਟਿੰਗ 'ਚ ਪੱਤਰਕਾਰਾਂ ਦੀਆਂ ਸਮੱਸਿਆਵਾਂ 'ਤੇ ਚਰਚਾ



ਗੁਰਨਾਮ ਸਿੰਘ ਰਾਮਗੜ੍ਹੀਆ

**ਅਸੰਧ/14 ਫਰਵਰੀ:** ਅਸੰਧ ਪੱਤਰਕਾਰ ਸੰਘ ਦੀ ਮੀਟਿੰਗ ਕੈਥਲ ਰੋਡ 'ਤੇ ਇੱਕ ਨਿੱਜੀ ਹੋਟਲ ਵਿੱਚ ਐਸੋਸੀਏਸਨ ਦੇ ਪ੍ਰਧਾਨ ਜਸਬੀਰ ਰਾਣਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦਾ ਸੰਚਾਲਨ ਜਨਰਲ ਸਕੱਤਰ ਨਿਰਮਲ ਕੁਮਾਰ ਸਰਮਾ ਨੇ ਕੀਤਾ। ਹਰਿਆਣਾ ਪੱਤਰਕਾਰ ਸੰਘ ਦੇ ਪ੍ਰਧਾਨ ਕੇ.ਬੀ. ਪੰਡਿਤ, ਜਿ਼ਲ੍ਹਾ ਪ੍ਰਧਾਨ ਰਾਜਕੁਮਾਰ ਪ੍ਰਿੰਸ ਅਤੇ ਸੀਨੀਅਰ ਪੱਤਰਕਾਰ ਸੋਮਦੱਤ ਸਰਮਾ ਵਿਸੇਸ ਤੌਰ 'ਤੇ ਮੌਜੂਦ ਸਨ। ਅਸੰਧ ਪਹੁੰਚਣ 'ਤੇ, ਮਹਿਮਾਨਾਂ ਦਾ ਹਾਰ ਪਾ ਕੇ ਨਿੱਘਾ ਸਵਾਗਤ ਕੀਤਾ ਗਿਆ।

ਮੀਟਿੰਗ ਦੌਰਾਨ, ਮੈਡੀਕਲ ਬੀਮਾ ਅਤੇ ਕੈਸਲੈੱਸ ਯੋਜਨਾ ਸਮੇਤ ਪੱਤਰਕਾਰਾਂ ਨਾਲ ਸਬੰਧਤ ਵੱਖ-ਵੱਖ ਮਹੱਤਵਪੂਰਨ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਅਸੰਧ ਵਿੱਚ ਕਈ ਸਾਲਾਂ ਤੋਂ ਖਾਲੀ ਪਏ ਐਪੀਰੋ ਦੇ ਅਹੁਦੇ 'ਤੇ ਨਿਯਮਤ ਨਿਯੁਕਤੀ ਸਬੰਧੀ ਹਰਿਆਣਾ ਦੇ ਮੁੱਖ ਮੰਤਰੀ, ਡੀਪੀਆਰ ਚੰਡੀਗੜ੍ਹ, ਵਿਧਾਇਕ ਅਸੰਧ ਅਤੇ ਡੀਪੀਆਰਓ ਕਰਨਾਲ ਨੂੰ ਇੱਕ ਲਿਖਤੀ ਬੇਨਤੀ ਭੇਜਣ ਦਾ ਵੀ ਫੈਸਲਾ ਕੀਤਾ ਗਿਆ। ਇਸ ਮੌਕੇ 'ਤੇ, ਸੀਨੀਅਰ ਅਸੰਧ ਪੱਤਰਕਾਰ ਹਰੀਸ ਮਦਾਨ ਦੀ ਭਰਜਾਈ ਦੇ ਦੇਹਾਂਤ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਰੱਖਿਆ ਗਿਆ ਅਤੇ ਵਿਛੜੀ ਆਤਮਾ ਲਈ ਪ੍ਰਾਰਥਨਾ ਕੀਤੀ ਗਈ। ਮੀਟਿੰਗ ਤੋਂ ਬਾਅਦ, ਸਾਰੇ ਪੱਤਰਕਾਰ ਸੋਗ ਵਿੱਚ ਡੁੱਬੇ ਪਰਿਵਾਰ ਦੇ ਨਿਵਾਸ ਸਥਾਨ 'ਤੇ ਪਹੁੰਚੇ ਅਤੇ ਉਨ੍ਹਾਂ ਨੂੰ ਦਿਲਾਸਾ ਦਿੱਤਾ।

ਹਰਿਆਣਾ ਪੱਤਰਕਾਰ ਸੰਘ ਦੇ ਪ੍ਰਧਾਨ ਕੇ.ਬੀ. ਪੰਡਿਤ ਨੇ ਕਿਹਾ ਕਿ ਪਰਿਵਾਰ ਦੇ ਇੱਕ ਮੈਂਬਰ ਦੇ ਵਿਛੋੜੇ ਨਾਲ ਪੈਦਾ ਹੋਇਆ ਖਲਾਅ ਲੰਬੇ ਸਮੇਂ ਤੋਂ ਮਹਿਸੂਸ ਕੀਤਾ ਜਾਂਦਾ ਹੈ। ਉਨ੍ਹਾਂ ਨੇ ਵਿਛੜੀ ਆਤਮਾ ਦੀ ਸਾਂਤੀ ਅਤੇ ਪਰਿਵਾਰ ਨੂੰ ਇਸ ਦੁੱਖ ਨੂੰ ਸਹਿਣ ਦੀ ਤਾਕਤ ਦੇਣ ਲਈ ਪਰਮਾਤਮਾ ਅੱਗੇ ਪ੍ਰਾਰਥਨਾ ਕੀਤੀ।

ਪ੍ਰਧਾਨ ਜਸਬੀਰ ਸਿੰਘ ਰਾਣਾ, ਈਸਵਰ ਦੱਤ ਸਰਮਾ, ਤਰਸੇਮ ਸਿੰਘ, ਹਿਮਾਂਸੂ ਛਾਬੜਾ, ਗੁਰਨਾਮ ਸਿੰਘ, ਨਿਤਿਨ ਭਾਰਦਵਾਜ, ਦਲ ਸਿੰਘ ਮਾਨ, ਦਿਲਬਾਗ ਸਿੰਘ, ਰੋਹਤਾਸ ਵਰਮਾ, ਕੁਲਵਿੰਦਰ ਸਿੰਘ ਗਾਬਾ, ਸੁਨੀਲ ਕੁਮਾਰ, ਪਰਵਿੰਦਰ ਪਾਹਵਾ, ਸਮੇਤ ਬਹੁਤ ਸਾਰੇ ਪੱਤਰਕਾਰ ਮੀਟਿੰਗ ਅਤੇ ਸੋਗ ਵਿੱਚ ਡੁੱਬੇ ਪਰਿਵਾਰ ਨਾਲ ਮੁਲਾਕਾਤ ਦੌਰਾਨ ਮੌਜੂਦ ਸਨ।

# ਲੇਕਸਲੇਜਿਸ ਇੰਡੀਆ ਏਆਈ ਇੰਪੈਕਟ ਸਮਿੱਟ 2026 'ਚ ਲਵੇਗਾ ਹਿੱਸਾ

ਦਸਨਸ

**ਚੰਡੀਗੜ੍ਹ/14 ਫਰਵਰੀ:** ਲੇਕਸਲੇਜਿਸ, ਭਾਰਤ ਦਾ ਉਭਰਦਾ ਏਆਈ ਅਧਾਰਿਤ ਲੀਗਲ ਇੰਟੈਲੀਜੈਂਸ ਪਲੇਟਫਾਰਮ, 16 ਤੋਂ 20 ਫਰਵਰੀ 2026 ਤੱਕ ਭਾਰਤ ਮੰਡਪਮ, ਨਵੀਂ ਦਿੱਲੀ ਵਿੱਚ ਹੋਣ ਵਾਲੇ ਇੰਡੀਆ ਏਆਈ ਇੰਪੈਕਟ ਸਮਿੱਟ 2026 ਵਿੱਚ ਹਿੱਸਾ ਲਵੇਗਾ। ਇਹ ਸਮਿੱਟ ਦੁਨੀਆਂ ਦੇ ਸਭ ਤੋਂ ਮਹੱਤਵਪੂਰਨ ਏਆਈ ਪ੍ਰੋਗਰਾਮਾਂ ਵਿੱਚੋਂ ਇੱਕ ਮੰਨਿਆ ਜਾ ਰਿਹਾ ਹੈ ਅਤੇ ਗਲੋਬਲ ਸਾਊਥ ਵਿੱਚ ਹੋਣ ਵਾਲਾ ਪਹਿਲਾ ਵੱਡਾ ਏਆਈ ਸੰਮੇਲਨ ਹੈ। ਇਹ ਸਿਰਫ ਸਿਧਾਂਤਕ ਗੱਲਾਂ ਤੱਕ ਸੀਮਿਤ ਨਹੀਂ ਰਹਿੰਦਾ, ਸਗੋਂ ਸਿਹਤ, ਖੇਤੀਬਾੜੀ, ਸਿੱਖਿਆ, ਜਲਵਾਯੂ, ਸਾਸਨ ਅਤੇ ਸਮਾਵੇਸੀ ਆਰਥਿਕ ਵਿਕਾਸ ਵਰਗੇ ਖੇਤਰਾਂ ਵਿੱਚ ਏਆਈ ਦੇ ਅਸਲੀ ਅਤੇ ਮਾਪੇ ਜਾ ਸਕਣ ਵਾਲੇ ਪ੍ਰਭਾਵ 'ਤੇ ਧਿਆਨ ਕੇਂਦਰਿਤ ਕਰਦਾ ਹੈ। ਸਮਿੱਟ ਵਿੱਚ ਪੰਜ ਖਾਸ ਸਟਾਲਾਂ ਨਾਲ, ਲੇਕਸਲੇਜਿਸ ਇਹ ਦਿਖਾਏਗਾ ਕਿ ਏਆਈ ਭਾਰਤ ਵਿੱਚ ਕਾਨੂੰਨੀ ਰਿਸਰਚ, ਅਦਾਲਤੀ ਵਿਸਲੇਸਣ, ਕਾਮਪਲਾਇੰਸ ਅਤੇ ਟੈਕਸ ਇੰਟੈਲੀਜੈਂਸ ਨੂੰ ਕਿਵੇਂ ਬਦਲ ਸਕਦਾ ਹੈ। ਲੇਕਸਲੇਜਿਸ ਦੇ ਸੰਸਥਾਪਕ ਸਾਕਰ ਯਾਦਵ ਨੇ ਕਿਹਾ ਕਿ ਦੁਨੀਆਂ ਭਰ ਵਿੱਚ ਏਆਈ ਬਾਰੇ ਗੱਲਬਾਤ ਹੁਣ ਸਿਰਫ ਸੰਭਾਵਨਾਵਾਂ ਤੱਕ ਸੀਮਿਤ ਨਹੀਂ ਰਹੀ, ਸਗੋਂ ਜਿੰਮੇਵਾਰੀ ਵੱਲ ਵੱਧ ਰਹੀ ਹੈ।

# ਭਾਰਤ ਕਿਸੇ ਵੀ ਕੀਮਤ 'ਤੇ ਕਿਸੇ ਅੱਤਵਾਦੀ ਹਮਲੇ ਨੂੰ ਬਰਦਾਸ਼ਤ ਨਹੀਂ ਕਰੇਗਾ: ਡਾ. ਸੀਮਾਂਤ ਗਰਗ



ਬਲਵੰਤ ਸਿੰਘ ਜੈਮਲ ਵਾਲਾ

**ਮੋਗਾ/14 ਫਰਵਰੀ:** ਭਾਰਤ ਕਿਸੇ ਵੀ ਕੀਮਤ 'ਤੇ ਕਿਸੇ ਵੀ ਅੱਤਵਾਦੀ ਹਮਲੇ ਨੂੰ ਬਰਦਾਸਤ ਨਹੀਂ ਕਰੇਗਾ ਅਤੇ ਅੱਤਵਾਦੀ ਹਮਲੇ ਕਰਨ ਵਾਲਿਆਂ ਨੂੰ ਪਹਿਲਾਂ ਵੀ ਗੰਭੀਰ ਨਤੀਜੇ ਭੁਗਤਣੇ ਪਏ ਹਨ ਅਤੇ ਹੁਣ ਵੀ ਉਨ੍ਹਾਂ ਨੂੰ ਹੋਰ ਵੀ ਸਖਤ ਨਤੀਜੇ ਭੁਗਤਣੇ ਪੈਣਗੇ। ਇਹ ਵਿਚਾਰ ਭਾਜਪਾ ਦੇ ਸਾਬਕਾ ਜਿ਼ਲ੍ਹਾ ਪ੍ਰਧਾਨ ਡਾ. ਸੀਮਾਂਤ ਨੇ ਪੁਰਾਣੀ ਦਾਣਾ ਮੰਡੀ ਸਥਿਤ ਭਾਜਪਾ ਦਫਤਰ ਵਿਖੇ ਪੁਲਵਾਮਾ ਦੇ ਸਹੀਦਾਂ ਨੂੰ ਸਰਧਾਂਜਲੀ ਭੇਟ ਕਰਦਿਆਂ ਪ੍ਰਗਟ ਕੀਤੇ। ਇਸ ਮੌਕੇ ਭਾਜਪਾ ਜਨਰਲ ਸਕੱਤਰ ਵਿੱਕੀ ਸਿਤਾਰਾ, ਜਨਰਲ ਸਕੱਤਰ ਰਾਹੁਲ ਗਰਗ, ਆਈਟੀ ਸੈੱਲ ਇੰਚਾਰਜ ਮੁਕੇਸ ਸਰਮਾ, ਦਫਤਰ ਇੰਚਾਰਜ ਜਤਿੰਦਰ ਚੱਢਾ, ਮੰਡਲ ਪ੍ਰਧਾਨ ਬਾਘਾਪੁਰਾਣਾ ਦੀਪਕ ਤਲਵਾੜ, ਮੰਡਲ ਪ੍ਰਧਾਨ ਅਮਨਦੀਪ ਗਰੋਵਰ, ਮੰਡਲ ਪ੍ਰਧਾਨ ਭੁਪਿੰਦਰ ਹੈਪੀ, ਧਰਮਵੀਰ ਭਾਰਤੀ, ਕਮਲ ਘਾਰੂ, ਸੋਨੀ ਮੰਗਲਾ, ਭੋਲਾ ਸਿੰਘ, ਆਸਾ ਸਿੰਘ, ਹਰਵਿੰਦਰ ਧਾਲੀਵਾਲ, ਪ੍ਰੋਮਿਲਾ ਮੋਨਰਾਈ, ਸੁਖਪ੍ਰੀਤ ਕੌਰ ਸੁੱਖੀ, ਸੁਖਜਿੰਦਰ ਸਿੰਘ ਵਾਂਡਰ, ਦਵਿੰਦਰ ਸਿੰਘ ਪ੍ਰਧਾਨ, ਆਸੀਸ ਕੁਮਾਰ, ਗੁਲਸਨ ਵਿੱਕੀ, ਹੇਮੰਤ ਸੂਦ, ਗਗਨ ਕੁਮਾਰ, ਵਿਜੇ ਮਿਸਰਾ, ਸਸੀਕਾਂਤ, ਅਰਜੁਨ ਕੁਮਾਰ, ਤਰਸੇਮ ਜੰਡ, ਸੁਕੇਸ ਸੂਦ, ਰਜਿੰਦਰ ਗਾਬਾ, ਸੰਜੀਵ ਅਗਰਵਾਲ, ਸੁੱਖਾ ਸਿੰਘ ਆਦਿ ਮੌਜੂਦ ਸਨ।

ਇਸ ਮੌਕੇ ਸਾਬਕਾ ਜਿ਼ਲ੍ਹਾ ਪ੍ਰਧਾਨ ਡਾ. ਸੀਮਾਂਤ ਨੇ ਪੁਲਵਾਮਾ ਦੇ ਸਹੀਦਾਂ ਨੂੰ ਸਰਧਾਂਜਲੀ ਭੇਟ ਕਰਦੇ ਹੋਏ ਕਿਹਾ ਕਿ 14 ਫਰਵਰੀ 2019 ਨੂੰ ਪੁਲਵਾਮਾ ਵਿੱਚ ਇੱਕ ਅੱਤਵਾਦੀ ਹਮਲਾ ਹੋਇਆ ਸੀ, ਜਿਸ ਵਿੱਚ ਸੀਆਰਪੀਐਫ ਦੀ 76ਵੀਂ ਬਟਾਲੀਅਨ ਦੀ ਇੱਕ ਬੱਸ ਨੂੰ ਉਡਾ ਦਿੱਤਾ ਗਿਆ ਸੀ, ਜਿਸ ਵਿੱਚ 40 ਸੀਆਰਪੀਐਫ ਜਵਾਨ ਸਹੀਦ ਹੋ ਗਏ ਸਨ। ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਭਾਰਤ ਵਿੱਚ ਗੁੱਸੇ ਦੀ ਲਹਿਰ ਫੈਲਾ ਦਿੱਤੀ। ਨਤੀਜੇ ਵਜੋਂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਮਲੇ ਤੋਂ ਕੁਝ ਦਿਨਾਂ ਬਾਅਦ ਅੱਤਵਾਦੀ ਕੈਂਪਾਂ 'ਤੇ ਹਵਾਈ ਹਮਲਾ ਕੀਤਾ, ਜਿਸ ਵਿੱਚ ਮੁੱਖ ਅੱਤਵਾਦੀ ਕਮਾਂਡਰ ਅਤੇ ਵੱਡੀ ਗਿਣਤੀ ਵਿੱਚ ਅੱਤਵਾਦੀ ਮਾਰੇ ਗਏ। ਭਾਰਤ ਨੇ ਪੁਲਵਾਮਾ ਹਮਲੇ ਦਾ ਢੁਕਵਾਂ ਜਵਾਬ ਦਿੱਤਾ। ਉਨ੍ਹਾਂ ਕਿਹਾ ਕਿ ਪੁਲਵਾਮਾ ਘਟਨਾ ਦੇ ਸਹੀਦਾਂ ਨੂੰ ਸਰਧਾਂਜਲੀ ਦਿੰਦੇ ਹੋਏ, ਉਨ੍ਹਾਂ ਨੇ ਉਨ੍ਹਾਂ ਦੇ ਪਰਿਵਾਰਾਂ ਪ੍ਰਤੀ ਡੂੰਘੀ ਸੰਵੇਦਨਾ ਪ੍ਰਗਟ ਕੀਤੀ।

# ਨਾਇਬ ਸਿੰਘ ਸੈਣੀ ਦੀ ਅਗਵਾਈ 'ਚ ਸੂਬਾ ਵਿਕਾਸ ਦੇ ਰਾਹ 'ਤੇ: ਕ੍ਰਿਸ਼ਨ ਕੁਮਾਰ ਬੇਦੀ



ਗੁਰਨਾਮ ਸਿੰਘ ਰਾਮਗੜ੍ਹੀਆ

**ਅਸੰਧ/14 ਫਰਵਰੀ:** ਸਮਾਜਿਕ ਨਿਆਂ ਅਤੇ ਸਸਕਤੀਕਰਨ ਮੰਤਰੀ ਕ੍ਰਿਸਨ ਕੁਮਾਰ ਬੇਦੀ ਨੇ ਕਿਹਾ ਕਿ ਅੱਜ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਸੂਬਾ ਵਿਕਾਸ ਦੇ ਰਾਹ 'ਤੇ ਹੈ। ਵਿਰੋਧੀ ਧਿਰ ਪੈਨਸਨਾਂ ਬਾਰੇ ਗੁੰਮਰਾਹਕੁੰਨ ਪ੍ਰਚਾਰ ਫੈਲਾ ਰਹੀ ਹੈ।ਹਾਲਾਂਕਿ, ਡਬਲ-ਇੰਜਣ ਸਰਕਾਰ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੀ ਹੈ ਕਿ ਲਾਭਪਾਤਰੀ ਦਾ ਪੈਸਾ ਸਿੱਧਾ ਗਰੀਬ ਵਿਅਕਤੀ ਦੇ ਖਾਤੇ ਵਿੱਚ ਜਾਵੇਗਾ। ਦੇਸ ਦੇ ਲੋਕਾਂ ਨੂੰ ਮੋਦੀ ਸਰਕਾਰ ਦੀ ਗਰੰਟੀ 'ਤੇ ਵਿਸਵਾਸ ਹੈ। ਬਜੁਰਗਾਂ ਦਾ ਸਤਿਕਾਰ ਕਰਨਾ ਸਾਡੀ ਸਰਕਾਰ ਦੀ ਤਰਜੀਹ ਹੈ। ਹਰਿਆਣਾ ਸਰਕਾਰ ਨੇ ਸਾਰੀਆਂ ਸਮਾਜਿਕ ਸੁਰੱਖਿਆ ਪੈਨਸਨਾਂ ਵਧਾ ਕੇ ਪੈਨਸਨਰਾਂ ਨੂੰ ਤੋਹਫਾ ਦਿੱਤਾ ਹੈ। ਵਧੀ ਹੋਈ ਰਕਮ ਦੇ ਨਾਲ, ਤਿੰਨ ਮਹੀਨਿਆਂ ਦੀ ਪੈਨਸਨ ਵੀ ਸਿੱਧੇ ਉਨ੍ਹਾਂ ਦੇ ਖਾਤਿਆਂ ਵਿੱਚ ਤਬਦੀਲ ਕੀਤੀ ਜਾਵੇਗੀ। ਕੈਬਨਿਟ ਮੰਤਰੀ ਨੇ ਇਹ ਬਿਆਨ ਬੀਤੀ ਦੇਰ ਸਾਮ ਅਸੰਧ ਵਿੱਚ ਨਗਰਪਾਲਿਕਾ ਚੇਅਰਪਰਸਨ ਸੁਨੀਤਾ ਰਾਣੀ ਦੇ ਨਿਵਾਸ 'ਤੇ ਇੱਕ ਰਿਫਰੈਸਮੈਂਟ ਸੈਸਨ ਦੌਰਾਨ ਮੀਡੀਆ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਦਿੱਤਾ।

ਉਨ੍ਹਾਂ ਦੇ ਪਹੁੰਚਣ 'ਤੇ, ਕੈਬਨਿਟ ਮੰਤਰੀ ਦਾ ਨਗਰਪਾਲਿਕਾ ਚੇਅਰਪਰਸਨ ਸੁਨੀਤਾ ਰਾਣੀ ਅਤੇ ਪਾਰਟੀ ਵਰਕਰਾਂ ਨੇ ਹਾਰ ਪਾ ਕੇ ਸਵਾਗਤ ਕੀਤਾ। ਕੈਬਨਿਟ ਮੰਤਰੀ ਨੇ ਕਿਹਾ ਕਿ ਭਾਜਪਾ ਹਰ ਵਿਅਕਤੀ ਅਤੇ ਵਰਗ ਨੂੰ ਬਰਾਬਰ ਉੱਚਾ ਚੁੱਕਦੀ ਹੈ; ਕਿਸੇ ਵੀ ਪੱਧਰ 'ਤੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਹੈ।

ਅੱਜ ਸੂਬੇ ਵਿੱਚ ਸਮਾਜ ਦਾ ਹਰ ਵਰਗ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਦਾ ਲਾਭ ਉਠਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਅਸੰਧ ਖੇਤਰ ਵਿੱਚ ਕਿਸੇ ਵੀ ਸਮੱਸਿਆ ਦੇ ਹੱਲ ਲਈ ਹਮੇਸਾ ਤਿਆਰ ਹਨ ਅਤੇ ਆਮ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ।

ਮਾਰਕੀਟ ਕਮੇਟੀ ਦੇ ਚੇਅਰਮੈਨ ਪ੍ਰਵੀਨ ਰਾਣਾ, ਰਾਜਪਾਲ ਭੱਟ, ਨਗਰ ਕੌਂਸਲ ਦੇ ਉਪ ਚੇਅਰਮੈਨ ਰਾਜਿੰਦਰ ਢੀਂਗਰਾ, ਡੀਐਸਪੀ ਗੌਰਖਪਾਲ ਰਾਣਾ, ਰਾਮਾਵਤਾਰ ਜਿੰਦਲ, ਕੌਂਸਲਰ ਰਿਸੀ ਮੁੰਡੇ, ਚਰਨਜੀਤ ਕੌਰ, ਅਮਿਤ ਰਾਣਾ, ਰਾਜਕੁਮਾਰ ਬਾਂਸਲ, ਮੁਖਪਾਲ, ਜੀਤਰਾਮ, ਰੋਸਨ ਲਾਲ, ਐਸਐਚਓ ਨਸੀਬ ਸਿੰਘ ਅਤੇ ਸੋਨੂੰ ਬੋਹਤ ਸਮੇਤ ਹੋਰ ਪਤਵੰਤੇ ਇਸ ਮੌਕੇ ਮੌਜੂਦ ਸਨ।

# ਯੂਨੀਵਰਸਿਟੀ ਕਾਲਜ ਚੁੰਨੀ ਕਲਾਂ 'ਚ 7 ਰੋਜ਼ਾ ਐਨਐਸਐਸ ਕੈਂਪ ਦੀ ਸਮਾਪਤੀ



ਰਵਿੰਦਰ ਸਿੰਘ ਢੀਂਡਸਾ

**ਸ੍ਰੀ ਫ਼ਤਹਿਗੜ੍ਹ ਸਾਹਿਬ/14 ਫਰਵਰੀ:** ਅੱਜ ਯੂਨੀਵਰਸਿਟੀ ਕਾਲਜ ਚੁੰਨੀ ਕਲਾਂ ਵਿਖੇ ਚੱਲ ਰਹੇ ਸੱਤ ਰੋਜਾ ਐਨ. ਐਸ.ਐਸ. ਕੈਂਪ ਦੀ ਸਫਲਤਾ ਪੂਰਵਕ ਸਮਾਪਤੀ ਹੋ ਗਈ। ਪ੍ਰੋਗਰਾਮ ਦੀ ਰਸਮੀ ਸੁਰੂਆਤ ਕਰਦਿਆਂ ਕਾਲਜ ਪ੍ਰਿੰਸੀਪਲ ਡਾ. ਵਨੀਤਾ ਗਰਗ ਨੇ ਵਿਦਿਆਰਥੀਆਂ ਨੂੰ ਐਨ.ਐਸ.ਐਸ. ਦੀ ਮਹੱਤਤਾ ਬਾਰੇ ਸਮਝਾਇਆ ਅਤੇ ਉਹਨਾਂ ਦੇ ਤਜਰਬਿਆਂ ਨੂੰ ਸੁਣਿਆ। ਇਸ ਮੌਕੇ ਹਲਕਾ ਬਸੀ ਪਠਾਣਾ ਤੋਂ ਐਮ.ਐਲ.ਏ. ਰੁਪਿੰਦਰ ਸਿੰਘ ਹੈਪੀ ਨੇ ਮੁੱਖ ਮਹਿਮਾਨ ਦੇ ਤੌਰ ਤੇ ਸਿ਼ਰਕਤ ਕੀਤੀ।ਉਹਨਾਂ ਨੇ ਸੰਖੇਪ ਸਬਦਾਂ ਵਿੱਚ ਕਿਹਾ ਕਿ ਵਿਦਿਆਰਥੀਆਂ ਨੂੰ ਹਮੇਸਾ ਪੜ੍ਹਾਈ ਨੂੰ ਆਪਣੀ ਜਿ਼ੰਦਗੀ ਵਿੱਚ ਖਾਸ ਮਹੱਤਤਾ ਦੇਣੀ ਚਾਹੀਦੀ ਹੈ।ਇਸ ਤੋਂ ਇਲਾਵਾ ਉਹਨਾਂ ਨੇ ਵਿਦਿਆਰਥੀਆਂ ਦੇ ਨਾਲ ਆਪਣੇ ਅਨੁਭਵ ਸਾਂਝੇ ਕੀਤੇ ।ਉਹਨਾਂ ਨੇ ਐਨ.ਐਸ.ਐਸ. ਦੇ ਬੈਸਟ ਵਲੰਟੀਅਰ ਮਨਜਿੰਦਰ ਸਿੰਘ, ਜਸਨਪ੍ਰੀਤ ਕੌਰ, ਅਨਮੋਲ ਸਰਮਾ, ਗੁਰਜੰਟ ਸਿੰਘ ਨੂੰ ਸਨਮਾਨਿਤ ਕੀਤਾ ਅਤੇ ਚੁਣੇ ਗਏ ਪੰਜ ਸਟਾਰ ਵਲੰਟੀਅਰਾਂ ਨੂੰ ਵੀ ਇਨਾਮ ਦਿੱਤਾ।ਉਹਨਾਂ ਨੇ ਅਲੱਗ ਅਲੱਗ ਮੁਕਾਬਲਿਆਂ ਦੇ ਵਿੱਚ ਪਹਿਲੇ ਦੂਜਿਆਂ ਤੇ ਤੀਜੇ ਸਥਾਨ ਪ੍ਰਾਪਤ ਕਰਨ ਵਾਲੇ ਵਲੰਟੀਅਰਾਂ ਨੂੰ ਇਨਾਮ ਦਿੱਤੇ ।ਇਸ ਮੌਕੇ ਮਨਜਿੰਦਰ ਸਿੰਘ ਅਤੇ ਜਸਮੀਤ ਕੌਰ ਨੇ ਸੱਤ ਰੋਜਾ ਕੈਂਪ ਦੀ ਰਿਪੋਰਟ ਪੇਸ ਕੀਤੀ। ਮੰਚ ਸੰਚਾਲਨ ਦੀ ਜਿ਼ੰਮੇਵਾਰੀ ਡਾ.ਦਵਿੰਦਰ ਸਿੰਘ ਨੇ ਨਿਭਾਈ।ਐਨ. ਐਸ.ਐਸ .ਟੀਮ ਦੇ ਕੋਆਰਡੀਨੇਟਰ ਡਾ.ਰਣਦੀਪ ਕੌਰ ,ਡਾ.ਦਲਵੀਰ ਸਿੰਘ , ਡਾ. ਮਾਲਵਿਕਾ ਖੁਰਾਣਾ, ਪ੍ਰੋ.ਅਮਰੀਕ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਮਹੰਤ ਪ੍ਰਵੀਨ ਚੌਧਰੀ ਦੀ ਅਗਵਾਈ 'ਚ ਸ਼ਾਮ ਨੂੰ ਅਖੰਡ ਯੱਗ ਸਥਾਨ 'ਤੇ ਬਗਲਾਮੁਖੀ ਚਾਲੀਸਾ ਦਾ ਪਾਠ ਗੂੰਜਿਆ



ਪੱਤਰ ਪ੍ਰੇਰਕ

**ਲੁਧਿਆਣਾ/14 ਫਰਵਰੀ:** ਬਗਲਾਮੁਖੀ ਧਾਮ ਵਿਖੇ 243 ਘੰਟੇ, 11 ਦਿਨਾਂ ਦੇ ਅਖੰਡ ਮਹਾਂ ਯੱਗ ਦੇ ਤੀਜੇ ਦਿਨ, ਸਰਧਾਲੂਆਂ ਨੇ ਆਪਣੀਆਂ ਸਾਰੀਆਂ ਇੱਛਾਵਾਂ ਦੀ ਪੂਰਤੀ ਲਈ ਪ੍ਰਾਰਥਨਾ ਕਰਦੇ ਹੋਏ ਭੇਟਾਂ ਚੜ੍ਹਾਈਆਂ। ਸੰਕੀਰਤਨ ਮੰਡਲ ਨੇ ਮਾਂ ਬਗਲਾਮੁਖੀ ਚਾਲੀਸਾ ਦਾ ਸੰਗੀਤਕ ਪਾਠ ਕੀਤਾ। ਬਗਲਾਮੁਖੀ ਧਾਮ ਦੇ ਮੁਖੀ ਮਹੰਤ ਪ੍ਰਵੀਨ ਚੌਧਰੀ ਨੇ ਮੰਤਰਾਂ ਦਾ ਪਾਠ ਕੀਤਾ ਅਤੇ ਭੇਟਾਂ ਚੜ੍ਹਾਉਣ ਵਾਲੇ ਸਰਧਾਲੂਆਂ ਦੀਆਂ ਇੱਛਾਵਾਂ ਦੀ ਪੂਰਤੀ ਲਈ ਮਾਂ ਦੇਵੀ ਭਗਵਤੀ ਦੇ ਚਰਨਾਂ ਵਿੱਚ ਪ੍ਰਾਰਥਨਾ ਕੀਤੀ। ਉਨ੍ਹਾਂ ਅਪੀਲ ਕੀਤੀ ਕਿ ਪੰਜਾਬ ਅਤੇ ਦੁਨੀਆ ਭਰ ਦੇ ਕਾਰੋਬਾਰੀਆਂ ਦਾ ਕਾਰੋਬਾਰ ਵਧੇ-ਫੁੱਲੇ। ਮਾਂ ਬਗਲਾਮੁਖੀ ਚਾਲੀਸਾ ਦੀ ਮਹਿਮਾ ਦਾ ਵਰਣਨ ਕਰਦੇ ਹੋਏ ਮਹੰਤ ਜੀ ਨੇ ਕਿਹਾ ਕਿ ਚਾਲੀਸਾ ਦਾ ਪਾਠ ਕਰਨ ਵਾਲੇ ਭਗਤ ਦੀ ਹਿੰਮਤ ਅਤੇ ਬਹਾਦਰੀ ਵਧਦੀ ਹੈ। ਨਕਾਰਾਤਮਕ ਵਿਚਾਰਾਂ ਦੇ ਖਾਤਮੇ ਅਤੇ ਮਨ ਵਿੱਚੋਂ ਨਕਾਰਾਤਮਕ ਸਕਤੀਆਂ ਦੇ ਵਿਨਾਸ ਨਾਲ, ਮਨੁੱਖ ਡਰ ਤੋਂ ਮੁਕਤ ਜੀਵਨ ਜੀਉਂਦਾ ਹੈ। ਮਾਂ ਬਗਲਾਮੁਖੀ ਦੇ ਸਰਧਾਲੂ ਅਤੇ ਧਾਮ ਦੇ ਭਗਤ ਪ੍ਰਵੀਨ ਅਗਰਵਾਲ ਐਮਕੇ ਨੇ 243 ਘੰਟੇ ਚੱਲਣ ਵਾਲੇ ਅਖੰਡ ਮਹਾਯੱਗ ਮੌਕੇ ਤੇ ਕਿਹਾ ਕਿ ਪੰਜਾਬ ਦਾ ਵਪਾਰਕ ਭਾਈਚਾਰਾ ਇਸ ਮਹਾਯੱਗ ਪ੍ਰਤੀ ਬਹੁਤ ਉਤਸਾਹਿਤ ਹੈ। ਇਸ ਮਹਾਯੱਗ ਨੇ ਲੁਧਿਆਣਾ ਨੂੰ ਦੁਨੀਆ ਵਿੱਚ ਇੱਕ ਵੱਖਰੀ ਪਛਾਣ ਦਿੱਤੀ ਹੈ। ਅਖੰਡ ਯੱਗ ਸਿਰਫ ਇੱਕ ਧਾਰਮਿਕ ਰਸਮ ਨਹੀਂ ਹੈ ਸਗੋਂ ਰਾਸਟਰੀ ਖੁਸਹਾਲੀ, ਸਮਾਜਿਕ ਸਦਭਾਵਨਾ ਅਤੇ ਵਿਸਵ ਸਾਂਤੀ ਲਈ ਇੱਕ ਪਵਿੱਤਰ ਸਮੂਹਿਕ ਪ੍ਰਾਰਥਨਾ ਹੈ। ਦੇਰ ਸਾਮ ਆਯੋਜਿਤ ਭਜਨ ਸੰਧਿਆ ਵਿੱਚ, ਭਜਨ ਗਾਇਕਾਵਾਂ ਸੰਜਨਾ ਭੋਲਾ ਅਤੇ ਲਵਰਾਜ ਅਟਵਾਲ ਨੇ ਮਾਂ ਬਗਲਾਮੁਖੀ ਦੀ ਉਸਤਤ ਵਿੱਚ ਭਜਨ ਗਾਏ, ਜਿਨ੍ਹਾਂ ਵਿੱਚ "ਚੁੰਨੀ ਤੇਰੀ ਮੈਂ ਲਿਆਵਾਂ ਦਾਤੀਏ, ਨਾਲੇ ਲਾਈ ਕੇ ਆਵਨ ਫੂਲਨ ਵਾਲੇ ਹਾਰ...," ਅਤੇ "ਬਗਲਾਮੁਖੀ ਕਾ ਸਜਾਇਆ ਦਰਬਾਰ...," ਸਾਮਲ ਹਨ। ਦੇਵੀ ਦੇ ਦਰਸਨ ਕਰਕੇ ਆਪਣੇ ਜੀਵਨ ਨੂੰ ਸਫਲ ਬਣਾਉਣ ਲਈ। ਮਾਂ ਬਗਲਾਮੁਖੀ ਨੂੰ ਭੇਟ ਕੀਤੇ ਗਏ ਕਈ ਤਰ੍ਹਾਂ ਦੇ ਪਕਵਾਨ ਪ੍ਰਸਾਦ ਅਤੇ ਭੋਜਨ ਵਜੋਂ ਵੰਡੇ ਗਏ। ਇਸ ਮੌਕੇ ਅਸੋਕ ਗੋਇਲ, ਪ੍ਰਦੀਪ ਸਿੰਘ, ਸੁਤੀਕਸਿ਼ਤ ਟੰਡਨ, ਵਿਪਨ ਜੀ, ਵਿਨੀਤ ਸਿਆਲ, ਧਾਮ ਦੇ ਮੁੱਖ ਸੇਵਾਦਾਰ ਮਨਪ੍ਰੀਤ ਛਤਵਾਲ, ਸੇਵਾਦਾਰ ਨਵਨਜੋਤ ਛਤਵਾਲ, ਕਰਨ ਸਾਂਡਿਲਿਆ, ਸੁਨੀਲ ਮਹਾਜਨ, ਰਮਨ ਘਈ, ਜਤਿੰਦਰ ਸੂਦ, ਮੋਹਿਤ ਸੂਦ, ਰਾਣਾ ਵਰਿੰਦਰ ਸਿੰਘ, ਬੌਬੀ ਮੱਕੜ, ਗੁਨੀਤ ਖੇੜਾ, ਗੌਤਮ ਸਚਦੇਵਾ, ਨਰਿੰਦਰ ਮਹਾਜਨ, ਰਾਜ ਸੋਲੰਕੀ, ਗੌਰਵ ਕਾਲੀਆ, ਪਰਮਵੀਰ ਸਿੰਘ, ਅਰਜੁਨ ਹੋਰਾ, ਚੇਤਨ ਟੰਡਨ, ਇਕਬਾਲ ਸਿੰਘ, ਵਰੁਣ ਦੱਤ, ਅਜੇ ਜੈਨ, ਰਾਹੁਲ ਸਮੇਤ ਸੈਂਕੜੇ ਸੇਵਾਦਾਰਾਂ ਨੇ ਮਾਂ ਬਗਲਾਮੁਖੀ ਦਾ ਆਸੀਰਵਾਦ ਪ੍ਰਾਪਤ ਕੀਤਾ।

# ਬਿਜਲੀ ਨਿਗਮ ਦੀ ਜ਼ਮੀਨ ਪੁੱਡਾ ਨੂੰ ਤਬਦੀਲ ਕਰਨ ਖ਼ਿਲਾਫ਼ 16- 17 ਫਰਵਰੀ ਨੂੰ ਅਰਥੀ ਫੂਕ ਮੁਜ਼ਾਹਰੇ ਕਰਨ ਦਾ ਐਲਾਨ



ਦਸਨਸ

**ਪਟਿਆਲਾ/14 ਫਰਵਰੀ:** ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਵੱਲੋਂ ਬਿਜਲੀ ਨਿਗਮ ਦੀ ਪਿੰਡ ਬਡੂੰਗਰ ਜਿ਼ਲ੍ਹਾ ਪਟਿਆਲਾ ਵਿਖੇ 50 ਏਕੜ ਜਮੀਨ ਦੀ ਮਾਲਕੀ ਪੁੱਡਾ ਦੇ ਨਾਮ ਤਬਦੀਲ ਕਰਨ ਦੇ ਖਿਲਾਫ ਸੰਘਰਸ ਸ਼ੁਰੂ ਕਰਨ ਬਾਰੇ ਬਿਜਲੀ ਮੁਲਾਜਮ ਅਤੇ ਪੈਨਸਨਰ ਦੀਆਂ ਪ੍ਰਮੁੱਖ ਜਥੇਬੰਦੀਆਂ ਦੇ ਸਾਂਝੇ ਥੜੇ ਪੀਐਸਈਬੀ ਇੰਪਲਾਈਜ ਜੁਆਇੰਟ ਫੋਰਮ , ਬਿਜਲੀ ਮੁਲਾਜਮ ਏਕਤਾ ਮੰਚ ਪੰਜਾਬ , ਐਸੋਸੀਏਸਨ ਆਫ ਜੂਨੀਅਰ ਇੰਜੀਨੀਅਰ , ਗਰਿੱਡ ਸਬ ਸਟੇਸਨ ਇੰਪਲਾਈਜ ਯੂਨੀਅਨ , ਪਾਵਰਕਾਮ ਐਂਡ ਟ੍ਰਾਂਸਕੋ ਪੈਨਸਨਰਜ ਯੂਨੀਅਨ ਪੰਜਾਬ (ਸਬੰਧਤ ਏਟਕ ) , ਪੈਨਸਨਰ ਵੈਲਫੇਅਰ ਫੈਡਰੇਸਨ (ਪਹਿਲਵਾਨ ) ਦੇ ਆਗੂਆਂ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਫੈਸਲਾ ਕਰਕੇ 16 ਅਤੇ 17 ਫਰਵਰੀ ਨੂੰ ਸਮੁੱਚੇ ਪੰਜਾਬ ਦੀਆਂ ਸਬ ਡਵੀਜਨ ਅਤੇ ਡਵੀਜਨ ਪੱਧਰ ਤੇ ਪਾਵਰ ਮੈਨੇਜਮੈਂਟ ਅਤੇ ਸੀ ਐਮ ਡੀ ਦੀਆਂ ਅਰਥੀਆਂ ਫੂਕ ਕੇ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਮੀਟਿੰਗ ਵਿੱਚ ਸ਼ਾਮਲ ਆਗੂਆਂ ਹਰਪਾਲ ਸਿੰਘ ,ਗੁਰਵੇਲ ਸਿੰਘ ਬੱਲਪੁਰੀਆ , ਬਲਦੇਵ ਸਿੰਘ ਮੰਡਾਲੀ, ਕੁਲਵਿੰਦਰ ਸਿੰਘ ਢਿੱਲੋਂ, ਸਰਿੰਦਰਪਾਲ ਲਹੌਰੀਆ, ਬਲਜੀਤ ਸਿੰਘ ਮੋਦਲਾ, ਦਵਿੰਦਰ ਸਿੰਘ ਪਿਸ਼ੌਰ, ਰਵੇਲ ਸਿੰਘ ਸਹਾਏਪੁਰ, ਮਨਜੀਤ ਸਿੰਘ ਚਾਹਲ, ਹਰਮਨਦੀਪ,ਜਸਵੀਰ ਸਿੰਘ ਆਂਡਲੂ, ਕੌਰ ਸਿੰਘ ਸੋਹੀ , ਰਾਧੇਸ਼ਿਆਮ ,ਬਾਬਾ ਅਮਰਜੀਤ ਸਿੰਘ ,ਦਲੀਪ ਕੁਮਾਰ , ਪਵਨਪ੍ਰੀਤ ਸਿੰਘ, ਗੁਰਪਿਆਰ ਸਿੰਘ, ਸੁਖਵਿੰਦਰ ਸਿੰਘ ਦੁੱਮਣਾ ਆਦਿ ਨੇ ਕਿਹਾ ਕਿ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਨਾਲ ਬੀਤੇ ਸਾਲ ਵਿੱਚ ਹੋਈਆਂ ਮੀਟਿੰਗਾਂ ਸਮੇਂ ਵੀ ਅਤੇ ਹੁਣ 14 ਜਨਵਰੀ 2026 ਨੂੰ ਗੈਸਟ ਹਾਊਸ ਮੁਹਾਲੀ ਵਿਖੇ ਹੋਈ ਮੀਟਿੰਗ ਵਿੱਚ ਮੁਲਾਜਮਾਂ ਅਤੇ ਪੈਨਸਨਰਾਂ ਦੀਆਂ ਕਾਫੀ ਵਾਜਿਬ ਮੰਗਾਂ ਮੰਨ ਕੇ ਲਾਗੂ ਕਰਨ ਦੀ ਮੈਨੇਜਮੈਂਟ ਨੇ ਸਹਿਮਤੀ ਪ੍ਰਗਟ ਕੀਤੀ ਗਈ ਸੀ । ਇਸ ਤੋਂ ਇਲਾਵਾ ਸੀ ਐਮ ਡੀ ਡਾ. ਬਸੰਤ ਗਰਗ ਆਈ ਏ ਐਸ ਨੇ ਜਾਇਦਾਦਾਂ ਨਾ ਵੇਚਣ ਬਾਰੇ ਵੀ ਲਿਖਤੀ ਭਰੋਸਾ ਦਿੱਤਾ ਸੀ ਪਰ ਹੁਣ ਹੋਈ ਗੱਲਬਾਤ ਦੇ ਉਲਟ ਵਾਅਦਾ ਖਿਲਾਫੀ ਕਰਦੇ ਹੋਏ 50 ਏਕੜ ਜਮੀਨ ਦੀ ਮਾਲਕੀ ਪੁੱਡਾ ਦੇ ਨਾਮ ਤਬਦੀਲ ਕਰ ਦਿੱਤੀ ਹੈ।

ਆਗੂਆਂ ਨੇ ਕਿਹਾ ਕਿ ਜਾਇਦਾਦਾਂ ਵੇਚਣ ਦੇ ਖਿਲਾਫ ਵੱਡੀ ਲਹਿਰ ਖੜੀ ਕਰਨ ਅਤੇ ਮੰਨੀਆਂ ਹੋਈਆਂ ਵਾਜਿਬ ਮੰਗਾਂ ਦੀ ਪ੍ਰਾਪਤੀ ਲਈ ਅਗਲੇ ਸੰਘਰਸ ਦੀ ਰੂਪ ਰੇਖਾ ਉਲੀਕਣ ਲਈ 28 ਫਰਵਰੀ ਨੂੰ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਲੁਧਿਆਣਾ ਵਿਖੇ ਸਾਂਝੀ ਮੀਟਿੰਗ ਕਰਕੇ ਅਗਲੇ ਤਿੱਖੇ ਸੰਘਰਸ ਦਾ ਐਲਾਨ ਕੀਤਾ ਜਾਵੇਗਾ।

ਆਗੂਆਂ ਨੇ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕੇ ਜੇਕਰ ਪੰਜਾਬ ਸਰਕਾਰ ਨੇ ਆਪਣੀਆਂ ਰਾਜਸੀ ਲੋੜਾਂ ਲਈ ਅਦਾਰੇ ਦੀਆਂ ਜਮੀਨਾਂ ਵੇਚਣ ਦਾ ਘਾਤਕ ਫੈਸਲਾ ਵਾਪਸ ਨਾ ਲਿਆ ਤਾਂ ਅਦਾਰੇ ਦੀਆਂ ਮੁਲਾਜਮ ਅਤੇ ਪੈਨਸਨਰ ਜਥੇਬੰਦੀਆਂ ਪੱਕਾ ਮੋਰਚਾ ਲਗਾਉਣ ਤੋਂ ਵੀ ਗੁਰੇਜ ਨਹੀਂ ਕਰਨਗੀਆਂ। ਜਿਸ ਨਾਲ ਇਸ ਸਨਅਤੀ ਅਦਾਰੇ ਦਾ ਮਾਹੌਲ ਅਸ਼ਾਂਤ ਹੋਣ ਅਤੇ ਨਿਕਲੇ ਹੋਰ ਮਾੜੇ ਸਿਟਿਆਂ ਦੀ ਜਿ਼ੰਮੇਵਾਰੀ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਦੀ ਹੋਵੇਗੀ ।

# ਲਾਲ ਚੰਦ ਕਟਾਰੂਚੱਕ ਨੇ ਪਿੰਡ ਤਰਗੜ੍ਹ 'ਚ ਸ੍ਰੀਮਦ ਭਾਗਵਤ ਕਥਾ ਦੌਰਾਨ ਭਰੀ ਹਾਜ਼ਰੀ




ਰਮਨ ਕਾਲੀਆ

**ਪਠਾਨਕੋਟ/14 ਫਰਵਰੀ:** ਅੱਜ ਸ੍ਰੀ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਪਿੰਡ ਤਰਗੜ੍ਹ ਵਿੱਚ ਚੱਲ ਰਹੇ ਸ੍ਰੀਮਦ ਭਾਗਵਤ ਕਥਾ ਦੇ ਸਪਤਾਹਕੀ ਪ੍ਰੋਗਰਾਮ ਦੌਰਾਨ ਹਾਜਰ ਹੋ ਕੇ ਨਤਮਸਤਕ ਹੋਏ। ਕਥਾ ਦੌਰਾਨ ਭਗਵਤ ਕਥਾ ਆਚਾਰਿਆ ਸ੍ਰੀ ਵਿਕਾਸ ਕ੍ਰਿਸਨ ਗਰਗ ਜੀ ਮਹਾਰਾਜ ਨੇ ਯਾਦਗਾਰ ਚਿੰਨ੍ਹ ਭੇਂਟ ਕਰਕੇ ਸ੍ਰੀ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਜੀ ਨੂੰ ਸਨਮਾਨਿਤ ਕੀਤਾ।

ਇਸ ਮੌਕੇ ਤੇ ਸੰਬੋਧਿਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅਸੀਂ ਬਹੁਤ ਹੀ ਭਾਗਾਂ ਭਰੇ ਲੋਕ ਹਾਂ ਕਿ ਸਾਨੂੰ ਇਸ ਸਪਤਾਹਿਕ ਸ੍ਰੀਮਦ ਭਾਗਵਤ ਕਥਾ ਦੌਰਾਨ ਨਤਮਸਤਕ ਹੋਣ ਦਾ ਮੌਕਾ ਮਿਲਿਆ ਹੈ।

ਉਹਨਾਂ ਕਿਹਾ ਕਿ ਅਜਿਹੇ ਧਾਰਮਿਕ ਪ੍ਰੋਗਰਾਮ ਜੋ ਕਿ ਸਮਾਜ ਅੰਦਰ ਲੋਕਾਂ ਵਿੱਚ ਭਾਈਚਾਰਾ ਅਤੇ ਏਕਤਾ ਬਣਾਈ ਰੱਖਦੇ ਹਨ ਅਤੇ ਸਾਨੂੰ ਧਰਮ ਦੇ ਨਾਲ ਜੋੜ ਕੇ ਰੱਖਦੇ ਹਨ। ਉਹਨਾਂ ਇਸ ਮੌਕੇ ਤੇ ਧਾਰਮਿਕ ਪ੍ਰੋਗਰਾਮ ਅਯੋਜਿਤ ਕਰਨ ਵਾਲੀ ਕਮੇਟੀ ਨੂੰ ਵੀ ਸੁਭ ਕਾਮਨਾਵਾਂ ਦਿੱਤੀਆਂ।

# ਸੁਖਵਿੰਦਰ ਕੁਮਾਰ ਸੁੱਖੀ ਨੂੰ ਵੱਖ-ਵੱਖ ਰਾਜਨੀਤਕ ਪਾਰਟੀ ਦੇ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ

ਜਗਤਾਰ ਸਿੰਘ ਜੱਬੋਵਾਲ

**ਮੱਲਪੁਰ ਅੜਕਾਂ/14 ਫਰਵਰੀ:** ਰਾਹੋਂ ਵਿਖੇ ਵਿਧਾਨ ਸਭਾ ਹਲਕਾ ਨਵਾਂਸਹਿਰ ਤੋਂ ਵਿਧਾਇਕ ਨਛਤਰ ਪਾਲ ਦੇ ਛੋਟੇ ਭਰਾ ਸੁਖਵਿੰਦਰ ਕੁਮਾਰ ਸੁੱਖੀ ਦੀ ਆਤਮਿਕ ਸਾਂਤੀ ਲਈ ਰੱਖੇ ਗਏ ਪਾਠ ਦੇ ਭੋਗ ਉਪਰੰਤ ਕਰਵਾਏ ਗਏ ਨਮਿੱਤ ਸਰਧਾਂਜਲੀ ਸਮਾਰੋਹ ਕਰਵਾਇਆ ਗਿਆ।ਇਸ ਮੌਕੇ ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਆਗੂਆਂ , ਬਸਪਾ ਪੰਜਾਬ ਦੇ ਕੇਂਦਰੀ ਕੋਆਰਡੀਨੇਟਰ ਰਣਧੀਰ ਸਿੰਘ ਬੈਨੀਪਾਲ ਇੰਚਾਰਜ ਪੰਜਾਬ ਹਰਿਆਣਾ ਚੰਡੀਗੜ੍ਹ ਰਾਜਸਥਾਨ ਪਰਤਾਪ ਸਿੰਘ ਕੇਂਦਰੀ ਕੋਆਰਡੀਨੇਟਰ ਪੰਜਾਬ, ਬਸਪਾ ਦੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ, ਠੇਕੇਦਾਰ ਅਜੀਤ ਸਿੰਘ ਭੈਣੀ ਪੰਜਾਬ ਇੰਚਾਰਜ, ਕੁਲਦੀਪ ਸਿੰਘ ਸਰਦੂਲਗੜ੍ਹ ਪੰਜਾਬ ਇੰਚਾਰਜ ਚੌਧਰੀ ਗੁਰਨਾਮ ਸਿੰਘ ਪੰਜਾਬ ਇੰਚਾਰਜ ਪਰਵੀਨ ਬੰਗਾ ਜਨਰਲ ਸਕੱਤਰ ਬਸਪਾ ਪੰਜਾਬ, ਰਛਪਾਲ ਰਾਜੂ, ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਹਲਕਾ ਬੰਗਾ, ਅਮਰ ਦੜੋਚ, ਸ੍ਰੋਮਣੀ ਕਮੇਟੀ ਮੈਂਬਰ ਜੱਥੇ ਮਹਿੰਦਰ ਸਿੰਘ ਹੁਸੈਨਪੁਰ, ਪੰਜਾਬ ਬਸਪਾ ਦੇ ਇੰਚਾਰਜ ਪ੍ਰਤਾਪ ਸਿੰਘ, ਲਲਿਤ ਮੋਹਨ ਪਾਠਕ ਹਲਕਾ ਇੰਚਾਰਜ "ਆਪ" ਹੇਮੰਤ ਰਣਦੇਵ ਬੌਬੀ, ਪ੍ਰਵੀਨ ਬੰਗਾ, ਆਦਿ ਨੇ ਵਿਛੜੀ ਰੂਹ ਨੂੰ ਸਰਧਾ ਦੇ ਫੁੱਲ ਭੇਟ ਕਰਦਿਆਂ ਪਰਿਵਾਰ ਨੂੰ ਭਾਣਾ ਮੰਨਣ ਅਤੇ ਬੱਲ ਬਖਸਣ ਦੀ ਅਰਦਾਸ ਕੀਤੀ। ਇਸ ਤੋਂ ਪਹਿਲਾਂ ਦੇ ਗਿਆਨੀ ਜੋਗਿੰਦਰ ਸਿੰਘ ਦੇ ਕੀਰਤਨੀ ਜੱਥੇ ਵਲੋਂ ਵੈਰਾਗਮਈ ਕੀਰਤਨ ਰਾਹੀਂ ਸੰਗਤਾਂ ਨੂੰ ਬਾਣੀ ਨਾਲ ਜੋੜਿਆ। ਇਸ ਮੌਕੇ ਹਲਕਾ ਵਿਧਾਇਕ ਡਾਕਟਰ ਨੱਛਤਰ ਪਾਲ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕੇਂਦਰੀ ਆਗੂ ਰਣਧੀਰ ਸਿੰਘ ਬੈਨੀਪਾਲ ਵਲੋਂ ਬਸਪਾ ਸੁਪਰੀਮੋ ਕੁਆਰੀ ਮਾਇਆਵਤੀ ਵਲੋਂ ਭੇਜਿਆ ਗਿਆ ਸੋਕ ਸੰਦੇਸ ਪੜ੍ਹਿਆ ਗਿਆ। ਇਸ ਤੋਂ ਇਲਾਵਾ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਵਲੋਂ ਭੇਜੇ ਗਏ ਸੋਕ ਸੰਦੇਸ ਪੜ੍ਹੇ ਗਏ। ਇਸ ਮੌਕੇ ਗਗਨ ਅਗਨੀਹੋਤਰੀ ਚੇਅਰਮੈਨ ਮਾਰਕੀਟ ਕਮੇਟੀ, ਕਰਨੈਲ ਸਿੰਘ ਰਾਹੋਂ, ਰਮਨਦੀਪ



ਸਿੰਘ ਥਿਆੜਾ, ਹਰਵੇਲ ਸਿੰਘ ਭਾਰਟਾ, ਅਮਰਜੀਤ ਸਿੰਘ ਬਿੱਟਾ ਪ੍ਰਧਾਨ, ਜਸਵਿੰਦਰ ਸੋਨੀ, ਜਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਜਾਫਰਪੁਰ, ਰਸਪਾਲ ਮਹਾਲੋਂ ਇੰਚਾਰਜ ਵਿਧਾਨ ਸਭਾ ਹਲਕਾ ਨਵਾਂਸਹਿਰ, ਜਥੇਦਾਰ ਗੁਰਬਖਸ ਸਿੰਘ ਖਾਲਸਾ, ਜਥੇਦਾਰ ਪਰਮ ਸਿੰਘ ਖਾਲਸਾ, ਰਾਜਵਿੰਦਰ ਲੱਕੀ ਜਿਲ੍ਹਾ ਪ੍ਰਧਾਨ ਬੀਜੇਪੀ, ਸਤਨਾਮ ਸਿੰਘ ਜਲਵਾਹਾ ਚੇਅਰਮੈਨ ਨਗਰ ਸੁਧਾਰ ਟਰੱਸਟ ਨਵਾਂਸਹਿਰ, ਰਾਕੇਸ ਕੁਮਾਰ ਗੜ੍ਹੀ, ਰਣਧੀਰ ਬੈਨੀਪਾਲ ਕੇਂਦਰੀ ਕੇਂਦਰੀ ਇੰਚਾਰਜ, ਸਤਵਿੰਦਰ ਸਿੰਘ ਹੀਰਾ ਪ੍ਰਧਾਨ ਆਦਿ ਧਰਮ ਮਿਸਨ, ਬਲਵੀਰ ਸਿੰਘ ਬਾਲੀ ਵਧੀਕ ਐਡਵੋਕੇਟ ਜਨਰਲ, ਡਾਕਟਰ ਹਨੀ ਚੰਡੀਗੜ੍ਹ, ਅਰਸਜੀਤ, ਕਲਵੰਤ ਕੌਰ ਆਜਾਦ ਕਲਾ ਮੰਚ ਪੰਜਾਬ, ਸਤਨਾਮ ਸਿੰਘ, ਰਾਜ ਕੁਮਾਰ ਡੀ ਐਸ ਪੀ ਨਵਾਂਸਹਿਰ, ਬਲਵਿੰਦਰ ਨਾਨੋਵਾਲੀਆ, ਡਾਕਟਰ ਚਮਨ ਸਿੰਘ,ਅਮਨਦੀਪ ਕੌਰ ਕੌਂਸਲਰ, ਰਣਜੀਤ ਸਿੰਘ ਬਦੇਸਾ ਸਾਬਕਾ ਡੀ ਐਸ ਪੀ, ਜਰਨੈਲ ਸਿੰਘ ਪੱਲੀਆਂ, ਡਾਕਟਰ ਮੱਖਣ ਸਿੰਘ ਸੰਗਰੂਰ, ਨਰਿੰਦਰ ਰਠੌਰ, ਕ੍ਰਿਸਨ ਦੁੱਗਲ ਐੱਸ ਡੀ ਓ, ਕਪੂਰ ਸਿੰਘ, ਦਿਲਬਾਗ ਸਿੰਘ, ਛੋਟੂ ਰਾਮ ਸਾਬਕਾ ਜਿਲ੍ਹਾ ਸਿੱਖਿਆ ਅਫਸਰ, ਕੁਵਲਿੰਦਰ ਸਿੰਗਲਾ,ਕੁਲਦੀਪ ਸਿੰਘ ਸਰਦੂਲਗੜ੍ਹ, ਮਨੋਹਰ ਕਮਾਮ,ਪ੍ਰਿੰਸੀਪਲ ਖੁਸੀ ਰਾਮ, ਹਰਬਲਾਸ ਬਸਰਾ, ਗੁਰਬਖਸ ਸਿੰਘ ਖਾਲਸਾ, ਰਵਿੰਦਰ ਪਾਲ ਸਿੰਘ, ਸੁਰਜੀਤ ਸਿੰਘ ਹੇਡੋਂ, ਹਰਭਜਨ ਜੱਬਾ, ਜੋਗਿੰਦਰ ਸਿੰਘ ਡੁਲਕੁ, ਰਾਜਵਿੰਦਰ ਲੱਕੀ ਜਿਲ੍ਹਾ ਪ੍ਰਧਾਨ ਬੀਜੇਪੀ, ਪੂਨਮ ਮਾਨਿਕ, ਪਟਵਾਰੀ ਹਰੀਕਿਸਨ, ਜਰਨੈਲ ਸਿੰਘ ਭਿੰਡਰ, ਦਿਲਬਾਗ ਸਿੰਘ ਭਿੰਡਰ, ਗਿਆਨ ਚੰਦ, ਦੌਲਤ ਬਰਨਾਲਾ, ਕੁਲਵੀਰ ਜਾਫਰਪੁਰ, ਸੋਹਣ ਸਿੰਘ, ਸਿ਼ਗਾਰਾ ਰਾਮ, ਜੀਤ ਰਾਮ ਘਕੇਵਾਲ, ਹਰਬਲਾਸ ਬਧਣ, ਅਮਰਜੀਤ ਲੰਗੜੋਆ, ਗੁਰਦਿਆਲ ਸਿੰਘ, ਕੁਲਦੀਪ ਬਹਿਰਾਮ, ਸਤਪਾਲ ਸਰੋਆ, ਪ੍ਰਭਜੀਤ ਮਿੱਠਾ, ਜਸਵੀਰ ਮੰਗੂਵਾਲ, ਬਲਬੀਰ ਸਿੰਘ ਹੁਸੈਨਪੁਰ, ਪਰਵਿੰਦਰ ਕਿੱਤਣਾ, ਸੰਨੀ ਸਿੰਘ ਜਾਫਰਪੁਰ, ਜਸਪਾਲ ਸਿੰਘ ਰਾਮਰਾਏ, ਕਰਨੈਲ ਸਿੰਘ ਦਰਦੀ, ਰਾਣੀ ਅਰਮਾਨ, ਹਰਬਲਾਸ ਸਿੰਘ ਬੇਹਲਪੁਰੀ, ਕਪੂਰ ਸਿੰਘ, ਬਲਵਿੰਦਰ ਕੌਰ ਪ੍ਰਧਾਨ ਨਗਰ ਕੌਂਸਲ ਨਵਾਂਸਹਿਰ, ਕੁਲਵੀਰ ਸਿੰਘ ਖੱਦਰ, ਡਾਕਟਰ ਪਰਮਜੀਤ ਸਿੰਘ ਕੈਂਥ, ਜਰਨੈਲ ਸਿੰਘ ਸਾਬਕਾ ਐਸ ਡੀ ਓ, ਬਲਦੇਵ ਸਿੰਘ ਭਾਗੀ, ਸਰਨਜੀਤ ਸਿੰਘ, ਜੀਤ ਰਾਮ, ਹਰਮੇਸ ਨੌਰਥ, ਸਤਵਿੰਦਰ ਜੱਬੋਵਾਲ, ਮਾਸਟਰ ਸੁਲੱਖਣ, ਬਲਦੇਵ ਮਹਿਰਾ, ਪ੍ਰੇਮ ਰਤਨ ਸਮੇਤ ਭਾਰੀ ਗਿਣਤੀ ਵਿਚ ਸੰਗਤਾਂ ਹਾਜਰ ਸਨ।

Editor : Ripudaman Rippy (under PRP Act 2023), Printer and Publisher : Ranjit Singh, for M/s Desh Sewak Association, Printed from Desh Sewak Printers Ltd., Baba Sohan Singh Bhakna Bhawan, Sector 29-D, Chandigarh, Published from Baba Sohan Singh Bhakna Bhawan, Sector 29-D Chandigarh. RNI Regn. No.62951/95

# ਜੈਤੋ 'ਚ ਅਕਾਲੀ ਦਲ ਨੂੰ ਝਟਕਾ, ਸੀਨੀਅਰ ਆਗੂ ਸੁਰਜੀਤ ਸਿੰਘ ਗੋਲੇਵਾਲੀਆ ਸਾਥੀਆਂ ਸਣੇ 'ਆਪ' 'ਚ ਸ਼ਾਮਲ

ਰੇਸ਼ਮ ਵੜਤੀਆ

**ਜੈਤੋ, 14 ਫਰਵਰੀ:** ਅੱਜ ਇਥੋਂ ਦੇ ਨਜਦੀਕੀ ਪੈਂਦੇ ਪਿੰਡ ਦਬੜੀਖਾਨਾ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸੁਰਜੀਤ ਸਿੰਘ ਗੋਲੇਵਾਲੀਆ ਨੇ ਅੱਜ ਆਪਣੇ ਸਾਥੀਆਂ ਸਮੇਤ ਹਲਕਾ ਜੈਤੋ ਦੇ ਵਿਧਾਇਕ ਸਰਦਾਰ ਅਮੋਲਕ ਸਿੰਘ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੇ ਵਿੱਚ ਸਮੂਲੀਅਤ ਕਰ ਦਿੱਤੀ ਹੈ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਹਲਕਾ ਜੈਤੋ ਦੇ ਵਿਧਾਇਕ ਸਰਦਾਰ ਅਮੋਲਕ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਹਮੇਸ਼ਾ ਲੋਕ ਪੱਖੀ ਗੱਲ ਕੀਤੀ ਹੈ।ਆਮ ਆਦਮੀ ਪਾਰਟੀ ਲਗਾਤਾਰ ਪੰਜਾਬ ਦਾ ਵਿਕਾਸ ਕਰ ਰਹੀ ਹੈ ਜਿਸਦੇ ਚੱਲਦਿਆਂ ਹੀ ਸੁਰਜੀਤ ਸਿੰਘ ਗੋਲੇਵਾਲੀਆ ਨੇ ਸਾਡੇ ਕੰਮਾਂ ਨੂੰ ਦੇਖਦੇ ਹੋਏ ਅਤੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਸੋਚ ਨੂੰ ਮੁੱਖ ਰੱਖ ਕੇ ਹੀ ਆਮ ਆਦਮੀ ਪਾਰਟੀ ਦੇ ਵਿੱਚ ਅੱਜ ਲਗਭਗ 15 ਦੇ ਕਰੀਬ ਪਰਿਵਾਰਾਂ ਵੱਲੋਂ ਸਮੂਲੀਅਤ ਕੀਤੀ ਗਈ ਹੈ। ਇਹਨਾਂ ਵੱਲੋਂ ਕਦੇ ਵੀ ਪਾਰਟੀਬਾਜੀ ਨਹੀਂ ਕੀਤੀ ਗਈ ਅਤੇ ਹਰ ਕਿਸੇ ਦਾ ਕੰਮ ਪਾਰਟੀ ਬਾਜੀ ਤੋਂ ਉੱਪਰ ਉੱਠ ਕੇ ਕੀਤਾ ਹੈ ਜਿਸ ਤੋਂ ਅਸੀਂ ਪ੍ਰਭਾਵਿਤ ਹੋ ਕੇ ਅੱਜ ਇਹਨਾਂ ਦੇ ਨਾਲ ਇਹਨਾਂ ਦੀ ਪਾਰਟੀ ਦੇ ਵਿੱਚ ਸਾਮਿਲ ਹੋਏ ਹਾਂ ਅਤੇ ਪਾਰਟੀ ਦੀ ਬੇਹਤਰੀ ਲਈ ਹਰ ਇੱਕ ਸੰਭਵ ਉਪਰਾਲਾ ਕਰਦੇ ਰਹਾਂਗੇ ਇਸ ਮੌਕੇ ਤੇ ਇਹਨਾਂ ਦੇ ਨਾਲ ਟਰੱਕ ਯੂਨੀਅਨ ਦੇ ਪ੍ਰਧਾਨ ਐਡਵੋਕੇਟ ਹਰਸਿਮਰਨ ਸਿੰਘ ਮਲਹੋਤਰਾ ਪੀਏਡੀਬੀਏ ਦੇ ਚੇਅਰਮੈਨ ਗੋਵਿੰਦਰ ਸਿੰਘ ਵਾਲੀਆ ਗੁਰਭੇਜ ਸਿੰਘ ਬਰਾੜ ਸਰਪੰਚ ਹਰਦੀਪ ਸਿੰਘ ਢਿੱਲੋ ਰੁਪਿੰਦਰ ਸਿੰਘ ਢਿੱਲੋ ਤਲਵਿੰਦਰ ਸਿੰਘ ਢਿੱਲੋ ਮੰਦਰ ਸਿੰਘ ਚਰਨਜੀਤ ਸਿੰਘ ਬਸੰਤ ਸਿੰਘ ਬੂਟਾ ਸਿੰਘ ਸਵਰਾਜ ਸਿੰਘ ਢਿੱਲੋ ਸੁਖਪਾਲ ਸਿੰਘ ਨੰਬਰਦਾਰ ਮੁਖਤਿਆਰ ਸਿੰਘ ਸਰਪੰਚ ਪਰਮਜੀਤ ਸਿੰਘ ਪ੍ਰਿਤਪਾਲ ਸਿੰਘ ਲਖਵਿੰਦਰ ਕੌਰ ਢਿੱਲੋ ਸੁਖਜੀਤ ਸਿੰਘ ਜਸਪ੍ਰੀਤ ਸਿੰਘ ਦਰਸਨ ਸਿੰਘ ਗੋਲੇਵਾਲੀਆ ਕੁਲਵਿੰਦਰ ਸਿੰਘ ਰਾਜਾ ਹਰਗੋਵਿੰਦ ਪਾਲ ਸਿੰਘ ਨਵਦੀਪ ਸਿੰਘ ਦਬੜੀਖਾਨਾ ਸਿ?ਵਰਾਜ ਢਿੱਲੋ ਜਗਤਾਰ ਸਿੰਘ ਬਲਾੜੀਏ ਅਤੇ ਜਸਵੀਰ ਸਿੰਘ ਬਲਾੜੀਏ ਆਦਿ ਮੌਜੂਦ ਸਨ।

## ਚੋਣ ਨੋਟਿਸ

ਇਹ ਦਾ ਚੰਡੀਗੜ੍ਹ ਸਮਾਲ ਇੰਡਸਟ੍ਰੀ ਓਨਰਸ ਕੋਆਪਰੇਟਿਵਵ ਹਾਊਸ ਬਿਲਡਿੰਗ (ਪਹਿਲੀ) ਸੁਸਾਇਟੀ ਲਿਮ., ਸੈਕਟਰ 48, ਚੰਡੀਗੜ੍ਹ ਦੇ ਸਾਰੇ ਮੈਂਬਰਾਂ ਦੀ ਜਾਣਕਾਰੀ ਲਈ ਹੈ ਕਿ ਸੁਸਾਇਟੀ ਦੇ ਪ੍ਰਬੰਧਕ ਕਮੇਟੀ ਦੀ ਚੋਣ ਜੁਆਇੰਟ ਰਜਿਸਟਰਾਰ, ਕੋਆਪਰੇਟਿਵ ਸੁਸਾਇਟੀਆਂ, ਯੂਟੀ ਚੰਡੀਗੜ੍ਹ ਦੁਆਰਾ ਜਾਰੀ ਮੀਮੋ ਨੰ. Coop./HB/S. Industry-E/25/9807 dt. 31/12/2025 ਰਾਹੀਂ ਹੇਠ ਮੁਤਾਬਿਕ ਕੀਤੀ ਜਾਵੇਗੀ:
ਨਾਮਕਣ ਪੱਤਰ ਭਰਨਾ: 06.03.2026 ਸਵੇਰੇ 10:00 ਵਜੇ ਤੋਂ 11:00 ਵਜੇ ਤੱਕ
ਪੋਲਿੰਗ ਦੀ ਮਿਤੀ ਤੇ ਸਮਾ: 07.03.2026 ਸਵੇਰੇ 10:00 ਤੋਂ ਦੁਪਹਿਰ 12:00 ਵਜੇ ਤੱਕ
ਸਥਾਨ: ਸੁਸਾਇਟੀ ਦੇ ਪਾਰਕ ਵਿਖੇ
ਵਿਸਤ੍ਰਿਤ ਚੋਣ ਪ੍ਰੋਗ੍ਰਾਮ ਸੁਸਾਇਟੀ ਦੇ ਨੋਟਿਸ ਬੋਰਡ ਉੱਤੇ ਚਿਪਕਾਇਆ ਗਿਆ ਹੈ। ਸਾਰੇ ਮੈਂਬਰਾਂ ਨੂੰ ਉਪਰੋਕਤ ਚੋਣ ਵਿਖੇ ਭਾਗ ਲੈਣ ਦੀ ਬੇਨਤੀ ਕੀਤੀ ਜਾਂਦੀ ਹੈ

(ਪ੍ਰਧਾਨ)

### ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ, ਧੂਰੀ।

ਮਿਸਲ ਨੰ. 374/ਐਨ.ਟੀ ਰਜੂਆ 25.06.2025
ਪਿੰਡ ਹਸਨਪੁਰ, ਕਿਸਮ ਕੇਸ ਤਕਸੀਮ

**ਅਨੁਵਾਨ ਕੇਸ- ਰਾਜਪਾਲ ਸਿੰਘ ਬਨਾਮ ਗੁਰਮੇਲ ਸਿੰਘ ਵਗੈਰਾ**

3. ਮੁਤਵਫੀ ਕਰਨੈਲ ਸਿੰਘ ਪੁੱਤਰ ਮੇਹਰ ਸਿੰਘ ਰਾਹੀਂ ਪਰਮਜੀਤ ਕੌਰ ਪਤਨੀ ਸੁਰਜੀਤ ਸਿੰਘ ਵਾਸੀ ਪਟਿਆਲਾ, ਤਹਿਸੀਲ ਵਾ ਜ਼ਿਲ੍ਹਾ ਪਟਿਆਲਾ।

ਦਰਖਾਸਤ ਜੇਰ ਦਫਾ 111 ਆਫ ਪੰਜਾਬ ਲੈਂਡ ਰੈਵੀਨਿਊ ਐਕਟ 1887 ਬਾਬਤ ਕੀਤੇ ਜਾਨੇ ਤਕਸੀਮ ਤੈਦਾਦੀ 1 ਬਿੱਘੇ 0 ਵਿਸਵੇ ਖੇਵਟ ਨੰਬਰ 290/279 ਖਤੌਨੀ ਨੰਬਰ 356 ਵਾਕਾ ਰਕਬਾ ਪਿੰਡ ਹਸਨਪੁਰ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ ਬਰੂਏ ਜਮ੍ਹਾਂਬੰਦੀ ਸਾਲ 2023-24 ਜਿੱਥੋਂ ਤੱਕ ਇਸ ਅਦਾਲਤ ਨੂੰ ਗਿਆਤ ਹੋ ਸਕਿਆ ਹੈ ਕਿ ਇਸ ਕੇਸ ਵਿੱਚ ਮਸੂਲਾਨ ਦੀ ਤਲਬੀ ਸਰਸਰੀ ਤਰੀਕੇ ਨਾਲ ਨਹੀਂ ਹੋ ਰਹੀਂ। ਇਸ ਲਈ ਉਕਤ ਕੇਸ ਵਿੱਚ ਉਪਰ ਲਿਖੇ ਮਸੂਲਾਨ ਵਿੱਚੋਂ ਮਸੂਲਾਨ ਖੁਦ ਆਪ ਜਾਂ ਉਸ ਵੱਲੋਂ ਕੋਈ ਕੇਸ ਦੀ ਪੈਰਵੀ ਕਰਨੀ ਚਾਹੁੰਦਾ ਹੈ ਤਾਂ ਕੇਸ ਦੀ ਮੁਕੱਰਰ ਮਿਤੀ 02.03.2026 ਨੂੰ ਸਵੇਰੇ 10.00 ਵਜੇ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖ ਦੀ ਅਦਾਲਤ ਵਿੱਚ ਮੇਰੇ ਰੂਬਰੂ ਪੇਸ਼ ਹੋ ਕੇ ਕਰ ਪੈਰਵੀ ਕਰ ਸਕਦੇ ਹਨ। ਇਸ ਮਿਤੀ ਤੋਂ ਬਾਅਦ ਕੋਈ ਵੀ ਇਤਰਾਜ ਕਾਬਲੇ ਸਮਾਇਤ ਨਹੀਂ ਹੋਵੇਗਾ ਅਤੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਨੋਟਿਸ ਅੱਜ ਮਿਤੀ 09.02.2026 ਨੂੰ ਮੇਰੇ ਦਸਤਖਤ/ਮੋਹਰ ਰਾਹੀਂ ਕੀਤਾ ਗਿਆ

ਨੰਬਰ-1626/ ਰੀਡਰ2 ਸਹਾਇਕ ਕੁਲੈਕਟਰ ਦਰਜਾ ਪਹਿਲਾ,
ਮਿਤੀ-9/2/2026 -ਕਮ-ਨਾਇਬ ਤਹਿਸੀਲਦਾਰ, ਧੂਰੀ।

### ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ, ਧੂਰੀ।

ਮਿਸਲ ਨੰ. 377/ਐਨ.ਟੀ ਰਜੂਆ 25.06.2025
ਪਿੰਡ ਹਸਨਪੁਰ, ਕਿਸਮ ਕੇਸ ਤਕਸੀਮ

**ਅਨੁਵਾਨ ਕੇਸ- ਰਾਜਪਾਲ ਸਿੰਘ ਬਨਾਮ ਜਸਪ੍ਰੀਤ ਸਿੰਘ ਵਗੈਰਾ**

1. ਜਸਪ੍ਰੀਤ ਸਿੰਘ ਪੁੱਤਰ ਸ਼ਿੰਗਾਰਾ ਸਿੰਘ
2. ਬਲਕਰਨ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀਆਨ ਪਿੰਡ ਹਸਨਪੁਰ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ।

ਦਰਖਾਸਤ ਜੇਰ ਦਫਾ 111 ਆਫ ਪੰਜਾਬ ਲੈਂਡ ਰੈਵੀਨਿਊ ਐਕਟ 1887 ਬਾਬਤ ਕੀਤੇ ਜਾਨੇ ਤਕਸੀਮ ਤੈਦਾਦੀ 35 ਬਿੱਘੇ 02 ਵਿਸਵੇ ਖੇਵਟ ਨੰਬਰ 289/278 ਖਤੌਨੀ ਨੰਬਰ 353 ਤੋਂ 355 ਵਾਕਾ ਰਕਬਾ ਪਿੰਡ ਹਸਨਪੁਰ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ ਬਰੂਏ ਜਮ੍ਹਾਂਬੰਦੀ ਸਾਲ 2023-24 ਜਿੱਥੋਂ ਤੱਕ ਇਸ ਅਦਾਲਤ ਨੂੰ ਗਿਆਤ ਹੋ ਸਕਿਆ ਹੈ ਕਿ ਇਸ ਕੇਸ ਵਿੱਚ ਮਸੂਲਾਨ ਦੀ ਤਲਬੀ ਸਰਸਰੀ ਤਰੀਕੇ ਨਾਲ ਨਹੀਂ ਹੋ ਰਹੀਂ। ਇਸ ਲਈ ਉਕਤ ਕੇਸ ਵਿੱਚ ਉਪਰ ਲਿਖੇ ਮਸੂਲਾਨ ਵਿੱਚੋਂ ਮਸੂਲਾਨ ਖੁਦ ਆਪ ਜਾਂ ਉਸ ਵੱਲੋਂ ਕੋਈ ਕੇਸ ਦੀ ਪੈਰਵੀ ਕਰਨੀ ਚਾਹੁੰਦਾ ਹੈ ਤਾਂ ਕੇਸ ਦੀ ਮੁਕੱਰਰ ਮਿਤੀ 02.03.2026 ਨੂੰ ਸਵੇਰੇ 10.00 ਵਜੇ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖ ਦੀ ਅਦਾਲਤ ਵਿੱਚ ਮੇਰੇ ਰੂਬਰੂ ਪੇਸ਼ ਹੋ ਕੇ ਕਰ ਪੈਰਵੀ ਕਰ ਸਕਦੇ ਹਨ। ਇਸ ਮਿਤੀ ਤੋਂ ਬਾਅਦ ਕੋਈ ਵੀ ਇਤਰਾਜ ਕਾਬਲੇ ਸਮਾਇਤ ਨਹੀਂ ਹੋਵੇਗਾ ਅਤੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਨੋਟਿਸ ਅੱਜ ਮਿਤੀ 09.02.2026 ਨੂੰ ਮੇਰੇ ਦਸਤਖਤ/ਮੋਹਰ ਰਾਹੀਂ ਕੀਤਾ ਗਿਆ

ਨੰਬਰ-1624/ ਰੀਡਰ2 ਸਹਾਇਕ ਕੁਲੈਕਟਰ ਦਰਜਾ ਪਹਿਲਾ,
ਮਿਤੀ-9/2/2026 -ਕਮ-ਨਾਇਬ ਤਹਿਸੀਲਦਾਰ, ਧੂਰੀ।

### ਬਾ-ਅਦਾਲਤ ਹਰਜੋਤ ਕੌਰ, ਪੀ.ਸੀ.ਐਸ., ਸਹਾਇਕ ਕੁਲੈਕਟਰ ਦਰਜਾ ਅਵੱਲ-ਕਮ-ਉਪ ਮੰਡਲ ਮੈਜਿਸਟਰੇਟ, ਪਟਿਆਲਾ।

**ਨੋਟਿਸ**

ਖਾਨਗੀ ਵਸੀਅਤ ਵਾਕਾ ਰਕਬਾ ਲਹਿਲ, ਹਦਬਸਤ ਨੰਬਰ-19, ਤਹਿਸੀਲ ਵਾ ਜਿਲ੍ਹਾ ਪਟਿਆਲਾ।

**ਨੋਟਿਸ ਬਨਾਮ ਜਨਰਲ ਪਬਲੀਕ**

ਉਕਤ ਮੁਕੱਦਮੇ ਵਿੱਚ ਇਸ ਅਦਾਲਤ ਵਿੱਚ ਇੰਤਕਾਲ ਨੰਬਰ 13417 ਵਾਕਾ ਰਕਬਾ ਲਹਿਲ, ਤਹਿਸੀਲ ਪਟਿਆਲਾ ਪ੍ਰਾਪਤ ਹੋਇਆ ਹੈ, ਇਹ ਇੰਤਕਾਲ ਵਰਾਸਤ ਮੁਤਵਫੀ ਸੁਰਜੀਤ ਕੌਰ ਪੁੱਤਰੀ ਮੇਹਰਬਾਨ ਸਿੰਘ ਵੱਲੋਂ ਕੀਤੀ ਗਈ ਵਸੀਅਤ ਖਾਨਗੀ ਮਿਤੀ 03.9.2013 ਦੇ ਆਧਾਰ ਤੇ ਦਰਜ ਹੋਇਆ ਹੈ। ਇਹ ਇੰਤਕਾਲ ਮੁਤਵਫੀ ਸੁਰਜੀਤ ਕੌਰ ਵਲੋਂ ਕੀਤੀ ਗਈ ਵਸੀਅਤ ਖਾਨਗੀ ਦੇ ਅਧਾਰ ਤੇ ਕੈਲਾਸ਼ ਚੰਦ ਜੋਸ਼ੀ ਪੁੱਤਰ ਸ਼ਿਵ ਦੱਤ ਜੋਸ਼ੀ ਦੇ ਹੱਕ ਵਿੱਚ ਦਰਜ ਹੋਇਆ ਹੈ। ਇਸ ਕੇਸ ਦੀ ਅਗਲੀ ਤਾਰੀਖ ਪੇਸ਼ੀ ਮਿਤੀ: 06.03.2026 ਲਈ ਨਿਯਤ ਹੈ। ਇਸ ਲਈ ਇਸ ਨੋਟਿਸ ਰਾਹੀ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਅਗਰ ਇਸ ਇੰਤਕਾਲ ਜਾਂ ਵਸੀਅਤ ਸਬੰਧੀ ਕਿਸੇ ਵੀ ਧਿਰ ਜਾਂ ਵਿਅਕਤੀ ਨੂੰ ਇਤਰਾਜ ਹੈ ਤਾਂ ਉਹ ਇਸ ਅਦਾਲਤ ਵਿੱਚ ਉਪਰੋਕਤ ਮਿਤੀ ਤੋਂ ਪਹਿਲਾ-ਪਹਿਲਾ ਇਤਰਾਜ਼ ਪੇਸ਼ ਕਰ ਸਕਦਾ ਹੈ ਅਤੇ ਬਾਅਦ ਵਿੱਚ ਪ੍ਰਾਪਤ ਇਤਰਾਜ ਤੇ ਕੋਈ ਗੌਰ ਨਹੀ ਕੀਤਾ ਜਾਵੇਗਾ ਅਤੇ ਇਸ ਇੰਤਕਾਲ ਸਬੰਧੀ ਨਿਯਮਾਂ ਅਨੁਸਾਰ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਅੱਜ ਮਿਤੀ 13.02.2026 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹਾਇਕ ਕੁਲੈਕਟਰ ਦਰਜਾ ਅਵੱਲ, ਪਟਿਆਲਾ
ਨੰਬਰ : 137 /ਪੇਸ਼ੀ ਮਿਤੀ : 13.02.2026

### ਗੁਆਚੀ/ਲੈਮੀਨੇਟਡ ਡੀਡ

ਜਾਇਦਾਦ ਨੰ. 486 ਜੈਡਆਈ ਖੇਤਰ 150 ਵਰਗ ਗਜ ਬੀਆਰਐਸ ਨਗਰ ਲੁਧਿਆਣਾ ਸਬੰਧੀ ਵਿਕਰੀ ਡੀਡ ਵਸੀਕਾ ਨੰ. 31170 ਮਿਤੀ 2/3/94 ਲੈਮੀਨੇਟਡ ਹੈ ਅਤੇ ਸ਼੍ਰੀਮਤੀ ਕੁਲਵੰਤ ਕੌਰ ਪਤਨੀ ਗੁਰਨਾਮ ਸਿੰਘ ਦੇ ਨਾਮ ਹੈ। ਜਾਇਦਾਦ ਨੰ. 486 ਜੈਡਆਈ ਬੀਆਰਐਸ ਨਗਰ ਲੁਧਿਆਣਾ ਸਥਿਤੀ ਪਿੰਡ ਸੁਨੇਤ ਜਿਸ ਦਾ ਖਸਰਾ ਨੰ. 73//5 ਖਾਤਾ ਨੰ. 347/481 ਹੱਦਬਸਤ ਨੰ. 159 ਜਮਾਂਬੰਦੀ ਸਾਲ 1971-72 ਸਬੰਧੀ ਵਿਕਰੀ ਡੀਡ ਵਸੀਕਾ ਨੰ. 19058 ਮਿਤੀ 24.03.1986 ਸ਼੍ਰੀਮਤੀ ਰਜਿੰਦਰ ਕੌਰ ਪਤਨੀ ਜਸਵੰਤ ਸਿੰਘ ਦੇ ਨਾਮ ਹੈ। ਹੁਣ ਇਹ ਜਾਇਦਾਦ ਸ਼੍ਰੀਮਤੀ ਵਨੀਤਾ ਚਾਵਲਾ ਪਤਨੀ ਮਨੀਸ਼ ਚਾਵਲਾ ਅਤੇ ਮਨੀਸ਼ ਚਾਵਲਾ ਪੁੱਤਰ ਸ਼ੰਕਰ ਦਾਸ ਚਾਵਲਾ ਦੀ ਮਲਕੀਅਤ ਹੈ ਰਾਹੀਂ ਵਿਕਰੀ ਡੀਡ 31127 ਮਿਤੀ 29.03.05 ਹੁਣ ਰੁਬੀਨਾ ਗੁਪਤਾ ਪਤਨੀ ਸਵ. ਰਾਕੇਸ਼ ਕੁਮਾਰ ਬਾਂਸਲ ਨੇ ਇਸ ਜਾਇਦਾਦ ਨੂੰ ਖਰੀਦਣ ਲਈ ਇਕਰਾਰਨਾਮਾ ਕੀਤਾ ਹੈ। ਜਿਸ ਲਈ ਐਸਬੀਆਈ ਆਰਏਸੀਪੀਸੀ ਲੁਧਿਆਣਾ ਵਿਖੇ ਕਰਜੇ ਲਈ ਬੇਨਤੀ ਕੀਤੀ ਹੈ। ਡੀਡੀਆਰਨੰ. 683525/2026 ਮਿਤੀ 14.2.2026 ਦਰਜ ਕਰਵਾ ਦਿੱਤੀ ਗਈ ਹੈ ਜੇਕਰ ਕਿਸੇ ਵਿਅਕਤੀ ਦਾ ਉਪਰੋਕਤ ਜਾਇਦਾਦ ਦੇ ਦੋਵੇਂ ਡੀਡ ਸਬੰਧੀ ਕੋਈ ਭਾਰ, ਦਾਅਵਾ ਜਾਂ ਗਿਰਵੀਕਰਨ ਹੈ ਤਾਂ ਉਹ ਇਸ ਪ੍ਰਕਾਸ਼ਨ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਕੇਜੀਐਸ ਸੂਰੀ ਐਡਵੋਕੇਟ ਚੈਂਬਰ ਨੰ. 544 ਜਿਲ੍ਹਾ ਅਦਾਲਤ ਲੁਧਿਆਣਾ ਨੂੰ ਸੰਪਰਕ ਕਰ ਸਕਦਾ ਹੈ। ਜਿਸ ਵਿੱਚ ਅਸਫਲ ਰਹਿਣ ਤੇ ਬਾਅਦ ਵਿੱਚ ਬੈਂਕ ਕਿਸੇ ਦਾਅਵੇ ਨੂੰ ਨਹੀਂ ਮੰਨੇਗਾ।

## ਕਲਾਸੀਫਾਈਡ ਇਸ਼ਤਿਹਾਰ CLASSIFIED ADVERTISEMENTS

### ਨਾਂ ਬਦਲੀ

☛ ਮੈਂ, ਕਨਵਲਜੀਤ ਸਿੰਘ ਪੁੱਤਰ ਸ੍ਰੀ ਕਿਰਪਾਲ ਸਿੰਘ, ਨਿਵਾਸੀ ਮਕਾਨ ਨੰਬਰ 3051, ਸੈਕਟਰ 71, ਐਸ.ਏ.ਐਸ. ਨਗਰ, ਮੋਹਾਲੀ, ਆਪਣਾ ਨਾਮ ਬਦਲ ਕੇ ਕਨਵਲਜੀਤ ਸਿੰਘ ਠਨੇਵਾਲ ਰੱਖ ਲਿਆ ਹੈ।

☛ ਮੈਂ, ਅਮਨਦੀਪ ਕੌਰ ਚਹਿਲ ਪਤਨੀ ਕਰਮਜੀਤ ਸਿੰਘ ਵਾਸੀ ਪਿੰਡ ਤਾਮਕੋਟ ਜ਼ਿਲ੍ਹਾ ਮਾਨਸਾ ਨੇ ਆਪਣਾ ਨਾਮ ਬਦਲ ਕੇ ਅਮਨਦੀਪ ਕੌਰ ਰੱਖ ਲਿਆ ਹੈ।

☛ ਮੈਂ, ਸਮ੍ਰਿਤੀ ਪੁੱਤਰੀ ਰਾਜਨ ਵਰਮਾ ਪਤਨੀ ਨੀਰਜ ਸੋਫਤ ਵਾਸੀ # 332, ਸੈਕਟਰ 1 ਸੀ, ਗਲੀ ਨੰਬਰ 2 , ਵਿਕਾਸ ਨਗਰ , ਮੰਡੀ ਗੋਬਿੰਦਗੜ੍ਹ , ਜਿਲਾ ਫਤਿਹਗੜ੍ਹ ਸਾਹਿਬ ਨੇ ਆਪਣਾ ਨਾਮ ਬਦਲ ਕੇ ਸਮ੍ਰਿਤੀ ਸੋਫਤ ਰੱਖ ਲਿਆ ਹੈ।

☛ ਮੈਂ, ਕਰਮਜੀਤ ਸਿੰਘ ਚਹਿਲ ਪੁੱਤਰ ਮੇਜਰ ਸਿੰਘ ਵਾਸੀ ਪਿੰਡ ਤਾਮਕੋਟ ਜ਼ਿਲ੍ਹਾ ਮਾਨਸਾ ਨੇ ਆਪਣਾ ਨਾਮ ਬਦਲ ਕੇ ਕਰਮਜੀਤ ਸਿੰਘ ਰੱਖ ਲਿਆ ਹੈ।

☛ ਮੈਂ, ਕੰਚਨ ਜਸਵਾਲ ਪਤਨੀ ਵਿਕਰਮ ਸਿੰਘ ਜਸਵਾਲ ਵਾਸੀ ਫਲੈਟ ਨੰਬਰ-113, ਪਹਿਲੀ ਮੰਜਿਲ, 3 ਬੀਐਚਕੇ, ਸਨੀ ਹਾਈਟਸ, ਨੇੜੇ ਪਾਮ ਹਾਈਟਸ, ਫਤਿਹੁੱਲਾਪੁਰ, ਸੈਕਟਰ-125, ਤਹਿਸੀਲ ਖਰੜ, ਜ਼ਿਲ੍ਹਾ ਐਸ.ਏ.ਐਸ. ਨਗਰ ਨੇ ਅਪਣਾ ਨਾਮ ਕੰਚਨ ਤੋਂ ਬਦਲ ਕੇ ਕੰਚਨ ਜਸਵਾਲ ਰੱਖ ਲਿਆ ਹੈ।

### ਆਮ ਸੂਚਨਾਂ

☛ ਮੈਂ, ਚਰਨਜੀਤ ਸਿੰਘ ਉਰਫ ਅਜੀਤ ਸਿੰਘ ਪੁੱਤਰ ਪ੍ਰੀਤਮ ਸਿੰਘ ਪਿੰਡ ਸਰਾਂਏ ਡਾਕਘਰ ਭਾਉਵਾਲ ਤਹਿਸੀਲ ਅਨੰਦਪੁਰ ਸਾਹਿਬ(ਰੂਪਨਗਰ) ਬਿਆਨ ਕਰਦਾਂ ਹਾਂ ਕਿ ਉਕਤ ਦੋਨੋ ਨਾਮ ਮੇਰੇ ਹਨ ਮੈਨੂੰ ਦੋਨਾ ਨਾਮਾ ਨਾਲ ਜਾਣਿਆ ਜਾਵੇ

### ਬੇਦਖਲੀ ਨੋਟਿਸ

☛ **ਮੈਂ**, ਗੁਰਮੇਲ ਸਿੰਘ ਪੁੱਤਰ ਜਰਨੈਲ ਸਿੰਘ ਅਤੇ ਕਿਰਨਜੀਤ ਕੌਰ ਪਤਨੀ ਗੁਰਮੇਲ ਸਿੰਘ ਵਾਸੀ ਕੋਠੇ ਗੋਬਿੰਦਪੁਰਾ ਧਨੌਲਾ ਜਿਲ੍ਹਾਬਰਨਾਲਾ ਹਲਫ ਨਾਲ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਗਗਨਦੀਪ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ, ਹਰ ਵਕਤ ਸਾਨੂੰ ਬੁਰਾ ਭਲਾ ਬੋਲਦਾ ਹੈ। ਹੁਣ ਅਸੀਂ ਇਸ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੇ ਹਾਂ ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸਾਡੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ

☛ **ਮੈਂ**, ਗੁਰਮੁੱਖ ਸਿੰਘ ਪੁੱਤਰ ਧਰਮ ਸਿੰਘ ਵਾਸੀ ਪਿੰਡ ਜਵੰਦਪੁਰ ਤਹਿਸੀਲ ਖਡੂਰ ਸਾਹਿਬ ਜਿਲਾ ਤਰਨ ਤਾਰਨ ਨੇ ਅਪਣੇ ਲੜਕੀ ਨਵਜੋਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚਲ ਅਚਲ ਜਾਇਦਾਦ ਤੋ ਬੇਦਖਲ ਕਰ ਦਿੱਤਾ ਹੈ ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ

☛ **ਮੈਂ**, ਸੋਮੀ ਦੇਵੀ ਪਤਨੀ ਲੇਟ ਰਾਜਿੰਦਰ ਕੁਮਾਰ ਵਾਸੀ ਪਿੰਡ ਬਠੋਣੀਆ ਖੁਰਦ, ਤਹਿਸੀਲ ਰਾਜਪੁਰਾ ਜ਼ਿਲ੍ਹਾ ਪਟਿਆਲਾ ਨੇ ਆਪਣੇ ਲੜਕੇ ਦੀਪ ਚੰਦ ਨੂੰ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

### ਦਾ ਜੀਵਨ ਆਧਾਰ ਕੋਆਪਰੇਟਿਵ ਹਾਊਸ ਬਿਲਡਿੰਗ (ਪਹਿਲੀ) ਸੁਸਾਇਟੀ ਲਿਮ.
ਸੈਕਟਰ 48-ਏ, ਚੰਡੀਗੜ੍ਹ

**ਪਬਲਿਕ ਨੋਟਿਸ**

ਆਮ ਜਨ ਸਾਧਾਰਨ ਤੇ ਸਾਰੇ ਸਬੰਧਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠ ਦਰਸ਼ਾਏ ਮੈਂਬਰ/ਬਿਨੈਕਾਰ ਨੇ ਹਿੱਸੇ/ਫਲੈਟ ਦੀ ਤਬਦੀਲੀ ਅਤੇ ਵਿਕਰੀ ਡੀਡ ਬਣਾਉਣ ਲਈ ਐਨਓਸੀ/ਇਜਾਜਤ ਜਾਰੀ ਕਰਨ ਲਈ ਸੁਸਾਇਟੀ ਦੀ ਪ੍ਰਬੰਧਕ ਕਮੇਟੀ /ਰਜਿਸ਼ਟਰਾਰਾਰ ਕੋਆਪਰੇਟਿਵ ਸੁਸਾਇਟੀਆਂ, ਯੂਟੀ ਚੰਡੀਗੜ੍ਹ ਸਨਮੁੱਖ ਵਿੱਤ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ ਦੁਆਰਾ ਜਾਰੀ ਨੋਟੀਫਿਕੇਸ਼ਨ ਮੁਤਾਬਿਕ ਬੇਨਤੀ ਕੀਤੀ ਹੈ।

| ਅਸਲ ਅਲਾਟੀ/ਟਰਾਸਫਰਰ ਦਾ ਨਾਮ | ਟਰਾਸਫਰੀ ਦਾ ਨਾਮ | ਜਾਇਦਾਦ |
|---|---|---|
| ਸ੍ਰੀ ਸੁਰਿੰਦਰ ਜੀਤ ਸਿੰਘ, ਪੁੱਤਰ ਸ੍ਰੀ ਰਾਮ ਪ੍ਰਕਾਸ ਸਿੰਘ | ਸ੍ਰੀਮਤੀ ਸੁਰੇਸ਼ ਵਤੀ ਪਤਨੀ ਸ੍ਰੀ ਪੂਰਨ ਚੰਦ | ਫਲੈਟ ਨੰ. 439, ਦੂਜੀ ਮੰਜਿਲ (ਡੁਪੈਲਕਸ) ਕੈਟਾ. ਬੀ, ਸੈਕਟਰ 48-ਏ, ਚੰਡੀਗੜ੍ਹ |

ਜੇਕਰ ਕਿਸੇ ਵਿਅਕਤੀ ਦਾ ਸੁਸਾਇਟੀ ਦੇ ਉਪਰ ਦੱਸੇ ਫਲੈਟ ਦੇ ਟਾਈਟਲ, ਹੱਕ ਜਾਂ ਦਿਲਚਸਪੀ ਬਿਨੈਕਾਰ ਦੇ ਪੱਖ ਵਿੱਚ ਤਬਦੀਲੀ ਕੀਤੇ ਜਾਣ ਸਬੰਧੀ ਇਤਰਾਜ ਹੈ ਤਾਂ ਉਹ ਆਪਣਾ ਇਤਰਾਜ ਲਿਖਤੀ ਰੂਪ ਵਿੱਚ ਇਸ ਨੋਟਿਸ ਦੇ ਪ੍ਰਕਾਸ਼ਨ ਦੇ 30 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖ਼ਰੀ ਨੂੰ ਸਬੰਧਤ ਦਸਤਾਵੇਜ਼ਾਂ ਸਮੇਤ ਭੇਜ ਸਕਦਾ ਹੈ। ਅਸਫਲ ਰਹਿਣ ਤੇ ਉੱਪਰ ਦੱਸੇ ਫਲੈਟ ਦੀ ਮਲਕੀਅਤ ਬਿਨੈਕਾਰ ਦੇ ਪੱਖ ਵਿੱਚ ਕਰ ਦਿੱਤੀ ਜਾਵੇਗੀ। ਬਾਅਦ ਵਿੱਚ ਕੋਈ ਦਾਅਵਾ ਕਿਸੇ ਕਿਸਮ ਦਾ ਹੋਵੇ ਨਹੀਂ ਮੰਨਿਆ ਜਾਵੇਗਾ।

ਪ੍ਰਧਾਨ/ਸਕੱਤਰ

### ਨੋਰਥਲਿੰਕ ਫਿਸਕਲ ਐਂਡ ਕੈਪੀਟਲ ਸਰਵਿਸਿਜ ਲਿਮਿਟਡ

ਰਜਿਸਟਰਡ ਦਫ਼ਤਰ: 86, ਮਾਲ ਰੋਡ, ਸਿਵਲ ਲਾਈਨਜ, ਲੁਧਿਆਣਾ, ਪੰਜਾਬ-141001
ਸੀਆਈਐਨ: L65921PB1994PLC015365 ਵੈਬਸਾਈਟ www.northlink.co.in
ਈਮੇਲ: northlink86mall@gmail.com ਫੋਨ ਤੇ ਫੈਕਸ: 0161-2449890
ਮਿਤੀ 31 ਦਸੰਬਰ, 2025 ਨੂੰ ਖਤਮ ਹੋਏ ਤਿਮਾਹੀ ਅਤੇ ਨਿਮਾਹੀ ਦੇ ਅਣਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ

(ਰੁਪਏ ਲੱਖਾਂ 'ਚ)

| ਵੇਰਵੇ | ਤਿਮਾਹੀ ਖਾਤਮਾ 31.12.2025 (ਅਣ-ਪੜਤਾਲੇ) | ਨਿਮਾਹੀ ਖਾਤਮਾ 31.12.2025 (ਅਣ-ਪੜਤਾਲੇ) | ਤਿਮਾਹੀ ਖਾਤਮਾ 31.12.2024 (ਅਣ-ਪੜਤਾਲੇ) |
|---|---|---|---|
| ਕਾਰੋਬਾਰ ਤੋਂ ਕੁੱਲ ਆਮਦਨ | 3.87 | 18.48 | 13.11 |
| ਹੋਰ ਆਮਦਨ | 0.15 | 0.37 | 0.00 |
| ਸ਼ੁੱਧ ਲਾਭ/(ਘਾਟਾ) ਸਮੇਂ ਲਈ (ਟੈਕਸ ਤੋਂ ਪਹਿਲਾਂ, ਵਾਧੂ ਅਤੇ/ਜਾਂ ਅਸਧਾਰਨ ਮੱਦਾਂ) | (50.88) | (64.52) | (7.70) |
| ਸ਼ੁੱਧ ਲਾਭ/(ਘਾਟਾ) ਸਮੇਂ ਲਈ (ਟੈਕਸ ਤੋਂ ਪਹਿਲਾਂ ਅਤੇ ਵਾਧੂ ਅਤੇ/ਜਾਂ ਅਸਧਾਰਨ ਮੱਦਾਂ ਤੋਂ ਬਾਅਦ) | (50.88) | (64.52) | (7.70) |
| ਸ਼ੁੱਧ ਲਾਭ/(ਘਾਟਾ) ਸਮੇਂ ਲਈ (ਟੈਕਸ ਤੋਂ ਬਾਅਦ ਅਤੇ ਵਾਧੂ ਅਤੇ/ਜਾਂ ਅਸਧਾਰਨ ਮੱਦਾਂ) | (51.30) | (64.94) | (8.82) |
| ਕੁੱਲ ਵਿਆਪਕ ਆਮਦਨ ਸਮੇਂ ਲਈ (ਜਿਸ ਵਿੱਚ ਸ਼ਾਮਲ ਲਾਭ/(ਘਾਟਾ) ਸਮੇਂ ਲਈ (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ)) | (51.30) | (64.94) | (8.82) |
| ਸੁਨੀਤੀ ਸ਼ੇਅਰ ਪੂੰਜੀ (ਫੇਸ ਵੈਲਯੂ ਰੁ. 10/- ਪ੍ਰਤੀ ਸ਼ੇਅਰ) | 525.00 | 525.00 | 525.00 |
| ਰਾਖਵੇਂ (ਮੁਲਾਂਕਣ ਰਾਖਵੇਂ ਨੂੰ ਛੱਡ ਕੇ) ਜਿਵੇਂ ਕਿ ਪਿਛਲੇ ਸਾਲ ਦੀ ਪੜਤਾਲੀਆਂ ਬੈਲਸ ਸ਼ੀਟ ਵਿਖੇ ਦਰਸਾਇਆ ਗਿਆ ਹੈ। | -- | -- | -- |
| ਪ੍ਰਤੀ ਸ਼ੇਅਰ ਆਮਦਨ (ਰੁਪਏ 10/- ਹਰੇਕ) (ਚਲੰਤ ਅਤੇ ਗੈਰ ਚਲੰਤ ਕਾਰੋਬਾਰ ਲਈ) | | | |
| ੳ. ਮੁੱਢਲੇ | (0.98) | (1.24) | (0.17) |
| ਅ. ਡਿਲੂਟਿਡ | (0.98) | (1.24) | (0.17) |

ਨੋਟ : 1 ਉਪਰੋਕਤ ਵਿੱਤੀ ਨਤਿਜੇ ਆਡੀਟ ਕਮੇਟੀ ਦੁਆਰਾ ਰੀਵਿਊ ਕੀਤੇ ਗਏ ਅਤੇ ਦਿਨ ਸ਼ੁੱਕਰਵਾਰ ਮਿਤੀ 13 ਫਰਵਰੀ, 2026 ਨੂੰ ਹੋਈ ਬੋਰਡ ਆਫ ਡਾਇਰੈਕਟਰਾਂ ਦੀ ਮੀਟਿੰਗ ਵਿੱਚ ਮਨਜ਼ੂਰ ਕੀਤੇ ਗਏ। ਕੰਪਨੀ ਦੇ ਸਟੇਟੂਟਰੀ ਆਡੀਟਰਾਂ ਦੁਆਰਾ ਅਣਪੜਤਾਲੇ ਵਿੱਤੀ ਨਤੀਜਿਆਂ ਦੀ ਸੀਮਤ ਸਮੀਖਿਆ ਰਿਪੋਰਟ ਜਾਰੀ ਕੀਤੀ ਹੈ।
2) ਉਪਰੋਕਤ ਦਰਸ਼ਾਏ ਅੰਕੜੇ ਮਿਤੀ 31 ਦਸੰਬਰ, 2025 ਨੂੰ ਖਤਮ ਹੋਏ ਤਿਮਾਹੀ ਅਤੇ ਨਿਮਾਹੀ ਦੇ ਵਿੱਤੀ ਨਤੀਜੇ ਜੋ ਕਿ ਸੇਬੀ (ਲਿਸਟਿੰਗ ਓਬਲੀਗੇਸ਼ਨ ਐਂਡ ਡਿਸਕਲੋਜ਼ਰ ਰਿਕੁਆਰਮੈਂਟਸ) ਰੈਗੂਲੇਸ਼ਨ 2015 ਦੇ ਰੈਗੂਲੇਸ਼ਨ 33 ਤਹਿਤ ਸਟਾਕ ਐਕਸਚੇਂਜ ਵਿਖੇ ਦਰਸ਼ਾਏ ਗਏ ਵੇਰਵੇ ਦਾ ਸਾਰ ਹਨ। ਵਿੱਤੀ ਨਤੀਜਿਆਂ ਦਾ ਪੂਰਾ ਵੇਰਵਾ ਕੰਪਨੀ ਦੀ ਵੈਬਸਾਇਟ www.northlink.co.in 'ਤੇ ਉਪਲੱਬਧ ਹੈ ਅਤੇ ਸਟਾਕ ਐਕਸਚੇਂਜ ਦੀ ਵੈਬਸਾਈਟ www.bseindia.com ਅਤੇ www.msei.in 'ਤੇ ਉਪਲੱਬਧ ਹੈ।

ਲਈ ਨੋਰਥਲਿੰਕ ਫਿਸਕਲ ਐਂਡ ਕੈਪੀਟਲ ਸਰਵਿਸਿਜ ਲਿਮਿਟਡ
ਸਹੀ/-
(ਸ਼ਾਮਲੀ ਮਾਦੀਆ)
ਮੈਨੇਜਿੰਗ ਡਾਇਰੈਕਟਰ
ਸਥਾਨ: ਲੁਧਿਆਣਾ
ਮਿਤੀ: 14.02.2026

## PUBLIC NOTICE

### LOST & FOUND

It is notified for the information that my Original Property Sale Deed Registry E-Stamp document No. IN-PB04826592386302P Dated : 20-12-2017 : Flat No. 741/SF, Arcadia Green Homes-II, Sunny Enclave, Kharar, Sector-124, Mohali-Punjab, in the name of Sh. Lalit Mohan Singh. has been actually lost in Chungiyan Road, Kharar, On Date 12-02-2026 at 18:00hr and LAR/ SR. No. 689122/2026 On Dated : 13-02-2026 at 15:43 hr PSOC Sadar Kharar, Mohali, Punjab. If anybody found please Contact: Sh. Dalbeer Singh S/o Sajjan Singh #10 Chandon Gobindgarh, S.A.S. Nagar-Punjab. Mob : 9855560801

### ਨੋਟਿਸ

ਪਟਿਆਲਾ ਐਗ੍ਰੂਪਰਿਨਿਓਰਜ਼, ਪਟਿਆਲਾ ਫਾਰਮਜ਼-2 ਅਤੇ ਆਲਮਜੀਤ ਸਿੰਘ ਵੱਲੋਂ ਜਮੀਨ ਵਾਕਿਆ ਰਕਬਾ ਪਿੰਡ ਫਾਰਮ ਬਹਾਦਰਗੜ੍ਹ, ਤਹਿਸੀਲ ਵਾ ਜਿਲਾ ਪਟਿਆਲਾ ਹੱਦਬਸਤ ਨੰਬਰ 113/1, ਜਮਾਂਬੰਦੀ ਸਾਲ 2002-2023 ਅਨੁਸਾਰ ਖੇਵਟ ਨੰ:123/116, ਖਤੌਨੀ ਨੰ: 136, ਖਸਰਾ ਨੰ: 13//8/1(2-10), 13//13(8-0), 13//16/2(6-0), 13//17/2(6-0), 13//18(8-0), 13//23/1(2-9), 13//24/1(2-10), 13//25(8-0), 13//28(0-4), 16//1/1(6-18), 17//5/1(3-18), 17//5/2(1-10), 17//6(3-12), 17//26(3-18), ਕਿੱਤਾ 1, ਰਕਬਾ 63 ਕਨਾਲ 9 ਮਰਲੇ ਵੱਲੋਂ ਖਰੀਦ ਕੀਤੀ ਜਾ ਰਹੀ ਹੈ। ਇਹ ਜ਼ਮੀਨ ਮਨਜਿੰਦਰ ਸਿੰਘ, ਜਗਤਾਰ ਸਿੰਘ ਅਤੇ ਅਵਤਾਰ ਸਿੰਘ ਮਾਂਗਟ ਵਾਸੀ ਪਿੰਡ ਰਾਮਪੁਰ, ਜਿਲਾ ਲੁਧਿਆਣਾ ਵੱਲੋਂ ਵੇਚੀ ਜਾ ਰਹੀ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ secularjs@gmail.com ਤੇ 17.2.2026 ਸ਼ਾਮ ਤੱਕ ਦਰਜ ਕਰਵਾ ਸਕਦਾ ਹੈ।

### GARG FURNACE LTD.

ਸੀਆਈਐਨ : L99999PB1973PLC003385
ਰਜਿ: ਦਫਤਰ: ਕੰਗਨਾਵਾਲ ਰੋਡ,
ਪਿੰਡ ਤੇ ਡਾਕਖਾਨਾ, ਜੁਗਿਆਨਾ, ਜੀ.ਟੀ. ਰੋਡ, ਲੁਧਿਆਣਾ - 141120
ਈਮੇਲ: gargfurnace@yahoo.com

**ਮਿਤੀ 31 ਦਸੰਬਰ, 2025 ਨੂੰ ਖ਼ਤਮ ਹੋਏ ਤਿਮਾਹੀ ਅਤੇ ਨਿਮਾਹੀ ਦੇ ਸਟੈਂਡਅਲੋਨ ਅਤੇ ਕੰਸੋਲੀਡੇਟਿਡ ਅਣਪੜਤਾਲੇ ਵਿੱਤੀ ਨਤੀਜੇ**

(ਰੁ. ਲੱਖਾਂ 'ਚ)

| ਲੜੀ ਨੰ: | ਵੇਰਵੇ | ਸਟੈਂਡਲੋਅਨ | | | | | | ਕਨਸੋਲੀਡੇਟਡ | | |
|---|---|---|---|---|---|---|---|---|---|---|
| | | ਤਿਮਾਹੀ ਖਾਤਮਾ | | | ਨਿਮਾਹੀ ਖਾਤਮਾ | | ਸਾਲ ਖਾਤਮਾ | ਤਿਮਾਹੀ ਖਾਤਮਾ | | ਨਿਮਾਹੀ ਖਾਤਮਾ |
| | | 31.12.2025 ਅਣਪੜਤਾਲੇ | 30.09.2025 ਅਣਪੜਤਾਲੇ | 31.12.2024 ਅਣਪੜਤਾਲੇ | 31.12.2025 ਅਣਪੜਤਾਲੇ | 31.12.2024 ਅਣਪੜਤਾਲੇ | 31.03.2025 ਪੜਤਾਲੇ | 31.12.2025 ਅਣਪੜਤਾਲੇ | 30.09.2025 ਅਣਪੜਤਾਲੇ | 31.12.2025 ਅਣਪੜਤਾਲੇ |
| 1 | ਕਾਰੋਬਾਰ ਤੋਂ ਕੁੱਲ ਆਮਦਨ | 9,239.14 | 6,138.43 | 6,297.08 | 21,392.88 | 18,745.91 | 26,161.49 | 9,423.98 | 6,173.41 | 21,612.70 |
| 2 | ਸ਼ੁੱਧ ਲਾਭ/(ਘਾਟਾ) ਸਮੇਂ ਲਈ (ਟੈਕਸ ਤੋਂ ਪਹਿਲਾਂ, ਵਾਧੂ ਅਤੇ/ਜਾਂ ਅਸਧਾਰਨ ਮੱਦਾਂ) | 367.82 | 274.19 | 205.21 | 766.89 | 435.20 | 763.59 | 393.38 | 287.03 | 805.29 |
| 3 | ਸ਼ੁੱਧ ਲਾਭ/(ਘਾਟਾ) ਸਮੇਂ ਲਈ ਟੈਕਸ ਤੋਂ ਪਹਿਲਾ (ਟੈਕਸ ਤੋਂ ਬਾਅਦ ਅਤੇ ਵਾਧੂ ਅਤੇ/ਜਾਂ ਅਸਧਾਰਨ ਮੱਦਾਂ) | 367.82 | 274.19 | 205.21 | 766.89 | 435.20 | 763.59 | 393.38 | 287.03 | 805.29 |
| 4 | ਸ਼ੁੱਧ ਲਾਭ/(ਘਾਟਾ) ਸਮੇਂ ਲਈ ਟੈਕਸ ਤੋਂ ਬਾਅਦ (ਵਾਧੂ ਅਤੇ/ਜਾਂ ਅਸਧਾਰਨ ਮੱਦਾਂ ਤੋਂ ਬਾਅਦ) | 367.82 | 274.19 | 205.21 | 766.89 | 435.20 | 763.59 | 386.12 | 283.20 | 794.20 |
| 5 | ਕੁੱਲ ਵਿਆਪਕ ਆਮਦਨ (ਜਿਸ ਵਿੱਚ ਸ਼ਾਮਲ ਲਾਭ ਸਮੇਂ ਲਈ (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ)) | 368.90 | 275.27 | 205.21 | 770.13 | 435.20 | 768.74 | 387.20 | 284.28 | 797.44 |
| 6 | ਭੁਗਤਾਨ ਕੀਤੀ ਸੁਨੀਤੀ ਸ਼ੇਅਰ ਪੂੰਜੀ | 680.87 | 680.87 | 540.87 | 680.87 | 540.87 | 500.87 | 680.87 | 680.87 | 680.87 |
| 7 | ਰਾਖਵੇਂ (ਮੁਲਾਕਣ ਰਾਖਵੇਂ ਤੋਂ ਬਗੈਰ) | 8,946.59 | 8,577.69 | 5,930.43 | 8,946.59 | 5,930.43 | 5,723.96 | 8,959.93 | 8,582.30 | 8,959.93 |
| 8 | ਸ਼ੁੱਧ ਕੀਮਤ | 9,627.46 | 9,258.56 | 6,471.30 | 9,627.46 | 6,471.30 | 6,224.83 | 9,640.80 | 9,263.17 | 9,640.80 |
| 9 | ਪ੍ਰਤੀ ਸ਼ੇਅਰ ਆਮਦਨ (ਰੁ. 10/- ਹਰੇਕ) (ਚਲੰਤ ਅਤੇ ਗੈਰ ਚਲੰਤ ਕਾਰੋਬਾਰ ਲਈ) | | | | | | | | | |
| | ਮੁੱਢਲੇ: | 6.01 | 4.75 | 4.21 | 12.53 | 8.92 | 15.88 | 6.15 | 4.83 | 12.97 |
| | ਡਿਲੁਟਿਡ : | 6.01 | 4.75 | 3.80 | 12.53 | 8.06 | 14.16 | 6.15 | 4.83 | 12.97 |

ਨੋਟ : ਉਪਰੋਕਤ ਅੰਕੜੇ ਸੇਬੀ (ਲਿਸਟਿੰਗ ਓਬਲੀਕੇਸ਼ਨਜ ਐਂਡ ਡਿਸਕਲੋਜਰ ਰਿਕੁਆਇਰੇਮੈਂਟ) ਰੈਗੁਲੇਸ਼ਨ, 2015 ਦੇ ਰੈਗੁਲੇਸ਼ਨ 33 ਤਹਿਤ ਸਟਾਕ ਐਕਸਚੇਜ ਵਿਖੇ ਦਰਸ਼ਾਏ ਅਣਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ ਹੈ। ਅਣਪੜਤਾਲੇ ਵਿੱਤੀ ਨਤੀਜਿਆਂ ਦਾ ਪੂਰਾ ਵੇਰਵਾ ਸਟਾਕ ਐਕਸਚੇਂਜ ਦੀ ਵੈਬਸਾਈਟਾਂ ਅਤੇ ਬੰਬੇ ਸਟਾਕ ਐਕਸਚੇਂਜ ਦੇ ਪੋਰਟਲ www.bseindia.com 'ਤੇ ਉਪਲੱਬਧ ਹੈ।

ਲਈ ਗਰਗ ਫਰਨੇਸ ਲਿਮ.
ਸਹੀ/-
(ਦੇਵਿੰਦਰ ਗਰਗ)
ਚੇਅਰਮੈਨ ਕਮ ਮੈਨੇਜਿੰਗ ਡਾਇਰੈਕਟਰ
ਡੀਆਈਐਨ-01665456
ਸਥਾਨ: ਲੁਧਿਆਣਾ
ਮਿਤੀ: 14.02.2026

## ਇਸ਼ਤਿਹਾਰਾਂ ਸਬੰਧੀ ਜ਼ਰੂਰੀ ਬੇਨਤੀ

☛ ਦੇਸ਼ ਸੇਵਕ ਦੀ ਮੈਨੇਜਮੈਂਟ ਇਸ ਅਖ਼ਬਾਰ 'ਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦੀ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਪੰਜਾਬ ਦੀ ਫੁੱਟਬਾਲ ਟੀਮ ਨੇ ਨੈਸ਼ਨਲ ਕੱਪ 'ਚ ਬਾਜ਼ੀ ਮਾਰੀ




ਗੁਰਜੀਤ ਸੀਂਹ

**ਮਾਨਸਾ, 14 ਫਰਵਰੀ :** ਕਰੀਦਾ ਵਿਕਾਸ ਸੰਸਥਾ ਨਾਗਪੁਰ ਵੱਲੋਂ ਗੋਆ ਵਿਖੇ ਸਲੱਮ ਸੋਕਰ ਐਂਨ ਆਈ ਸੀ ਕੱਪ ਕਰਵਾਇਆ ਗਿਆ ।ਜਿਸ ਵਿੱਚ ਪੰਜਾਬ ਦੀ ਟੀਮ ਨੇ ਚੰਗਾ ਪ੍ਰਦਰਸਨ ਕਰਨ ਦੇ ਨਾਲ ਨਾਲ ਟੂਰਨਾਮੈਂਟ ਦੀ ਵਿਜੇਤਾ ਵੀ ਬਣੀ ਹੈ ਗੋਆ ਦੇ ਆਸਾਗਾਓ ਚ ਨੈਸਨਲ ਇਨਕਲੂਸਿੰਗ ਕੱਪ ਹੋਇਆ ਜਿਸ ਚ ਪੰਜਾਬ ਦੀ ਟੀਮ ਨੇ ਕੋਚ ਅੰਮ੍ਰਿਤਪਾਲ ਸਿੰਘ ਗੱਗੀ ਅਸਿਸਟੈਂਟ ਕੋਚ ਬੂਟਾ ਸਿੰਘ ਅਤੇ ਰਾਜਦੀਪ ਕੌਰ ਮਨੇਜਰ ਦੀ ਅਗਵਾਈ ਵਿੱਚ ਮੁੰਡੇ ਤੇ ਕੁੜੀਆਂ ਦੀ ਟੀਮ ਨੇ ਭਾਗ ਲਿਆ । ਜਿਸ ਵਿੱਚ ਕੁੜੀਆਂ ਦੀ ਟੀਮ ਲੀਗ ਮੈਚਾਂ ਚ ਹਾਰ ਗਈ ਸੀ ਪਰ ਮੁੰਡਿਆਂ ਨੇ ਗਰੁੱਪ ਸਟੇਜ ਚ ਟੋਪ ਕਰਿਆ ਨਾਕ-ਆਉਟ ਸਿਸਟਮ ਚ ਸੈਮੀਫਾਈਨਲ ਬਿਦਰਵਾ ਨੂੰ 4/2 ਤੇ ਹਰਾਇਆ ਤੇ ਫਾਈਨਲ ਮੈਚ ਝਾਰਖੰਡ ਦੀ ਟੀਮ ਨੂੰ 4/4 ਗੋਲ ਬਰਾਬਰ ਸੀ ਤੇ ਪਨੈਲਟੀ ਸੂਟਆਉਟ ਤੇ ਟੀਮ ਨੇ ਜਿੱਤ ਪ੍ਰਾਪਤ ਕਰਕੇ ਨੈਸਨਲ ਦੀ ਚੈਂਪੀਅਨਸਿਪ ਜਿੱਤੀ। ਗੁਰਪ੍ਰੀਤ ਸਿੰਘ ਪੁੱਤਰ ਬਿੰਦਰ ਸਿੰਘ ਦੂੱਲੇ ਕਾ ਨੇ ਇਸ ਟੂਰਨਾਮੈਂਟ ਦਾ ਬੈਸਟ ਗੋਲਕੀਪਰ ਕੱਢਿਆ ਗਿਆ।ਇਸ ਟੂਰਨਾਮੈਂਟ ਵਿੱਚ ਪਿੰਡ ਬਾਜੇਵਾਲਾ ਤੋਂ ਗੁਰਪ੍ਰੀਤ ਔਜਲਾ , ਗੁਰਵਿੰਦਰ ਗਿੰਦੀ ,ਗੁਰਪ੍ਰੀਤ ਗੋਲ ਕੀਪਰ ਅਤੇਪਿੰਡ ਸਾਹਨੇਵਾਲੀ ਤੋਂ ਅਰਸਨੂਰ ਸਿੰਘ ,ਯੁਵਰਾਜ ਸਿੰਘ, ਬੇਅੰਤ ਸਿੰਘ ਆਦਿ ਖਿਡਾਰੀ ਜੇਤੂ ਰਹੇ।

### ਨਾਹਰ ਇੰਡਸਟਰੀਅਲ ਇੰਟਰਪ੍ਰਾਈਸਿਜ਼ ਲਿਮਟਿਡ

ਰਜਿ. ਦਫ਼ਤਰ : ਫੋਕਲ ਪੁਆਇੰਟ, ਲੁਧਿਆਣਾ-141 010,
ਟੈਲ : 0161-5064200, ਫੈਕਸ : 0161-2674072,
ਸੀਆਈਐਨ : L15143PB1983PLC018321
ਵੈਬਸਾਈਟ : www.owmnahar.com, ਈਮੇਲ : share@owmnahar.com

**ਮਿਤੀ 31 ਦਸੰਬਰ, 2025 ਨੂੰ ਖ਼ਤਮ ਹੋਈ ਤਿਮਾਹੀ ਅਤੇ ਨਿਮਾਹੀ ਦੇ ਸਟੈਂਡਅਲੋਨ ਅਤੇ ਕੰਨਸੋਲੀਡੇਟਿਡ ਅਣਪੜਤਾਲੇ ਵਿੱਤੀ ਨਤੀਜਿਆਂ ਦੀ ਸਟੇਟਮੈਂਟ**

ਸੇਬੀ (ਲਿਸਟਿੰਗ ਓਬਲੀਗੇਸ਼ਨ ਐਂਡ ਡਿਸਕਲੋਜ਼ਰ ਰਿਕੁਆਰਮੈਂਟਸ) ਰੈਗੂਲੇਸ਼ਨ, 2015 ਦੇ ਰੇਗੂਲੇਸ਼ਨ 33 ਦੀ ਪਾਲਣਾ ਕਰਦੇ ਹੋਏ ਸ਼ਨੀਵਾਰ, 14 ਫਰਵਰੀ, 2026 ਨੂੰ ਹੋਈ ਮੀਟਿੰਗ ਵਿਖੇ ਆਡਿਟ ਕਮੇਟੀ ਦੀ ਤਜਵੀਜ 'ਤੇ ਬੋਰਡ ਆਫ ਡਾਇਰੈਕਟਰਾਂ ਨੇ ਮਿਤੀ : 31 ਦਸੰਬਰ, 2025 ਨੂੰ ਖ਼ਤਮ ਹੋਏ ਤਿਮਾਹੀ ਅਤੇ ਨਿਮਾਹੀ ਦੇ ਸਟੈਂਡਅਲੋਨ ਅਤੇ ਕੰਸੋਲੀਡੇਟਿਡ ਅਣਪੜਤਾਲੇ ਵਿੱਤੀ ਨਤੀਜਿਆਂ ("ਨਤੀਜੇ"") ਨੂੰ ਮਨਜ਼ੂਰੀ ਦਿੱਤੀ ਹੈ। ਇਹ ਨਤੀਜੇ ਕੰਪਨੀ ਦੇ ਸਟੈਚੁਰੀ ਆਡੀਟਰਾਂ ਦੁਆਰਾ ਲਿਮਟਿਡ ਰਿਵਊ ਦਾ ਵਿਸ਼ਾ ਹਨ।

ਨਤੀਜੇ ਸਮੇਤ ਸਟੈਚੁਰੀ ਆਡੀਟਰਾਂ ਦੁਆਰਾ ਲਿਮਟਿਡ ਰਿਵਿਊ ਰਿਪੋਰਟ ਕੰਪਨੀ ਦੀ ਵੈਬਸਾਈਟ https://www.owmnahar.com/nahar_ie/pdf/NIELR-SULT31122025.pdf ਅਤੇ ਸਟਾਕ ਐਕਸਚੇਂਜ ਦੀਆਂ ਵੈਬਸਾਈਟਾਂ ਜੋ ਕਿ ਬੀਐਸਈ ਲਿਮਟਿਡ www.bseindia.com ਅਤੇ ਨੈਸ਼ਨਲ ਸਟਾਕ ਐਕਸਚੇਂਜ ਆਫ਼ ਇੰਡੀਆ ਲਿਮਟਿਡ www.nseindia.com 'ਤੇ ਉਪਲਬਧ ਹੋਣਗੇ।

ਲਿਸਟਿੰਗ ਰੈਗੂਲੇਸ਼ਨ ਦੇ ਰੈਗੂਲੇਸ਼ਨ 47 ਦੀ ਪਾਲਣਾ ਕਰਦੇ ਹੋਏ ਅਸੀਂ ਇਹ ਜਾਣਕਾਰੀ ਦਿੰਦੇ ਹਾਂ ਕਿ ਹੇਠ ਦਰਸ਼ਾਏ ਕੁਵਿਕ ਰਿਸਪਾਂਸ (ਕਿਊਆਰ) ਕੋਡ ਨੂੰ ਸਕੈਨ ਕਰਕੇ ਵੀ ਇਨ੍ਹਾਂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ।

ਲਈ ਨਾਹਰ ਇੰਡਸਟਰੀਅਲ ਇੰਟਰਪ੍ਰਾਈਸਿਜ਼ ਲਿਮਟਿਡ
ਸਹੀ/-
ਜਵਾਹਰ ਲਾਲ ਓਸਵਾਲ
(ਚੇਅਰਮੈਨ)
ਸਥਾਨ: ਲੁਧਿਆਣਾ
ਮਿਤੀ: 14 ਫਰਵਰੀ 2026
ਡੀਆਈਐਨ : 00463866

### ਸਮਰਾਟ ਫੋਰਜਿੰਗਜ਼ ਲਿਮਟਿਡ

ਰਜਿ. ਦਫਤਰ : ਪਿੰਡ ਅਤੇ ਡਾਕਖਾਨਾ ਘੋਲੂ ਮਾਜਰਾ, ਤਹਿ. ਡੇਰਾਬੱਸੀ, ਜਿਲਾ ਮੋਹਾਲੀ, ਪੰਜਾਬ 140506
ਸੀਆਈਐਨ : L28910PB1981PLC056444, ਈਮੇਲ : info@samratforgings.com
ਵੈਬਸਾਈਟ : www.samratforgings.com, ਫੋਨ : +91-9257240444
ਮਿਤੀ 31 ਦਸੰਬਰ, 2025 ਨੂੰ ਖ਼ਤਮ ਹੋਏ ਤਿਮਾਹੀ ਅਤੇ ਨਿਮਾਹੀ ਦੇ ਅਣਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ

ਰੁ. ਲੱਖਾਂ 'ਚ ਈਪੀਐਸ ਤੋਂ ਬਗੈਰ

| ਲੜੀ ਨੰ: | ਵੇਰਵੇ | ਤਿਮਾਹੀ ਖਾਤਮਾ 31.12.2025 ਅਣਪੜਤਾਲੇ | ਨਿਮਾਹੀ ਖਾਤਮਾ 31.12.2025 ਅਣਪੜਤਾਲੇ | ਤਿਮਾਹੀ ਖਾਤਮਾ 31.12.2024 ਅਣਪੜਤਾਲੇ |
|---|---|---|---|---|
| 1 | ਕਾਰੋਬਾਰ ਤੋਂ ਕੁੱਲ ਆਮਦਨ | 5032.81 | 15338.04 | 4391.06 |
| 2 | ਸ਼ੁੱਧ ਲਾਭ/(ਘਾਟਾ) ਸਮੇਂ ਲਈ (ਟੈਕਸ ਤੋਂ ਪਹਿਲਾਂ ਅਤੇ ਵਾਧੂ ਮੱਦਾਂ) | 211.16 | 471.70 | 176.16 |
| 3 | ਸ਼ੁੱਧ ਲਾਭ/(ਘਾਟਾ) ਸਮੇਂ ਲਈ (ਟੈਕਸ ਤੋਂ ਬਾਅਦ ਅਤੇ ਵਾਧੂ ਮੱਦਾਂ) | 211.16 | 471.70 | 176.16 |
| 4 | ਸ਼ੁੱਧ ਲਾਭ/(ਘਾਟਾ) ਸਮੇਂ ਲਈ (ਟੈਕਸ ਤੋਂ ਬਾਅਦ ਅਤੇ ਵਾਧੂ ਮੱਦਾਂ) | 148.99 | 334.53 | 116.04 |
| 5 | ਕੁਲ ਵਿਆਪਕ ਆਮਦਨ ਸਮੇਂ ਲਈ (ਜਿਸ ਵਿਚ ਸ਼ਾਮਲ ਲਾਭ/(ਘਾਟਾ) ਸਮੇਂ ਲਈ (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ)) | 148.99 | 334.53 | 116.04 |
| 6 | ਭੁਗਤਾਨ ਕੀਤੀ ਸੁਨੀਤੀ ਸ਼ੇਅਰ ਪੂੰਜੀ (ਫੇਸ ਵੈਲਿਊ ਰੁ. 10/- ਹਰੇਕ) | 500.00 | 500.00 | 500.00 |
| 7 | ਹੋਰ ਸੁਨਿਤੀ | — | — | — |
| 8 | ਪ੍ਰਤੀ ਸ਼ੇਅਰ ਆਮਦਨ (ਚਲੰਤ ਅਤੇ ਗੈਰ ਚਲੰਤ ਕਾਰੋਬਾਰ ਲਈ) (ਰੁ) | | | |
| | ਮੁੱਢਲੇ : | 2.98 | 6.69 | 2.32 |
| | ਡਿਲੂਟਡ : | 2.98 | 6.69 | 2.32 |

ਨੋਟ :
1. ਮਿਤੀ 31 ਦਸੰਬਰ 2025 ਨੂੰ ਖਤਮ ਹੋਈ ਤਿਮਾਹੀ ਅਤੇ ਨਿਮਾਹੀ ਦੇ ਵਿੱਤੀ ਨਤੀਜੇ ਮਿਤੀ 14 ਫਰਵਰੀ, 2026 ਨੂੰ ਹੋਈ ਮੀਟਿੰਗ ਵਿਖੇ ਆਡੀਟ ਕਮੇਟੀ ਦੁਆਰਾ ਜਾਂਚੇ ਗਏ ਇਸ ਉਪਰੰਤ ਬੋਰਡ ਆਫ ਡਾਈਰੇਕਟਰਾਂ ਦੁਆਰਾ ਮਨਜ਼ੂਰ ਕੀਤੇ ਗਏ। ਸਟੇਚੂਰੀ ਆਡੀਟਰਾਂ ਨੇ ਇਨਾਂ ਵਿਤੀ ਨਤੀਜੀਆਂ ਦੀ ਜਾਂਚ ਕੀਤੀ ਹੈ ਅਤੇ ਗੈਰ ਸੋਧੀ ਰਾਏ ਦਿਤੀ ਹੈ।
2. ਉਪਰੋਕਤ ਨਤੀਜੇ ਨਤੀਜੇ ਸੇਬੀ (ਲਿਸਟਿੰਗ ਓਬਲੀਕੇਸ਼ਨਜ ਐਂਡ ਡਿਸਕਲੋਜਰ ਰਿਕੁਆਇਰੇਮੈਂਟ) ਰੈਗੁਲੇਸ਼ਨ, 2015 ਦੇ ਰੈਗੁਲੇਸ਼ਨ 33 ਤਹਿਤ ਸਟਾਕ ਐਕਸਚੇਜ ਵਿਖੇ ਦਰਸ਼ਾਏ ਵਿੱਤੀ ਨਤੀਜਿਆਂ ਦਾ ਸਾਰ ਹਨ। ਵਿੱਤੀ ਨਤੀਜਿਆਂ ਦਾ ਪੂਰਾ ਵੇਰਵਾ ਸਟਾਕ ਐਕਸਚੇਂਜ ਦੀ ਵੈਬਸਾਈਟਾਂ ਜੋ ਕਿ (www.bseindia.com) ਅਤੇ ਕੰਪਨੀ ਦੀ ਵੈਬਸਾਈਟ (www.samratforgings.com) 'ਤੇ ਉਪਲੱਬਧ ਹੈ।

ਲਈ ਸਮਰਾਟ ਫੋਰਜਿੰਗਜ਼ ਲਿਮਟਿਡ
ਸਹੀ/-
ਰਾਕੇਸ਼ ਐਮ ਕੁਮਾਰ
ਮੈਨੇਜਿੰਗ ਡਾਇਰੈਕਟਰ
ਸਥਾਨ: ਡੇਰਾਬੱਸੀ
ਮਿਤੀ: 14 ਫਰਵਰੀ, 2026

### ਵਰਧਮਾਨ ਪੋਲੀਟੈਕਸ ਲਿਮਟਿਡ

ਰਜਿ. ਦਫ਼ਤਰ : ਵਰਧਮਾਨ ਪਾਰਕ, ਚੰਡੀਗੜ੍ਹ ਰੋਡ, ਲੁਧਿਆਣਾ- 141123,
ਫੋਨ: 0161-6629888, 6629990, ਸੀਆਈਐਨ: L17122PB1980PLC004242,
ਈਮੇਲ: secretarial@vpl.in, ਵੈਬਸਾਈਟ: www.vpl.in

**ਮਿਤੀ 31 ਦਸੰਬਰ, 2025 ਨੂੰ ਖ਼ਤਮ ਹੋਏ ਤਿਮਾਹੀ ਦੇ ਅਣਪੜਤਾਲੇ ਵਿੱਤੀ ਨਤੀਜਿਆਂ ਦੀ ਸਟੇਟਮੈਂਟ**

ਸੇਬੀ (ਐਲਓਡੀਆਰ) ਦੇ ਰੇਗੂਲੇਸ਼ਨ 33 ਦੀ ਪਾਲਣਾ ਕਰਦੇ ਹੋਏ ਮਿਤੀ 31 ਦਸੰਬਰ, 2025 ਨੂੰ ਖਤਮ ਤਿਮਾਹੀ ਦੇ ਕੰਪਨੀ ਅਣਪੜਤਾਲੇ ਵਿਤੀ ਨਤੀਜੇ ਮਿਤੀ 14 ਫਰਵਰੀ, 2026 ਨੂੰ ਹੋਈ ਮੀਟਿੰਗਾਂ ਵਿਖੇ ਆਡੀਟ ਕਮੇਟੀ ਅਤੇ ਕੰਪਨੀ ਦੇ ਬੋਰਡ ਆਫ ਡਾਇਰੈਕਟਰਾਂ ਦੁਆਰਾ ਜਾਂਚੇ ਅਤੇ ਮੰਜੂਰ ਕੀਤੇ ਗਏ। ਇਹ ਵਿਤੀ ਨਤੀਜੇ ਸਮੇਤ ਕੰਪਨੀ ਦੇ ਸਟੇਚੁਰੀ ਆਡੀਟਰਾਂ ਦੁਆਰਾ ਜਾਰੀ ਸੀਮਤ ਸਮੀਖਿਆ ਰਿਪੋਰਟ ਸਟਾਕ ਐਕਸਚੇਂਜ ਦੀਆਂ ਵੈਬਸਾਈਟਾਂ (www.bseindia.com ਅਤੇ www.nseindia.com) ਅਤੇ ਕੰਪਨੀ ਦੀ ਵੈਬਸਾਈਟ https://www.oswalgroup.com/images/recordup-load/Results_Dec2025.pdf. 'ਤੇ ਉਪਲਬਧ ਹਨ।
ਇਨਾਂ ਨੂੰ ਹੇਠ ਦਰਸਾਏ ਕਯੁਆਰ ਕੋਡ ਨੂੰ ਸਕੈਨ ਕਰਕੇ ਵੀ ਵੇਖਿਆ ਜਾ ਸਕਦਾ ਹੈ।

ਲਈ ਵਰਧਮਾਨ ਪੋਲੀਟੈਕਸ ਲਿਮਟਿਡ
ਸਹੀ/-
ਅਜੇ ਕੇ ਰਾਤਰਾ
ਕੰਪਨੀ ਸਕੱਤਰ
ਮਿਤੀ: 14.02.2026
ਸਥਾਨ: ਲੁਧਿਆਣਾ

### ਸਟੇਟ ਬੈਂਕ ਆਫ ਇੰਡੀਆ

ਈ-ਨਿਲਾਮੀ ਵਿਕਰੀ ਨੋਟਿਸ 25.03.2026 ਸਵੇਰੇ 11:00 ਤੋਂ ਸ਼ਾਮ 3:00 ਵਜੇ ਤੱਕ
ਬਰਾਂਚ:ਦਫਤਰ : ਹੋਮ ਲੋਅਨ ਸੈਂਟਰ ਨਵੀਂ ਦਾਣਾ ਮਾਰਕਿਟ, ਮੁਕਤਸਰ
ਈ-ਨਿਲਾਮੀ ਵਿਕਰੀ ਨੋਟਿਸ 25.03.2026 ਸਵੇਰੇ 11:00 ਤੋਂ ਸ਼ਾਮ 3:00 ਵਜੇ ਤੱਕ

**ਚੱਲ/ਅਚੱਲ ਜਾਇਦਾਦ ਦੀ ਵਿਕਰੀ ਲਈ ਈ-ਨੀਲਾਮੀ ਜਨਤਕ ਨੋਟਿਸ ਮਿਤੀ : 25.03.2026 ਸਵੇਰੇ 11:00 ਵਜੇ ਸ਼ਾਮ 3:00 ਵਜੇ ਤੱਕ ਈਐਮਡੀ ਅਤੇ ਦਸਤਾਵੇਜ ਜਮਾਂ ਕਰਵਾਉਣ ਦੀ ਆਖਰੀ ਮਿਤੀ ਅਤੇ ਸਮਾਂ ਈ ਨਿਲਾਮੀ ਬੰਦ ਹੋਣ ਤੋਂ ਪਹਿਲਾਂ ਬੋਲੀਕਾਰ ਦੁਆਰਾ ਮੈਸ. ਪੀਐਸਬੀ ਅਲਾਇੰਸ ਪ੍ਰਾਇ. ਲਿਮ. ਦੀ ਈ-ਨਿਲਾਮੀ ਸਾਈਟ https://baanknet.com 'ਤੇ ਰਜਿਸਟਰਡ ਆਪਣੇ ਵਾਲਟ ਵਿਖੇ ਆਰਟੀਜੀਐਸ/ਐਨਈਐਫਟੀ ਰਾਹੀਂ ਕੀਤੀ ਜਾਵੇ।**

ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫਾਈਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ਼ ਸਕਿਉਰਿਟੀ ਇੰਟਰਸਟ ਐਕਟ 2002 ਜਿਸ ਨੂੰ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8(6) ਅਤੇ 6(2) ਦੀਆਂ ਤਜਵੀਜ਼ਾਂ ਨਾਲ ਪੜ੍ਹਿਆ ਜਾਵੇ, ਤਹਿਤ ਚੱਲ ਅਤੇ ਅਚੱਲ ਜਾਇਦਾਦ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ। ਆਮ ਜਨ ਸਧਾਰਨ ਤੇ ਖਾਸ ਕਰ ਕਰਜ਼ਦਾਰਾਂ ਅਤੇ ਗਾਰੰਟਰਾਂ ਨੂੰ ਇਹ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠ ਦਰਸਾਈ ਅਚੱਲ ਜਾਇਦਾਦ ਜੋ ਕਿ ਸਟੇਟ ਬੈਂਕ ਆਫ ਇੰਡੀਆ (ਸੁਰਖਿਅਤ ਲੈਣਦਾਰ) ਕੋਲ ਗਿਰਵੀ/ਗਹਿਣੇ ਹੈ ਜਿਸ ਦਾ ਉਸਾਰੂ/ਭੌਤਿਕ ਕਬਜਾ ਸਟੇਟ ਬੈਂਕ ਆਫ਼ ਇੰਡੀਆ (ਸੁਰੱਖਿਅਤ ਲੈਣਦਾਰ) ਦੇ ਅਧਿਕਾਰਤ ਅਫ਼ਸਰ ਨੇ ਲੈ ਲਿਆ ਹੈ, ਨੂੰ "ਜਿਵੇਂ ਹੈ, ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਕੁਝ ਹੈ ਉਥੇ ਹੈ" ਦੇ ਆਧਾਰ 'ਤੇ ਮਿਤੀ 25.03.2026 ਨੂੰ ਸਟੇਟ ਬੈਂਕ ਆਫ਼ ਇੰਡੀਆ (ਸੁਰੱਖਿਅਤ ਲੈਣਦਾਰ) ਵੱਲ ਹੇਠ ਦਰਸਾਏ ਕਰਜ਼ਦਾਰਾਂ/ਗਾਰੰਟਰਾਂ ਵੱਲੋਂ ਬਕਾਇਆ ਰਕਮ ਜਮਾਂ ਬਿਆਜ (ਜਿਵੇਂ ਹੇਠ ਦਸੀ ਜਾਇਦਾਦਾਂ ਨਾਲ ਦਰਸਾਇਆ ਗਿਆ ਹੈ) ਦੀ ਵਸੂਲੀ ਲਈ ਵੇਚੀ ਜਾਵੇਗੀ। ਰਾਖਵੀਂ ਕੀਮਤ, ਬਿਆਨਾ ਰਾਸ਼ੀ ਅਤੇ ਵਾਧਾ ਰਕਮ ਹੇਠ ਦਰਸਾਈ ਮੁਤਾਬਕ ਹੋਵੇਗੀ। ਕਿਸੇ ਵਿਅਕਤੀ ਵੱਲ ਸਾਰੇ ਸਟੇਚੁਰੀ/ਨਾਨ ਸਟੇਚੁਰੀ ਬਕਾਏ, ਟੈਕਸ, ਦਰਾਂ, ਮੁਲਾਂਕਣ, ਚਾਰਜ, ਫੀਸ ਆਦਿ ਦੀ ਅਦਾਇਗੀ ਸਫਲ ਬੋਲੀਕਾਰ ਦੀ ਜ਼ਿੰਮੇਵਾਰੀ ਹੋਵੇਗੀ। ਸਫਲ ਬੋਲੀਕਾਰ ਦੁਆਰਾ ਵਿਕਰੀ ਕੀਮਤ ਦੀ ਕਿਸੇ ਵੀ ਰਕਮ ਦੀ ਅਦਾਇਗੀ ਵਿਖੇ ਅਸਫਲ ਹੋਣ 'ਤੇ ਉਸ ਦੁਆਰਾ ਜਮਾਂ ਕੀਤੀ ਰਕਮ ਜਬਤ ਕਰ ਲਈ ਜਾਵੇਗੀ। ਵਿਕਰੀ ਦੇ ਨਿਯਮ ਅਤੇ ਸ਼ਰਤਾਂ ਦੀ ਵਧੇਰੇ ਜਾਣਕਾਰੀ ਹੇਠ ਦਰਸਾਈ ਗਈ ਹੈ/ਵੈਬਸਾਇਟ (ੳ.) https://sbi.co.in (ਅ) https://baanknet.com 'ਤੇ ਉਪਲੱਬਧ ਹਨ।

| ਕਰਜਦਾਰਾਂ/ਗਰੰਟਰਾਂ ਦੇ ਨਾਂ | ਜਾਇਦਾਦ ਦਾ ਵੇਰਵਾ | ਬਕਾਇਆ ਰਕਮ ਅਤੇ ਭੌਤਿਕ ਕਬਜਾ ਮਿਤੀ | ਰਾਖਵੀਂ ਕੀਮਤ ਈਐਮਡੀ ਬੋਲੀ ਵਾਧਾ ਰਕਮ | ਜਾਇਦਾਦ ਦੇ ਨਿਰੀਖਣ ਦੀ ਮਿਤੀ ਅਤੇ ਸਮਾਂ | ਈ-ਨਿਲਾਮੀ ਦੀ ਮਿਤੀ ਅਤੇ ਸਮਾਂ | ਅਧਿਕਾਰਤ ਅਫਸਰ ਅਤੇ ਸੰਪਰਕ ਨੰ |
|---|---|---|---|---|---|---|
| ਸ੍ਰੀ ਜੋਗਿੰਦਰ ਸਿੰਘ ਪੁੱਤਰ ਬੋਹਰ ਸਿੰਘ ਵਾਸੀ ਗਲੀ ਨੰ. 1, ਥਾਂਦੇਵਾਲਾ ਰੋਡ, ਮੁਕਤਸਰ (ਕਰਦਜਾਰ) | ਪਲਾਟ 'ਤੇ ਬਣੇ ਰਿਹਾਇਸ਼ੀ ਮਕਾਨ ਦਾ ਬਰਾਬਰੀ ਮੋਟਗੇਗ ਮਿਣਤੀ 4 ਮਰਲੇ ਜੋ ਕਿ ਜਮੀਨ ਮਿਣਤੀ 60 ਕਨਾਲ 0 ਮਰਲੇ ਦਾ | Rs. 14,79,455.03 ਮਿਤੀ 21.03.2025 ਨੂੰ<br>05.09.2025 | Rs. 15,33,000.00<br>Rs. 1,53,300.00<br>Rs. 10,000.00 | 20.03.2026 11:00 ਵਜੇ ਤੋਂ 03:00 ਵਜੇ ਤੱਕ | 25.03.2026 11:00 ਵਜੇ ਤੋਂ 03:00 ਵਜੇ ਤੱਕ | ਮਿਸ ਅਮਿਤ ਸ਼ੁਕਲਾ Mob: 75893-03267 |

36/10800 ਹਿੱਸਾ ਜਿਸ ਦਾ ਖੇਵਟ ਨੰ. 1186, 1187 ਖਤੌਨੀ ਨੰ. 1962 ਖਸਰਾ ਨੰ. 1925 (60-0) ਸਥਿਤੀ ਖੇਤਰ ਮੁਕਤਸਰ 2 ਤਹਿਸੀਲ ਅਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਕਰੀ ਨੰ. 4787 ਮਿਤੀ 16.03.2016 ਰਾਹੀਂ ਸ੍ਰੀ ਜੋਗਿੰਦਰ ਸਿੰਘ ਪੁੱਤਰ ਸ੍ਰੀ ਬੋਹੜ ਸਿੰਘ ਦੇ ਨਾਮ ਹੈ ਅਤੇ ਸਾਹਮਣੇ ਸਾਈਡ 31'5", ਗਲੀ 20' ਚੌੜੀ ਪਿੱਛੇ ਸਾਈਡ 31'5" ਸਾਧਾ ਸਿੰਘ ਇੱਕ ਸਾਈਡ 34'5" ਰਾਮ ਸਿੰਘ, ਦੂਜੀ ਸਾਈਡ 34'5" ਗੁਰਚਰਨ ਸਿੰਘ

**ਇਹ ਪ੍ਰਕਾਸ਼ਨ ਸਕਿਊਰਿਟੀ ਇਨਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 6(2) ਅਤੇ 8(6) ਤਹਿਤ ਉਪਰ ਦੱਸੇ ਕਰਜ਼ਦਾਰਾਂ ਅਤੇ ਗਰੰਟਰਾਂ ਲਈ 30 ਦਿਨਾਂ ਦਾ ਨੋਟਿਸ ਵੀ ਹੈ।**

ਸਰਫੇਸੀ ਐਕਟ, 2002 ਦੀਆਂ ਤਜਵੀਜਾਂ ਤਹਿਤ, ਹੁਣ ਮਿਤੀ 25.03.2026 ਨੂੰ ਸਵੇਰੇ 11.00 ਵਜੇ ਹੋਣ ਵਾਲੀ ਜਨਤਕ ਈ-ਨਿਲਾਮੀ ਦੁਆਰਾ ਬੈਂਕ ਦੇ ਕਬਜ਼ੇ ਵਿੱਚ ਅਚੱਲ ਜਾਇਦਾਦ ਨੂੰ https://baanknet.com ਦੁਆਰਾ ਵੇਚਣ ਦੀ ਤਜਵੀਜ਼ ਹੈ, ਕਿਰਪਾ ਕਰਕੇ ਵਿਸਤ੍ਰਿਤ ਸ਼ਰਤਾਂ ਲਈ ਵੈੱਬਸਾਈਟਾਂ: https://baanknet.com 'ਤੇ ਪਹੁੰਚ ਕਰੋ।

ਮਿਤੀ: 15.02.2026 ਸਥਾਨ: ਮੁਕਤਸਰ ਅਧਿਕਾਰਿਤ ਅਫਸਰ

### ਸਟੇਟ ਬੈਂਕ ਆਫ ਇੰਡੀਆ

ਈ-ਨਿਲਾਮੀ ਵਿਕਰੀ ਨੋਟਿਸ 27.03.2026 ਸਵੇਰੇ 11:00 ਤੋਂ ਸ਼ਾਮ 3:00 ਵਜੇ ਤੱਕ
ਬਰਾਂਚ:ਦਫਤਰ : ਰੇਲਵੇ ਰੋਡ ਬਰਾਂਚ, ਕੋਟਕਪੂਰਾ
ਈ-ਨਿਲਾਮੀ ਵਿਕਰੀ ਨੋਟਿਸ 27.03.2026 ਸਵੇਰੇ 11:00 ਤੋਂ ਸ਼ਾਮ 3:00 ਵਜੇ ਤੱਕ

**ਚੱਲ/ਅਚੱਲ ਜਾਇਦਾਦ ਦੀ ਵਿਕਰੀ ਲਈ ਈ-ਨੀਲਾਮੀ ਜਨਤਕ ਨੋਟਿਸ ਮਿਤੀ : 27.03.2026 ਸਵੇਰੇ 11:00 ਵਜੇ ਸ਼ਾਮ 3:00 ਵਜੇ ਤੱਕ ਈਐਮਡੀ ਅਤੇ ਦਸਤਾਵੇਜ ਜਮਾਂ ਕਰਵਾਉਣ ਦੀ ਆਖਰੀ ਮਿਤੀ ਅਤੇ ਸਮਾਂ ਈ ਨਿਲਾਮੀ ਬੰਦ ਹੋਣ ਤੋਂ ਪਹਿਲਾਂ ਬੋਲੀਕਾਰ ਦੁਆਰਾ ਮੈਸ. ਪੀਐਸਬੀ ਅਲਾਇੰਸ ਪ੍ਰਾਇ. ਲਿਮ. ਦੀ ਈ-ਨਿਲਾਮੀ ਸਾਈਟ https://baanknet.com 'ਤੇ ਰਜਿਸਟਰਡ ਆਪਣੇ ਵਾਲਟ ਵਿਖੇ ਆਰਟੀਜੀਐਸ/ਐਨਈਐਫਟੀ ਰਾਹੀਂ ਕੀਤੀ ਜਾਵੇ।**

ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫਾਈਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ਼ ਸਕਿਉਰਿਟੀ ਇੰਟਰਸਟ ਐਕਟ 2002 ਜਿਸ ਨੂੰ ਸਕਿਉਰਿਟੀ ਇਨਟਰਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8(6) ਅਤੇ 6(2) ਦੀਆਂ ਤਜਵੀਜ਼ਾਂ ਨਾਲ ਪੜ੍ਹਿਆ ਜਾਵੇ, ਤਹਿਤ ਚੱਲ ਅਤੇ ਅਚੱਲ ਜਾਇਦਾਦ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ। ਆਮ ਜਨ ਸਧਾਰਨ ਤੇ ਖਾਸ ਕਰ ਕਰਜ਼ਦਾਰਾਂ ਅਤੇ ਗਾਰੰਟਰਾਂ ਨੂੰ ਇਹ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠ ਦਰਸਾਈ ਅਚੱਲ ਜਾਇਦਾਦ ਜੋ ਕਿ ਸਟੇਟ ਬੈਂਕ ਆਫ ਇੰਡੀਆ (ਸੁਰਖਿਅਤ ਲੈਣਦਾਰ) ਕੋਲ ਗਿਰਵੀ/ਗਹਿਣੇ ਹੈ ਜਿਸ ਦਾ ਉਸਾਰੂ/ਭੌਤਿਕ ਕਬਜਾ ਸਟੇਟ ਬੈਂਕ ਆਫ਼ ਇੰਡੀਆ (ਸੁਰੱਖਿਅਤ ਲੈਣਦਾਰ) ਦੇ ਅਧਿਕਾਰਤ ਅਫ਼ਸਰ ਨੇ ਲੈ ਲਿਆ ਹੈ, ਨੂੰ "ਜਿਵੇਂ ਹੈ, ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਕੁਝ ਹੈ ਉਥੇ ਹੈ" ਦੇ ਆਧਾਰ 'ਤੇ ਮਿਤੀ 27.03. 2026 ਨੂੰ ਸਟੇਟ ਬੈਂਕ ਆਫ਼ ਇੰਡੀਆ (ਸੁਰੱਖਿਅਤ ਲੈਣਦਾਰ) ਵੱਲ ਹੇਠ ਦਰਸਾਏ ਕਰਜ਼ਦਾਰਾਂ/ਗਾਰੰਟਰਾਂ ਵੱਲੋਂ ਬਕਾਇਆ ਰਕਮ ਜਮਾਂ ਬਿਆਜ (ਜਿਵੇਂ ਹੇਠ ਦਸੀ ਜਾਇਦਾਦਾਂ ਨਾਲ ਦਰਸਾਇਆ ਗਿਆ ਹੈ) ਦੀ ਵਸੂਲੀ ਲਈ ਵੇਚੀ ਜਾਵੇਗੀ। ਰਾਖਵੀਂ ਕੀਮਤ, ਬਿਆਨਾ ਰਾਸ਼ੀ ਅਤੇ ਵਾਧਾ ਰਕਮ ਹੇਠ ਦਰਸਾਈ ਮੁਤਾਬਕ ਹੋਵੇਗੀ। ਕਿਸੇ ਵਿਅਕਤੀ ਵੱਲ ਸਾਰੇ ਸਟੇਚੁਰੀ/ਨਾਨ ਸਟੇਚੁਰੀ ਬਕਾਏ, ਟੈਕਸ, ਦਰਾਂ, ਮੁਲਾਂਕਣ, ਚਾਰਜ, ਫੀਸ ਆਦਿ ਦੀ ਅਦਾਇਗੀ ਸਫਲ ਬੋਲੀਕਾਰ ਦੀ ਜ਼ਿੰਮੇਵਾਰੀ ਹੋਵੇਗੀ। ਸਫਲ ਬੋਲੀਕਾਰ ਦੁਆਰਾ ਵਿਕਰੀ ਕੀਮਤ ਦੀ ਕਿਸੇ ਵੀ ਰਕਮ ਦੀ ਅਦਾਇਗੀ ਵਿਖੇ ਅਸਫਲ ਹੋਣ 'ਤੇ ਉਸ ਦੁਆਰਾ ਜਮਾਂ ਕੀਤੀ ਰਕਮ ਜਬਤ ਕਰ ਲਈ ਜਾਵੇਗੀ। ਵਿਕਰੀ ਦੇ ਨਿਯਮ ਅਤੇ ਸ਼ਰਤਾਂ ਦੀ ਵਧੇਰੇ ਜਾਣਕਾਰੀ ਹੇਠ ਦਰਸਾਈ ਗਈ ਹੈ/ਵੈਬਸਾਇਟ (ੳ.) https://sbi.co.in (ਅ) https://baanknet.com 'ਤੇ ਉਪਲੱਬਧ ਹਨ।

| ਕਰਜਦਾਰਾਂ/ਗਰੰਟਰਾਂ ਦੇ ਨਾਂ | ਜਾਇਦਾਦ ਦਾ ਵੇਰਵਾ | ਬਕਾਇਆ ਰਕਮ ਅਤੇ ਭੌਤਿਕ ਕਬਜਾ ਮਿਤੀ | ਰਾਖਵੀਂ ਕੀਮਤ ਈਐਮਡੀ ਬੋਲੀ ਵਾਧਾ ਰਕਮ | ਜਾਇਦਾਦ ਦੇ ਨਿਰੀਖਣ ਦੀ ਮਿਤੀ ਅਤੇ ਸਮਾਂ | ਈ-ਨਿਲਾਮੀ ਦੀ ਮਿਤੀ ਅਤੇ ਸਮਾਂ | ਅਧਿਕਾਰਤ ਅਫਸਰ ਅਤੇ ਸੰਪਰਕ ਨੰ |
|---|---|---|---|---|---|---|
| 1. ਮੈਸ ਕ੍ਰਿਸ਼ਨਾ ਇੰਟਰਪ੍ਰਾਈਜਸ ਨੇੜੇ ਰੇਲਵੇ ਕਰਾਸਿੰਗ, ਫਰੀਦਕੋਟ ਰੋਡ, ਕੋਟਕਪੂਰਾ ਰਾਹੀਂ ਇਸ ਦੇ ਪ੍ਰੋਪ. ਸ੍ਰੀ ਅਮਿਤ ਸ਼ਰਮਾ ਪੁੱਤਰ ਸ੍ਰੀ ਰਘੁਵੀਰ ਸ਼ਰਮਾ ਵਾਸੀ ਡਾਕਟਰ ਹਰਪਾਲ ਗਲੀ, ਲਕਸ਼ਰੀ ਮਾਲ ਗਲੀ, ਕੋਟਕਪੂਰਾ (ਕਰਜਦਾਰ), 2. ਸ੍ਰੀਮਤੀ | ਪਲਾਟ 'ਤੇ ਬਣਿਆ ਰਿਹਾਇਸ਼ੀ ਮਕਾਨ ਮਿਣਤੀ 150.50 ਵਰਗ ਗਜ ਜੋ ਕਿ 5 ਮਰਲੇ ਜੋ ਜਮੀਨ ਮਿਣਤੀ 5 ਕਨਾਲ 6 ਮਰਲੇ ਦਾ 5/106 ਹਿੱਸਾ | Rs. 14,23,017.00 ਮਿਤੀ 04.09.2023 ਤੱਕ<br>12.05.2025 | Rs. 27,54,000.00<br>Rs. 2,75,400.00<br>Rs. 10,000.00 | 19.03.2026 11:00 ਵਜੇ ਤੋਂ 03:00 ਵਜੇ ਤੱਕ | 27.03.2026 11:00 ਵਜੇ ਤੋਂ 03:00 ਵਜੇ ਤੱਕ | ਸਤਵਿੰਦਰ ਪਾਲ ਸਿੰਘ Mob: 97795-86666 |

ਮੁੱਰਬਾ ਨੰ. 214 ਕਿੱਲਾ ਨੰ. 30/1/5-6 ਖੇਵਟ ਨੰ. 64 ਖਤੌਨੀ ਨੰ. 96 ਰਕਬਾ ਵਾਕਿਆ ਅਗਵਾਰ ਬਲੋਚਾ ਕੋਟਕਪੂਰਾ ਜ਼ਿਲ੍ਹਾਂ ਫਰਦੀਕੋਟ ਵਿਕਰੀ ਡੀਡ ਨੰ. 2577 ਮਿਤੀ 10.12.2014 ਰਾਹੀਂ ਸ੍ਰੀਮਤੀ ਸੀਮਾ ਸ਼ਰਮਾ ਪਤਨੀ ਸ੍ਰੀ ਦੀਪਕ ਸ਼ਰਮਾ ਦੇ ਨਾਂ ਹੈ ਅਤੇ ਚਾਰਦੀਵਾਰੀ : ਉੱਤਰ: 54'6" ਅੰਗੂਰੀ ਦੇਵੀ, ਦੱਖਣ: 54'0" ਗੁਰਦੀਪ ਸਿੰਘ, ਪੂਰਬ: 25'0" ਸੁਰਜੀਤ ਸਿੰਘ, ਪੱਛਮ: 25'" ਰਾਸਤਾ। (ਇਹ ਜਾਇਦਾਦ ਸ੍ਰੀ ਦੀਪਕ ਸ਼ਰਮਾ ਅਤੇ ਸ੍ਰੀਮਤੀ ਸੀਮਾ ਸ਼ਰਮਾ ਦੇ ਹੋਮ ਲੋਅਨ ਟਾਪ ਅਪ ਰੁ. 24.40 ਲੱਖ ਵਿਖੇ ਵੀ ਸ਼ਾਮਲ ਹੈ।)

ਸ਼ੀਮਾ ਸ਼ਰਮਾ ਪਤਨੀ ਸ੍ਰੀ ਦੀਪਕ ਸ਼ਰਮਾ ਵਾਸੀ ਡਾਕਟਰ ਹਰਪਾਲ ਗਲੀ, ਲਕਸ਼ਰੀ ਮਾਲ ਗਲੀ, ਕੋਟਕਪੂਰਾ ਜ਼ਿਲ੍ਹਾ ਫਰੀਦਕੋਟ ਅਤੇ ਸ੍ਰੀ ਦੀਪਕ ਸ਼ਰਮਾ ਪੁੱਤਰ ਸ੍ਰੀ ਰਘੂਵੀਰ ਸ਼ਰਮਾ ਵਾਸੀ ਡਾਕਟਰ ਹਰਪਾਲ ਗਲੀ, ਲਕਸ਼ਰੀ ਮਾਲ ਗਲੀ, ਕੋਟਕਪੂਰਾ ਜ਼ਿਲ੍ਹਾ ਫਰੀਦਕੋਟ (ਗਰੰਟਰ)

**ਇਹ ਪ੍ਰਕਾਸ਼ਨ ਸਕਿਊਰਿਟੀ ਇਨਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 6(2) ਅਤੇ 8(6) ਤਹਿਤ ਉਪਰ ਦੱਸੇ ਕਰਜ਼ਦਾਰਾਂ ਅਤੇ ਗਰੰਟਰਾਂ ਲਈ 30 ਦਿਨਾਂ ਦਾ ਨੋਟਿਸ ਵੀ ਹੈ।**

ਸਰਫੇਸੀ ਐਕਟ, 2002 ਦੀਆਂ ਤਜਵੀਜਾਂ ਤਹਿਤ, ਹੁਣ ਮਿਤੀ 27.03.2026 ਨੂੰ ਸਵੇਰੇ 11.00 ਵਜੇ ਹੋਣ ਵਾਲੀ ਜਨਤਕ ਈ-ਨਿਲਾਮੀ ਦੁਆਰਾ ਬੈਂਕ ਦੇ ਕਬਜ਼ੇ ਵਿੱਚ ਅਚੱਲ ਜਾਇਦਾਦ ਨੂੰ https://baanknet.com ਦੁਆਰਾ ਵੇਚਣ ਦੀ ਤਜਵੀਜ਼ ਹੈ, ਕਿਰਪਾ ਕਰਕੇ ਵਿਸਤ੍ਰਿਤ ਸ਼ਰਤਾਂ ਲਈ ਵੈੱਬਸਾਈਟਾਂ: https://baanknet.com 'ਤੇ ਪਹੁੰਚ ਕਰੋ।

ਮਿਤੀ: 15.02.2026 ਸਥਾਨ: ਕੋਟਕਪੂਰਾ ਅਧਿਕਾਰਿਤ ਅਫਸਰ

# ਕੈਨੇਡਾ ਦੇ ਤਿੰਨ ਮੈਂਬਰ ਪਾਰਲੀਮੈਂਟ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ

## ਐਡਵੋਕੇਟ ਧਾਮੀ ਨੇ ਕੀਤਾ ਸਨਮਾਨਿਤ

**ਜੋਗਿੰਦਰ ਪਾਲ ਸਿੰਘ ਕੁੰਦਰਾ**

**ਅੰਮ੍ਰਿਤਸਰ/14 ਫ਼ਰਵਰੀ :** ਕੈਨੇਡਾ ਦੇ ਮੈਂਬਰ ਪਾਰਲੀਮੈਂਟ ਜਸਰਾਜ ਸਿੰਘ ਹੱਲਣ, ਅਮਨਪ੍ਰੀਤ ਸਿੰਘ ਗਿੱਲ ਤੇ ਦਲਵਿੰਦਰ ਸਿੰਘ ਗਿੱਲ ਨੇ ਸ਼ਨੀਵਾਰ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਅਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਜਸਰਾਜ ਸਿੰਘ ਹੱਲਣ, ਅਮਨਪ੍ਰੀਤ ਸਿੰਘ ਗਿੱਲ, ਦਲਵਿੰਦਰ ਸਿੰਘ ਗਿੱਲ ਅਤੇ ਉਨ੍ਹਾਂ ਨਾਲ ਆਏ ਸੀਨੀਅਰ ਪੱਤਰਕਾਰ ਸੁਖਜਿੰਦਰ ਸਿੰਘ ਚੌਹਲਾ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ, ਸਿਰੋਪਾਓ ਅਤੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰੂ ਨੇ ਸਿੱਖ ਨੂੰ ਬਖ਼ਸ਼ਿਸ਼ ਕੀਤੀ ਹੈ ਕਿ ਉਹ ਜਿਥੇ ਵੀ ਰਹੇ ਸਰਬੱਤ ਦੇ ਭਲੇ ਦਾ ਕਾਰਜ ਕਰੇ। ਇਸੇ ਤਹਿਤ ਹੀ ਦੇਸ਼ ਦੁਨੀਆਂ ਅੰਦਰ ਵੱਸੇ ਸਿੱਖ ਗੁਰੂ ਆਸ਼ੇ ਅਨੁਸਾਰ ਕਾਰਜ ਕਰਦਿਆਂ ਵੱਡੀਆਂ ਮੱਲਾਂ ਮਾਰ ਰਹੇ ਹਨ। ਕੈਨੇਡਾ ਦੀ ਧਰਤੀ 'ਤੇ ਵੀ ਸਿੱਖਾਂ ਨੇ ਕਾਰੋਬਾਰਾਂ ਦੇ ਨਾਲ-ਨਾਲ ਸਿਆਸਤ ਵਿਚ ਵੀ ਵੱਡੇ ਮੁਕਾਮ ਹਾਸਲ ਕੀਤੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਖ਼ੁਸ਼ੀ ਦੀ ਗੱਲ ਹੈ ਕਿ ਕੈਨੇਡਾ ਦੇ ਮੈਂਬਰ ਪਾਰਲੀਮੈਂਟ ਜਸਰਾਜ ਸਿੰਘ ਹੱਲਣ ਤੇ ਅਮਨਪ੍ਰੀਤ ਸਿੰਘ ਪੂਰਨ ਤੌਰ 'ਤੇ ਸਿੱਖੀ ਸਰੂਪ ਵਿਚ ਹਨ, ਜੋ ਨੌਜੁਆਨਾਂ ਲਈ ਪ੍ਰੇਰਣਾ ਸਰੋਤ ਹਨ। ਉਨ੍ਹਾਂ ਕਿਹਾ ਕਿ ਨੌਜੁਆਨ ਐਮਪੀ ਜਿਥੇ ਆਪਣੇ ਖੇਤਰ ਵਿਚ ਵੱਡੀਆਂ ਸੇਵਾਵਾਂ ਕਰ ਰਹੇ ਹਨ, ਉਥੇ ਹੀ ਸਿੱਖੀ ਦੇ ਪ੍ਰਚਾਰ ਲਈ ਵੀ ਵੱਡਾ ਯੋਗਦਾਨ ਪਾ ਰਹੇ ਹਨ। ਉਨ੍ਹਾਂ ਸ੍ਰੀ ਅੰਮ੍ਰਿਤਸਰ ਆਉਣ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਜੀ-ਆਇਆਂ ਆਖਿਆ ਅਤੇ ਕੈਨੇਡਾ ਅੰਦਰ ਸਿੱਖੀ ਪ੍ਰਚਾਰ ਲਈ ਹਰ ਤਰ੍ਹਾਂ ਦੇ ਸਹਿਯੋਗ ਦੀ ਵਚਨਬਧਤਾ ਪ੍ਰਗਟਾਈ। ਇਸ ਮੌਕੇ ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਦੀ ਪਾਰਲੀਮੈਂਟ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਐਮਪੀ ਹਨ, ਜਿਨ੍ਹਾਂ ਤੋਂ ਭਾਈਚਾਰੇ ਨੂੰ ਹਮੇਸ਼ਾ ਵੱਡੀਆਂ ਉਮੀਦਾਂ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਵੱਲੋਂ ਵੀ ਆਪਣੇ ਖੇਤਰ ਵਿਚ ਵਧੀਆ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ। ਸ. ਚੀਮਾ ਨੇ ਅਪੀਲ ਕੀਤੀ ਕਿ ਸਾਡੇ ਨੌਜੁਆਨ ਆਪਣੀ ਮਿੱਟੀ ਅਤੇ ਵਿਰਸੇ ਨਾਲ ਜੁੜੇ ਰਹਿਣ, ਇਸ



ਲਈ ਹਮੇਸ਼ਾ ਯਤਨ ਹੋਣੇ ਚਾਹੀਦੇ ਹਨ। ਇਸੇ ਦੌਰਾਨ ਕੈਨੇਡਾ ਦੇ ਮੈਂਬਰ ਪਾਰਲੀਮੈਂਟ ਜਸਰਾਜ ਸਿੰਘ ਹੱਲਣ, ਅਮਨਪ੍ਰੀਤ ਸਿੰਘ ਗਿੱਲ ਤੇ ਦਲਵਿੰਦਰ ਸਿੰਘ ਗਿੱਲ ਨੇ ਸ਼ੁਕਰਾਨਾ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਦੀ ਬਖ਼ਸ਼ਿਸ਼ ਨਾਲ ਉਨ੍ਹਾਂ ਨੂੰ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਕਿ ਉਨ੍ਹਾਂ ਲਈ ਕੈਨੇਡਾ ਦੀ ਪਾਰਲੀਮੈਂਟ ਵਿਚ ਮੈਂਬਰ ਵਜੋਂ ਸੌਂਹ ਚੁੱਕਣ ਦਾ ਉਹ ਦਿਨ ਸੀ ਜਿਸ ਦਿਨ ਕਾਮਾਗਾਟਾ ਮਾਰੂ ਜਹਾਜ਼ ਨੂੰ ਕੈਨੇਡਾ ਤੋਂ ਵਾਪਸ ਕਰਨ ਦੇ ਦਿਨ ਨੂੰ ਯਾਦ ਕੀਤਾ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਲਈ ਹੋਰ ਸਮਰਪਣ ਭਾਵਨਾ ਨਾਲ ਕੰਮ ਕਰਨ ਲਈ ਵੱਡੀ ਪ੍ਰੇਰਣਾ ਵੀ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਮਿਲੇ ਸਨਮਾਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਹੋਰਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਅਲਵਿੰਦਰਪਾਲ ਸਿੰਘ ਪੱਖੋਕੇ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਫੁੰਮਣ ਸਿੰਘ, ਅਮਰਜੀਤ ਸਿੰਘ ਬੰਡਾਲਾ, ਓਐਸਡੀ ਸਤਬੀਰ ਸਿੰਘ ਧਾਮੀ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਮੈਨੇਜਰ ਭਗਵੰਤ ਸਿੰਘ ਧੰਗੇੜਾ, ਜਸਪਾਲ ਸਿੰਘ, ਵਧੀਕ ਮੈਨੇਜਰ ਗੁਰਿੰਦਰ ਸਿੰਘ ਦੇਵੀਦਾਸਪੁਰ, ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ, ਅੰਮ੍ਰਿਤਪਾਲ ਸਿੰਘ ਬੈਂਸ, ਅੰਮ੍ਰਿਤ ਹੇਅਰ, ਗੁਰਪ੍ਰਤਾਪ ਸਿੰਘ ਤੇ ਹਰਮੀਤ ਸਿੰਘ ਸਲੂਜਾ ਆਦਿ ਮੌਜੂਦ ਸਨ।

# ਹਰਜੋਤ ਬੈਂਸ ਨੇ ਮਹਾਸ਼ਿਵਰਾਤਰੀ ਮੌਕੇ ਨੰਗਲ 'ਚ ਸ਼ੋਭਾ ਯਾਤਰਾ 'ਚ ਲਿਆ ਹਿੱਸਾ

## ਸੰਗਤਾਂ ਨੂੰ ਦਿੱਤੀਆਂ ਸ਼ੁਭਕਾਮਨਾਵਾਂ

**ਸਤਨਾਮ ਸਿੰਘ**

**ਨੰਗਲ/14 ਫਰਵਰੀ :** ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਮਹਾਸ਼ਿਵਰਾਤਰੀ ਦੇ ਪਾਵਨ ਅਵਸਰ 'ਤੇ ਨੰਗਲ ਵਿੱਚ ਆਯੋਜਿਤ ਸੋਭਾ ਯਾਤਰਾ ਵਿੱਚ ਹਿੱਸਾ ਲਿਆ। ਇਸ ਸੋਭਾ ਯਾਤਰਾ ਵਿੱਚ ਸਰਧਾਲੂਆਂ, ਸਥਾਨਕ ਨਿਵਾਸੀਆਂ ਅਤੇ ਵੱਖ-ਵੱਖ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਦੇ ਮੈਂਬਰਾਂ ਨੇ ਉਤਸਾਹ ਨਾਲ ਭਾਗ ਲਿਆ। ਨੰਗਲ ਦੇ ਬਾਜਾਰ "ਹਰ-ਹਰ ਮਹਾਦੇਵ" ਦੇ ਜੈਕਾਰਿਆਂ ਨਾਲ ਗੂੰਜ ਉਠਿਆ। ਸਜਾਈਆਂ ਹੋਈਆਂ ਝਾਂਕੀਆਂ, ਭਗਤੀ ਸੰਗੀਤ ਅਤੇ ਪਰੰਪਰਾਗਤ ਪ੍ਰਸਤੁਤੀਆਂ ਨੇ ਭਗਵਾਨ ਸ਼ਿ?ਵ ਨੂੰ ਸਮਰਪਿਤ ਇਸ ਪਵਿੱਤਰ ਤਿਉਹਾਰ ਨੂੰ ਹੋਰ ਵੀ ਵਿਸੇਸ ਬਣਾ ਦਿੱਤਾ। ਸਭਾ ਨੂੰ ਸੰਬੋਧਨ ਕਰਦੇ ਹੋਏ ਕੈਬਨਿਟ ਮੰਤਰੀ ਨੇ ਦੁਨੀਆ ਭਰ ਦੇ ਲੋਕਾਂ ਅਤੇ ਵਿਸੇਸ ਤੌਰ 'ਤੇ ਨੰਗਲ ਦੇ ਨਿਵਾਸੀਆਂ ਨੂੰ ਇਸ ਪਾਵਨ ਤਿਉਹਾਰ ਦੀਆਂ ਦਿਲੋਂ ਮੁਬਾਰਕਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਮਹਾਸ਼ਿਵਰਾਤਰੀ ਭਗਤੀ, ਅਨੁਸਾਸਨ ਅਤੇ ਆਤਮਿਕ ਸਕਤੀ ਦਾ ਪ੍ਰਤੀਕ ਹੈ, ਜੋ ਸਾਨੂੰ ਧਰਮ ਅਤੇ ਸੇਵਾ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰਦੀ ਹੈ। ਮੰਤਰੀ ਨੇ ਸੋਭਾ ਯਾਤਰਾ ਵਿੱਚ ਸਾਮਲ ਹੋਣ ਦਾ ਮੌਕਾ ਮਿਲਣ 'ਤੇ ਧੰਨਵਾਦ ਪ੍ਰਗਟ ਕੀਤਾ ਅਤੇ ਅਰਦਾਸ ਕੀਤੀ ਕਿ ਭਗਵਾਨ ਸ਼ਿ?ਵ ਸਭ ਨਾਗਰਿਕਾਂ ਨੂੰ ਸਾਂਤੀ, ਸਮ੍ਰਿੱਧੀ ਅਤੇ ਸੁਖ-ਸਮਾਧਾਨ ਬਖਸਣ। ਉਨ੍ਹਾਂ ਨੇ ਕਾਰਜਕ੍ਰਮ ਦੇ ਸਫਲ ਅਤੇ ਅਨੁਸਾਸਿਤ ਆਯੋਜਨ ਲਈ ਆਯੋਜਕਾਂ ਅਤੇ ਸੇਵਾਦਾਰਾਂ ਦੀ ਭਰਪੂਰ ਪ੍ਰਸੰਸਾ ਵੀ ਕੀਤੀ। ਕੈਬਨਿਟ ਮੰਤਰੀ ਨੇ ਕਿਹਾ ਕਿ ਅਜਿਹੇ ਧਾਰਮਿਕ ਅਤੇ ਸੱਭਿਆਚਾਰਕ ਸਮਾਗਮ ਸਮਾਜਿਕ ਸਦਭਾਵ ਅਤੇ ਏਕਤਾ ਨੂੰ ਮਜਬੂਤ ਕਰਦੇ ਹਨ। ਉਨ੍ਹਾਂ ਦੱਸਿਆ ਕਿ ਮਹਾਸ਼ਿਵਰਾਤਰੀ ਵਰਗੇ ਤਿਉਹਾਰ ਨਾ ਸਿਰਫ ਆਧਿਆਤਮਿਕ ਆਸਥਾ ਨੂੰ ਮਜਬੂਤ ਕਰਦੇ ਹਨ, ਸਗੋਂ ਭਾਈਚਾਰੇ ਦੀ ਭਾਵਨਾ ਨੂੰ ਵੀ ਵਧਾਉਂਦੇ ਹਨ। ਉਨ੍ਹਾਂ ਨੇ ਸੱਭਿਆਚਾਰਕ ਵਿਰਾਸਤ ਅਤੇ ਸਮੁਦਾਇਕ ਭਲਾਈ ਨੂੰ ਉਤਸਾਹਿਤ ਕਰਨ ਵਾਲੀਆਂ ਪਹਿਲਾਂ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਉਂਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਰਾਜ ਦੀਆਂ ਸਮ੍ਰਿੱਧ ਪਰੰਪਰਾਵਾਂ ਨੂੰ ਸੰਭਾਲਦਿਆਂ ਸੂਬੇ ਦੇ ਸਮੱਗਰੀ ਵਿਕਾਸ ਅਤੇ ਤਰੱਕੀ ਲਈ ਲਗਾਤਾਰ ਕੰਮ ਕਰ ਰਹੀ



# ਖੇਤ ਮਜ਼ਦੂਰਾਂ ਦੀ ਸੂਬਾਈ ਮੀਟਿੰਗ 17 ਫਰਵਰੀ ਨੂੰ ਜਲੰਧਰ 'ਚ : ਨੂਰਪੁਰੀ, ਗੁਰਮੇਸ਼

## ਕੌਮੀ ਆਗੂ ਬਿਕਰਮ ਸਿੰਘ ਕਰਨਗੇ ਸੰਬੋਧਨ




**ਰੇਸਮ ਸਿੰਘ ਕਲੇਰ**

**ਬੰਗਾ, ਬਹਿਰਾਮ/14 ਫਰਵਰੀ :** ਅੱਜ ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਰਾਮ ਸਿੰਘ ਨੂਰਪੁਰੀ ਅਤੇ ਸੂਬਾ ਜਨਰਲ ਸਕੱਤਰ ਸਾਥੀ ਗੁਰਮੇਸ ਸਿੰਘ ਨੇ ਪ੍ਰੈਸ ਦੇ ਨਾਂ ਇੱਕ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਯੂਨੀਅਨ ਦੀ 38 ਵੀ ਸੂਬਾਈ ਕਾਨਫਰੰਸ 27--28 ਫਰਵਰੀ ਨੂੰ ਕਸਬਾ ਨੂਰਮਹਿਲ ਜ਼ਿ?ਲ੍ਹਾ ਜਲੰਧਰ ਵਿਖੇ ਹੋ ਰਹੀ ਹੈ। ਜਿਸ ਦੀ ਤਿਆਰੀ ਦਾ ਜਾਇਜਾ ਲੈਣ ਅਤੇ ਵੱਖ ਵੱਖ ਏਜੰਡਿਆਂ ਤੇ ਵਿਚਾਰ ਚਰਚਾ ਕੀਤੀ ਜਾਵੇਗੀ ਮੀਟਿੰਗ ਨੂੰ ਯੂਨੀਅਨ ਦੇ ਕੌਮੀ ਜੁਆਇੰਟ ਸਕੱਤਰ ਸਾਥੀ ਬਿਕਰਮ ਸਿੰਘ ਸੰਬੋਧਨ ਕਰਨਗੇ। ਉਹ ਪਿਛਲੇ ਦਿਨੀਂ ਕੇਂਦਰੀ ਵਰਕਿੰਗ ਕਮੇਟੀ ਦੀ ਮੀਟਿੰਗ ਜੋ ਕਿ ਅਗਰਤਲਾ ਵਿਖੇ ਹੋਈ ਹੈ ਦੇ ਫੈਸਲਿਆਂ ਦੀ ਰੀਪੋਰਟਿਗ ਕਰਨਗੇ। ਸਾਥੀ ਨੂਰਪੁਰੀ ਅਤੇ ਗੁਰਮੇਸ ਨੇ ਕਿਹਾ ਕਿ ਯੂਨੀਅਨ ਦੀ ਮੈਂਬਰਸ਼ਿ?ਪ ਨੂੰ ਵਧਾਉਣ ਤੇ ਜੋਰ ਦਿੱਤਾ ਜਾਵੇਗਾ। ਉਨ੍ਹਾਂ 12 ਫਰਵਰੀ ਦੀ ਸਫਲ ਹੜਤਾਲ ਦੀ ਖੇਤ ਮਜਦੂਰ ਆਗੂਆਂ ਅਤੇ ਵਰਕਰਾਂ ਨੂੰ ਇੰਨਕਲਾਬੀ ਵਧਾਈ ਦਿੱਤੀ ਅਤੇ ਮੀਟਿੰਗ ਵਿੱਚ ਵਰਕਿੰਗ ਕਮੇਟੀ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ ਹੈ।

# ਫੈਦਰਲਾਈਟ ਨੇ ਮੋਹਾਲੀ 'ਚ 8,000 ਵਰਗ ਫੁੱਟ ਦਾ ਵਿਸ਼ੇਸ਼ ਐਕਸਪੀਰੀਐਂਸ ਕੇਂਦਰ ਖੋਲ੍ਹਿਆ

**ਹਰਬੰਸ ਬਾਗੜੀ/ਵਿੱਕੀ ਭਬਾਤ**

**ਜ਼ੀਰਕਪੁਰ , 14 ਫਰਵਰੀ :** ਫੈਦਰਲਾਈਟ ਨੇ ਪਲਾਟ ਨੰਬਰ 163, ਜੇਐਲਪੀਐਲ, ਸੈਕਟਰ 82, ਮੋਹਾਲੀ, ਪੰਜਾਬ ਵਿਖੇ ਉੱਤਰੀ ਭਾਰਤ ਵਿੱਚ ਆਪਣੇ ਸਭ ਤੋਂ ਵੱਡੇ ਐਕਸਪੀਰੀਐਂਸ ਕੇਂਦਰ ਦਾ ਉਦਘਾਟਨ ਕੀਤਾ ਹੈ। 8,000 ਵਰਗ ਫੁੱਟ ਵਿੱਚ ਫੈਲਿਆ ਇਹ ਅਤਿ-ਆਧੁਨਿਕ ਕੇਂਦਰ ਚੰਡੀਗੜ੍ਹ, ਮੋਹਾਲੀ ਅਤੇ ਪੰਚਕੂਲਾ (ਟ੍ਰਾਈਸਿਟੀ) ਖੇਤਰਾਂ ਦੀ ਸੇਵਾ ਕਰੇਗਾ। ਇਹ ਕੇਂਦਰ ਕਾਰਪੋਰੇਟਾਂ, ਵਿਦਿਅਕ ਸੰਸਥਾਵਾਂ ਅਤੇ ਸਰਕਾਰੀ ਸੰਗਠਨਾਂ ਲਈ ਆਧੁਨਿਕ ਵਰਕਸਪੇਸਾਂ ਅਤੇ ਸਿੱਖਣ ਦੇ ਵਾਤਾਵਰਣ ਵਿੱਚ ਨਵੇਂ ਮਿਆਰ ਪੇਸ ਕਰੇਗਾ। ਫੈਦਰਲਾਈਟ ਕੋਲ ਛੇ ਦਹਾਕਿਆਂ ਤੋਂ ਵੱਧ ਦਾ ਤਜਰਬਾ ਹੈ ਅਤੇ ਇਹ ਪੂਰੇ ਭਾਰਤ ਵਿੱਚ ਦਫਤਰ ਅਤੇ ਸਿੱਖਿਆ ਫਰਨੀਚਰ ਖੇਤਰ ਵਿੱਚ ਮੋਹਰੀ ਰਿਹਾ ਹੈ। 650,000 ਵਰਗ ਫੁੱਟ ਤੋਂ ਵੱਧ ਅਤਿ-ਆਧੁਨਿਕ ਨਿਰਮਾਣ ਸਮਰੱਥਾ ਦੇ ਨਾਲ, ਕੰਪਨੀ ਕਾਰਪੋਰੇਟ ਦਫਤਰਾਂ, ਸਟਾਰਟ-ਅੱਪਸ, ਸਹਿ-ਕਾਰਜਸੀਲ ਸਥਾਨਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਲਈ ਉੱਚ-



ਗੁਣਵੱਤਾ ਵਾਲੇ ਫਰਨੀਚਰ ਹੱਲ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਕੰਪਨੀ ਦੀ ਨਵੀਂ ਰੇਂਜ ਵਿੱਚ ਐਕੋਸਟਿਕ ਪੌਡ, ਮਾਡਿਊਲਰ ਵਰਕਸਟੇਸਨ, ਤਕਨਾਲੋਜੀ-ਸਮਰਥਿਤ ਕਲਾਸਰੂਮ ਪ੍ਰਣਾਲੀਆਂ ਅਤੇ ਉੱਨਤ ਲੰਬਰ ਸਹਾਇਤਾ ਦੇ ਨਾਲ ਐਰਗੋਨੋਮਿਕ ਸੀਟਿੰਗ ਸਾਮਲ ਹਨ। ਆਧੁਨਿਕ ਡਿਜਾਈਨ, ਬਾਇਓਫਿਲਿਕ ਤੱਤ, ਇੱਕ ਨਿਰਪੱਖ ਰੰਗ ਪੈਲੇਟ, ਅਤੇ ਕੇਬਲ ਪ੍ਰਬੰਧਨ ਵਰਗੀਆਂ ਵਿਸੇਸਤਾਵਾਂ ਇਸ ਦੇ ਵਿਸੇਸ ਲੱਛਣ ਹਨ। ਮੋਹਾਲੀ ਐਕਸਪੀਰੀਅੰਸ ਸੈਂਟਰ ਰਾਹੀਂ, ਫੈਦਰਲਾਈਟ ਨੇ ਚੰਡੀਗੜ੍ਹ ਯੂਨੀਵਰਸਿਟੀ, ਆਈਐਸਬੀ ਮੋਹਾਲੀ, ਪਲਾਕਸਾ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ, ਆਈਆਈਟੀ ਰੋਪੜ ਅਤੇ ਆਈਆਈਟੀ ਰੁੜਕੀ ਵਰਗੀਆਂ ਵੱਕਾਰੀ ਵਿਦਿਅਕ ਸੰਸਥਾਵਾਂ ਨਾਲ ਮਜਬੂਤ ਸਾਂਝੇਦਾਰੀ ਵਿਕਸਤ ਕੀਤੀ ਹੈ। ਕੰਪਨੀ ਨੇ ਟੈਕ ਮਹਿੰਦਰਾ, ਟੀਟੈਕ ਇੰਡੀਆ ਅਤੇ ਕੁਆਰਕਸਿਟੀ ਇੰਡੀਆ ਵਰਗੀਆਂ ਪ੍ਰਮੁੱਖ ਕਾਰਪੋਰੇਟ ਸੰਸਥਾਵਾਂ ਨਾਲ ਵੀ ਕੰਮ ਕੀਤਾ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਵਿਖੇ ਬਸੰਤ ਮੇਲਾ-2026 ਕਰਵਾਇਆ

**ਰਵਿੰਦਰ ਸਿੰਘ ਢੀਂਡਸਾ**

**ਸ੍ਰੀ ਫਤਿਹਗੜ੍ਹ ਸਾਹਿਬ/14 ਫਰਵਰੀ :** ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿੱਚ ਬਸੰਤ ਮੇਲਾ-2026 ਵੱਡੇ ਬੜੇ ਚਾਅ ਅਤੇ ਰੌਣਕ ਨਾਲ ਮਨਾਇਆ ਗਿਆ। ਵਿਦਿਆਰਥੀ ਭਲਾਈ ਵਿਭਾਗ ਅਤੇ ਸਭਿਆਚਾਰਕ ਕਲੱਬਾਂ ਦੇ ਸਹਿਯੋਗ ਨਾਲ ਕਰਵਾਏ ਇਸ ਸਮਾਗਮ ਵਿੱਚ ਵਿਦਿਆਰਥੀਆਂ ਨੇ ਗਿੱਧਾ, ਭੰਗੜਾ ਅਤੇ ਲੋਕ ਗੀਤਾਂ ਰਾਹੀਂ ਪੰਜਾਬੀ ਸਭਿਆਚਾਰ ਦੀ ਝਲਕ ਪੇਸ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਅਤੇ ਡੀਨ ਅਕਾਦਮਿਕ ਮਾਮਲੇ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ ਨੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਅਜਿਹੇ ਉਪਰਾਲਿਆਂ ਦੀ ਸਲਾਘਾ ਕੀਤੀ। ਡੀਨ ਵਿਦਿਆਰਥੀ ਭਲਾਈ ਡਾ. ਸਿਕੰਦਰ ਸਿੰਘ ਦੀ ਅਗਵਾਈ ਹੇਠ ਪਤੰਗਬਾਜੀ, ਪੌਟ ਮੇਕਿੰਗ, ਫੋਟੋਗ੍ਰਾਫੀ ਅਤੇ ਫੁੱਲ ਸਜਾਵਟ ਮੁਕਾਬਲੇ ਕਰਵਾਏ ਗਏ। ਲੋਕ ਖੇਡਾਂ ਨੇ ਕੈਂਪਸ ਵਿੱਚ ਖੁਸੀ ਦਾ ਮਾਹੌਲ ਬਣਾਇਆ। ਅੰਤ ਵਿੱਚ ਜੇਤੂਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਕੁੱਲ ਮਿਲਾ ਕੇ ਇਹ ਸਮਾਗਮ ਯਾਦਗਾਰੀ ਅਤੇ ਪ੍ਰੇਰਨਾਦਾਇਕ ਰਿਹਾ।



# ਪੁਲਵਾਮਾ 'ਚ ਸ਼ਹੀਦ ਹੋਏ ਕੁਲਵਿੰਦਰ ਸਿੰਘ ਰੌਲੀ ਦਾ ਬੁੱਤ ਲੋਕ ਅਰਪਣ

**ਬਲਵਿੰਦਰ ਰੈਤ/ਕੁਲਦੀਪ ਸ਼ਰਮਾ**

**ਨੂਰਪੁਰ ਬੇਦੀ/ 14 ਫਰਵਰੀ :** ਸਾਲ 2019 ਦੇ ਦਰਦਨਾਕ ਪੁਲਵਾਮਾ ਹਮਲੇ ਦੌਰਾਨ ਦੇਸ ਲਈ ਸਹਾਦਤ ਦੇਣ ਵਾਲੇ ਸਹੀਦ ਕੁਲਵਿੰਦਰ ਸਿੰਘ ਰੌਲੀ ਦੀ ਯਾਦ ਵਿੱਚ ਉਹਨਾਂ ਦੇ ਜੱਦੀ ਪਿੰਡ ਰੌਲੀ ਵਿਖੇ ਆਦਮ ਕੱਦ ਬੁੱਤ ਤਿਆਰ ਕਰਕੇ ਲੋਕ ਅਰਪਣ ਕੀਤਾ ਗਿਆ। ਇਹ ਸਮਾਗਮ ਸਹੀਦ ਦੀ ਬਰਸੀ ਮੌਕੇ ਪੂਰੀ ਸਰਧਾ ਅਤੇ ਗੰਭੀਰਤਾ ਨਾਲ ਆਯੋਜਿਤ ਕੀਤਾ ਗਿਆ, ਜਿਸ ਦੌਰਾਨ ਇਲਾਕੇ ਵਿੱਚ ਦੇਸ ਭਕਤੀ ਅਤੇ ਗੌਰਵ ਦਾ ਮਾਹੌਲ ਬਣਿਆ ਰਿਹਾ। ਬੁੱਤ ਦਾ ਲੋਕ ਅਰਪਣ ਸਹੀਦ ਦੇ ਪਿਤਾ ਦਰਸਨ ਸਿੰਘ ਅਤੇ ਵਿਧਾਇਕ ਦਿਨੇਸ ਚੱਢਾ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ, ਸਮਾਜ ਸੇਵੀ ਸੰਸਥਾਵਾਂ ਦੇ ਪ੍ਰਤੀਨਿਧੀ ਅਤੇ ਨੌਜਵਾਨ ਹਾਜਰ ਰਹੇ। ਇਸ ਮੌਕੇ ਗੱਲ ਕਰਦਿਆਂ ਵਿਧਾਇਕ ਦਿਨੇਸ ਚੱਢਾ ਨੇ ਕਿਹਾ, "ਸਹੀਦ ਕੁਲਵਿੰਦਰ ਸਿੰਘ ਨੇ ਦੇਸ ਦੀ ਸੁਰੱਖਿਆ ਲਈ ਆਪਣੀ ਜਾਨ ਨਿਛਾਵਰ ਕਰਕੇ ਸਾਰੇ ਪੰਜਾਬ ਅਤੇ ਦੇਸ ਦਾ ਨਾਮ ਰੌਸਨ ਕੀਤਾ ਹੈ। ਅਸੀਂ ਉਹਨਾਂ ਦੇ ਪਰਿਵਾਰ ਦੇ ਸਦੀਵੀ ਕਰਜਦਾਰ ਹਾਂ। ਇਹ ਆਦਮ ਕੱਦ ਬੁੱਤ ਨਵੀਂ ਪੀੜ੍ਹੀ ਨੂੰ ਦੇਸ ਪ੍ਰੇਮ ਅਤੇ ਕੁਰਬਾਨੀ ਦੀ ਪ੍ਰੇਰਣਾ ਦੇਵੇਗਾ। ਸਰਕਾਰ ਵੱਲੋਂ ਵੀ ਸਹੀਦ ਪਰਿਵਾਰਾਂ ਦੀ ਭਲਾਈ ਲਈ ਹਰ ਸੰਭਵ ਸਹਾਇਤਾ ਯਕੀਨੀ ਬਣਾਈ ਜਾ ਰਹੀ ਹੈ।"ਸਹੀਦ ਦੇ ਪਿਤਾ ਦਰਸਨ ਸਿੰਘ ਨੇ ਭਾਵੁਕ ਹੋ ਕੇ ਕਿਹਾ, "ਮੇਰਾ ਪੁੱਤ ਦੇਸ ਲਈ ਸਹੀਦ ਹੋਇਆ, ਇਸ ਤੋਂ ਵੱਡਾ ਮਾਣ ਸਾਡੇ ਪਰਿਵਾਰ ਲਈ ਹੋਰ ਕੁਝ ਨਹੀਂ ਹੋ ਸਕਦਾ। ਅਸੀਂ ਚਾਹੁੰਦੇ ਹਾਂ ਕਿ ਪਿੰਡ ਦੇ ਬੱਚੇ ਇਸ ਬੁੱਤ ਨੂੰ ਵੇਖ ਕੇ ਦੇਸ ਸੇਵਾ ਦਾ ਜਜਬਾ ਆਪਣੇ ਅੰਦਰ ਪੈਦਾ ਕਰਨ। ਸਰਕਾਰ ਅਤੇ ਇਲਾਕੇ ਦੇ ਲੋਕਾਂ ਵੱਲੋਂ ਮਿਲ ਰਹੇ ਸਨਮਾਨ ਲਈ ਅਸੀਂ ਹਮੇਸਾ ਅਭਾਰੀ ਰਹਾਂਗੇ।" ਇਸੇ ਦੌਰਾਨ ਸਹੀਦ ਦੀ ਬਰਸੀ ਸਬੰਧੀ ਆਯੋਜਿਤ ਕੀਤੇ ਗਏ ਸਮਾਗਮ ਚ ਵੀ ਵਿਧਾਇਕ ਚੱਢਾ ਨੇ ਸ਼ਿ?ਰਕਤ ਕਰ ਦੀਆਂ ਸਹੀਦ ਕੁਲਵਿੰਦਰ ਸਿੰਘ ਰੌਲੀ ਨੂੰ ਸਰਧਾ ਦੇ ਫੁੱਲ ਭੇਟ ਕੀਤੇ। ਸਮਾਗਮ ਦੇ ਅੰਤ ਵਿੱਚ ਦੇਸ ਭਕਤੀ ਨਾਰਿਆਂ ਨਾਲ ਪੂਰਾ ਮਾਹੌਲ ਗੂੰਜ ਉਠਿਆ ਅਤੇ ਸਾਰੇ ਹਾਜਰ ਲੋਕਾਂ ਨੇ ਸਹੀਦ ਨੂੰ ਸਤ-ਸਤ ਨਮਨ ਕੀਤਾ।



# ਮਹਾਂ ਸ਼ਿਵਰਾਤਰੀ ਮੌਕੇ ਬੰਗਾ ਤੋਂ ਰੇਸ਼ਮ ਸਿੰਘ ਕਲੇਰ ਵੱਲੋਂ ਵਿਸ਼ੇਸ਼ ਸਪਲੀਮੈਂਟ


## ਮਹਾਂ ਸ਼ਿਵਰਾਤਰੀ ਮੌਕੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ


ਬਾਬਾ ਉਮਰੇ ਸ਼ਾਹ ਜੀ ਕਾਦਰੀ ਰੌਜ਼ਾ ਸ਼ਰੀਫ਼ ਮੰਢਾਲੀ


ਬਾਬਾ ਪ੍ਰੇਮ ਦਾਸ ਜੀ ਡੇਰਾ ਦੂਧਾਧਾਰੀ ਮਹੰਤ ਗੁਰਬਚਨ ਦਾਸ ਨਗਰ ਫਰਾਲਾ


ਸੁਖਦੇਵ ਸਿੰਘ ਮੇਹਲੀਆਣਾ ਸੀਨੀਅਰ ਅਕਾਲੀ ਆਗੂ ਸ਼੍ਰੋ. ਅ. ਦਲ ਬਾਦਲ


ਸੁਰਿੰਦਰ ਸਿੰਘ ਸ਼ਾਹ ਪ੍ਰਧਾਨ ਕੋਆਪ੍ਰੇਟਿਵ ਸਹਿਕਾਰੀ ਸਭਾ ਪਿੰਡ ਘੁੰਮਣ


ਡਾ. ਬਖਸ਼ੀਸ਼ ਸਿੰਘ ਕਰਨ ਹਸਪਤਾਲ ਹੀਓਂ ਰੋਡ ਬੰਗਾ


ਰੌਜ਼ਾ ਸ਼ਰੀਫ਼ ਪੀਰ ਬਾਬਾ ਬੁੜ ਸ਼ਾਹ ਜੀ ਚਿਸ਼ਤੀ ਪੀਰ ਬਾਬਾ ਊਧੋ ਸ਼ਾਹ ਜੀ ਚਿਸ਼ਤੀ ਗੱਦੀ ਨਸ਼ੀਨ ਬਾਬਾ ਸਾਧੂ ਸ਼ਾਹ ਜੀ ਚਿਸ਼ਤੀ ਕਟਾਰੀਆਂ


ਦਾਰਾ ਸਿੰਘ ਮੱਲ ਸਰਪੰਚ ਕਲੇਰਾਂ ਸਾਬਕਾ ਜੀਐਮ ਸਟੇਟ ਟ੍ਰਾਂਸਪੋਰਟ ਪੰਜਾਬ


ਕਮਲਜੀਤ ਬੰਗਾ ਸੀਨੀਅਰ ਅਕਾਲੀ ਆਗੂ


ਜਥੇਦਾਰ ਗੁਰਮੀਤ ਸਿੰਘ ਮੁਖੀ ਗੁਰਦੁਆਰਾ ਨਡਾਲੋਂ


ਬਾਬਾ ਲਖਵੀਰ ਸ਼ਾਹ ਜੀ ਕਾਦਰੀ ਕਟਾਰੀਆਂ


ਬਾਬਾ ਪੱਪਲ ਪ੍ਰੀਤ ਪ੍ਰਧਾਨ ਸੂਫ਼ੀਆਨਾ ਦਰਗਾਹ ਪ੍ਰਬੰਧਕ ਕਮੇਟੀ ਪੰਜਾਬ


ਸੁੱਚਾ ਰਾਮ ਖਟਕੜ ਮਾਸਟਰ ਜੀ ਪੇਂਟ ਸਟੋਰ ਮਕੰਦਪੁਰ ਰੋਡ ਪੂਨੀਆ


ਬਾਬਾ ਸਤਨਾਮ ਸਿੰਘ ਜੀ ਮਜਾਰੀ ਵਾਲੇ


ਅਜੈਬ ਸਿੰਘ ਨੰਬਰਦਾਰ ਕਲੇਰਾਂ ਸੀਨੀਅਰ ਕਾਂਗਰਸੀ ਆਗੂ


ਸੰਤ ਬਾਬਾ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਰਜਿ. ਪੰਜਾਬ


ਰਾਮ ਸਿੰਘ ਭਰੋਮਜਾਰਾ ਸਰਪੰਚ ਭਰੋਮਜਾਰਾ


ਜਗਤਾਰ ਸਿੰਘ ਛੋਕਰ ਪ੍ਰਧਾਨ ਪੰਚਾਇਤ ਯੂਨੀਅਨ ਬਲਾਕ ਬੰਗਾ, ਪੰਜਾਬ


ਕੁਲਜੀਤ ਸਿੰਘ ਸਰਹਾਲ 'ਆਪ' ਹਲਕਾ ਇੰਚਾਰਜ ਸ੍ਰੀ ਅਨੰਦਪੁਰ ਸਾਹਿਬ


ਸੁਰਜੀਤ ਸਿੰਘ ਮਾਂਗਟ ਸੀਨੀਅਰ ਅਕਾਲੀ ਆਗੂ ਸ਼੍ਰੋਮਣੀ ਅਕਾਲੀ ਦਲ ਬਾਦਲ

ਮਹਾਂ ਸ਼ਿਵਰਾਤਰੀ ਮੌਕੇ ਦੇਸ਼ ਵਾਸੀਆਂ ਨੂੰ ਲੱਖ ਲੱਖ ਵਧਾਈਆਂ
**ਰਾਮ ਸਿੰਘ ਨੂਰਪੁਰੀ**
ਸੂਬਾ ਪ੍ਰਧਾਨ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ, ਪੰਜਾਬ



**ਧੰਨਵਾਦ**
ਮੈਂ ਉਨ੍ਹਾਂ ਸਾਰੇ ਸੱਜਣਾਂ ਮਿੱਤਰਾਂ ਦਾ ਦਿਲੋਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਮੈਨੂੰ ਬੰਗਾ ਤੋਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਵਿੱਚ ਸਹਿਯੋਗ ਦਿੱਤਾ ਤੇ ਮੈਂ ਉਨ੍ਹਾਂ ਤੋਂ ਅੱਗੋ ਵੀ ਇਹੋ ਆਸ ਰੱਖਦਾ ਹਾਂ। ਮੈਂ ਇਲਾਵਾ ਨਿਵਾਸੀਆਂ ਨੂੰ ਵਿਸਵਾਸ਼ ਦਵਾਉਂਦਾ ਹੈ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ 'ਦੇਸ਼ ਸੇਵਕ' ਅਖ਼ਬਾਰ ਰਾਹੀਂ ਉਠਾਉਂਦਾ ਰਹਾਂਗਾ।
**ਰੇਸ਼ਮ ਸਿੰਘ ਕਲੇਰ**
ਪ੍ਰਤੀਨਿਧੀ ਬੰਗਾ/ਬਹਿਰਾਮ
ਫੋਨ ਨੰ : 98151-24683



ਮਹਾਂ ਸ਼ਿਵਰਾਤਰੀ ਮੌਕੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ
ਵੱਲੋਂ : ਪ੍ਰਿੰਸੀਪਲ ਬਰਜਿੰਦਰ ਕੁਮਾਰ, ਬਾਬਾ ਜਵਾਹਰ ਸਿੰਘ ਪਬਲਿਕ ਸੀਨੀ. ਸੈਕੰ. ਸਕੂਲ ਖਟਕੜ ਖੁਰਦ

ਮਹਾਂ ਸ਼ਿਵਰਾਤਰੀ ਮੌਕੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ



ਵੱਲੋਂ : ਆਰਐਮਪੀ ਡਾਕਟਰਜ਼ ਬਲਾਕ ਬੰਗਾ

Happy New Year
ਕਰਨ ਹਸਪਤਾਲ ਅਤੇ ਮੈਟਰਨਿਟੀ ਹੋਮ
ਫੋਨ ਨੰ. 98159-53831, 84274-58700
ਹੀਓਂ ਰੋਡ, ਨਜ਼ਦੀਕ ਬੱਸ ਸਟੈਂਡ, ਬੰਗਾ (ਸ਼.ਭ.ਸ ਨਗਰ)
Dr. Bakhshish Singh MS (General Surgery) | Dr. Balbir Kaur MBBS (Ex. PCMS) | Dr. Karan Bakhshish Singh M.Ch. (Plastic Surgery) | Dr. Neha Bhatia MBBS DA, IDCCM (ICU) | Dr. Yasmeen Singh MBBS, MD (Pathology)


ਮੁੱਖ ਮੰਤਰੀ ਸਿਹਤ ਬੀਮਾ ਯੋਜਨਾ
Mukh Mantri Sehat Bima Yojana

ਆਯੁਸ਼ਮਾਨ ਭਾਰਤ-ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਮੁਫ਼ਤ ਇਲਾਜ ਕੀਤਾ ਜਾਂਦਾ ਹੈ।
PM-JAY
ਦੂਰਬੀਨ ਰਾਹੀਂ ਹਰ ਤਰ੍ਹਾਂ ਦੇ ਆਪ੍ਰੇਸ਼ਨ | ਯੂਰੋਲੋਜੀ | ਗਾਇਨੀ ਅਤੇ ਜੱਚਾ-ਬੱਚਾ
1. ਦੂਰਬੀਨ ਰਾਹੀਂ ਪਿੱਤੇ ਦੀ ਪੱਥਰੀ ਦਾ ਅਪਰੇਸ਼ਨ
2. ਧੁੰਨੀ ਵਾਲੀਆਂ ਹਰਨੀਆਂ ਦਾ ਅਪਰੇਸ਼ਨ
3. ਅਪੈਂਡਕਸ ਦਾ ਅਪਰੇਸ਼ਨ
4. ਬੱਚੇ ਦੀ ਪੈਦਾਇਸ਼ ਦਾ ਵੱਡਾ ਅਪਰੇਸ਼ਨ
5. ਬੱਚੇਦਾਨੀ ਦਾ ਅਪਰੇਸ਼ਨ
6. ਲੇਜ਼ਰ ਦੁਆਰਾ ਬਵਾਸੀਰ, ਭਗੰਦਰ ਅਤੇ ਫਿਸ਼ਰ
7. ਹਰਨੀਆਂ ਅਤੇ ਹਾਈਡਰੋਸੀਲ
8. ਨਾਰਮਲ ਡਲਿਵਰੀ
9. ਦੂਰਬੀਨ ਰਾਹੀਂ ਗੁਰਦਿਆਂ ਦਾ ਅਪਰੇਸ਼ਨ
10. ਗੁਰਦੇ ਦੀ ਪੱਥਰੀ ਦਾ PCNL ਅਪਰੇਸ਼ਨ
24x7

ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ-ਕਲੇਰਾਂ
(ਸੀ.ਬੀ.ਐੱਸ.ਈ. ਬੋਰਡ ਨਵੀਂ ਦਿੱਲੀ ਤੋਂ ਮਾਨਤਾ ਪ੍ਰਾਪਤ : 1630397)
ਢਾਹਾਂ ਕਲੇਰਾਂ, ਸ਼ਹੀਦ ਭਗਤ ਸਿੰਘ ਨਗਰ, ਪੰਜਾਬ, 144505
ਸਕੂਲ ਦੀ 40ਵੀਂ ਵਰ੍ਹੇਗੰਢ ਤੇ ਫ਼ੀਸ ਵਿੱਚ ਵਿਸ਼ੇਸ਼ ਰਿਆਇਤ
40 Years' Legacy
ਦਾਖਲਾ ਸ਼ੁਰੂ
100% Results
2026-27
15 ਜਨਵਰੀ 2026 ਤੋਂ ਰਜਿਸਟ੍ਰੇਸ਼ਨ ਸ਼ੁਰੂ ਹੈ।
ਫ਼ੀਸ ਵਿੱਚ ਵਿਸ਼ੇਸ਼ ਰਿਆਇਤ
ਪ੍ਰੀ-ਨਰਸਰੀ ਵਿੱਚ
ਪਹਿਲੇ 40 ਬੱਚਿਆਂ ਦੀ ਦਾਖ਼ਲਾ ਫ਼ੀਸ ਕੇਵਲ ₹100/-
ਨਰਸਰੀ ਵਿੱਚ
ਪਹਿਲੇ 40 ਬੱਚਿਆਂ ਦੀ ਦਾਖ਼ਲਾ ਫ਼ੀਸ ਕੇਵਲ ₹100/-
ਨਰਸਰੀ ਵਿੱਚ
ਅਗਲੇ 41 ਤੋਂ 80 ਬੱਚਿਆਂ ਦੀ ਦਾਖ਼ਲਾ ਫ਼ੀਸ ਸਿਰਫ਼ 50%
ਪਹਿਲਾਂ ਦਾਖ਼ਲਾ ਕਰਵਾਓ ਅਤੇ ਮੌਕੇ ਦਾ ਲਾਭ ਉਠਾਓ।
ਸੰਪਰਕ ਨੰਬਰ 9781262680
ਢਾਹਾਂ ਕਲੇਰਾਂ ਸ਼ਹੀਦ ਭਗਤ ਸਿੰਘ ਨਗਰ

### ਅਮਰਗੜ੍ਹ ਵਿਖੇ ਵਿਲੇਜ ਡਿਫੈਂਸ ਕਮੇਟੀ ਦੀ ਹਲਕਾ ਵਿਧਾਇਕ ਤੇ ਪ੍ਰਸ਼ਾਸਨ ਨਾਲ ਮੀਟਿੰਗ

# ਬਜ਼ੁਰਗਾਂ ਨੂੰ ਤੰਗ-ਪਰੇਸ਼ਾਨ ਕਰਨ ਦੀ ਬਜਾਏ ਨੌਜਵਾਨਾਂ ਵੱਲ ਧਿਆਨ ਦੇਵੇ ਪ੍ਰਸ਼ਾਸਨ : ਵਿਧਾਇਕ ਪ੍ਰੋ. ਗੱਜਣਮਾਜਰਾ



**ਹਰਿੰਦਰ ਬਿੱਟੂ**

**ਅਮਰਗੜ੍ਹ, 14 ਫਰਵਰੀ :** ਸੂਬੇ 'ਚੋਂ ਨਸ਼ਿਆਂ ਦੇ ਕੋਹੜ ਨੂੰ ਜੜ੍ਹੋਂ ਖਤਮ ਕਰਨ ਦੇ ਮਕਸਦ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਹਲਕਾ ਅਮਰਗੜ੍ਹ 'ਚ ਬਣਾਈ ਗਈ ਵਿਲੇਜ ਡਿਫੈਂਸ ਕਮੇਟੀ ਦੀ ਮਹੱਤਵਪੂਰਨ ਮੀਟਿੰਗ ਤਹਿਸੀਲ ਕੰਪਲੈਕਸ ਅਮਰਗੜ੍ਹ ਵਿਖੇ ਹੋਈ। ਇਸ ਮੀਟਿੰਗ 'ਚ ਹਲਕਾ ਵਿਧਾਇਕ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ, ਐਸਡੀਐਮ ਅਮਰਗੜ੍ਹ ਮੈਡਮ ਸੁਰਿੰਦਰ ਕੌਰ ਤੇ ਡੀਐਸਪੀ ਅਮਰਗੜ੍ਹ ਸੰਜੀਵ ਕਪੂਰ ਸਮੇਤ ਵੱਖ-ਵੱਖ ਪਿੰਡਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਮੀਟਿੰਗ ਦੌਰਾਨ ਪਿੰਡਾਂ 'ਚ ਸੁਰੱਖਿਆ ਪ੍ਰਣਾਲੀ ਨੂੰ ਹੋਰ ਮਜਬੂਤ ਕਰਨ, ਨਸ਼ਿਆਂ ਅਤੇ ਅਪਰਾਧਿਕ ਗਤੀਵਿਧੀਆਂ ਤੇ ਨਕੇਲ ਕੱਸਣ ਅਤੇ ਲੋਕਾਂ ਦੀ ਭਾਗੀਦਾਰੀ ਵਧਾਉਣ ਤੇ ਡੂੰਘੀ ਚਰਚਾ ਕੀਤੀ ਗਈ। ਵਿਧਾਇਕ ਨੇ ਕਿਹਾ ਕਿ ਵਿਲੇਜ ਡਿਫੈਂਸ ਕਮੇਟੀਆਂ ਰਾਹੀਂ ਲੋਕਾਂ ਨੂੰ ਸੁਰੱਖਿਆ ਪ੍ਰਣਾਲੀ ਨਾਲ ਜੋੜ ਕੇ ਪਿੰਡਾਂ ਵਿਚ ਸੁਰੱਖਿਅਤ ਮਾਹੌਲ ਬਣਾਇਆ ਜਾ ਰਿਹਾ ਹੈ। ਵਿਧਾਇਕ ਨੇ ਪੁਲਿਸ ਨੂੰ ਨਿਰਦੇਸ ਦਿੱਤੇ ਕਿ ਨਸ਼ਿਆਂ ਵਿਰੁੱਧ ਛੇੜੀ ਗਈ ਮੁਹਿੰਮ ਨੂੰ ਲੈ ਕੇ ਵਿਭਾਗ ਨੌਜਵਾਨਾਂ ਵੱਲ ਵੱਧ ਫੋਕਸ ਕਰੇ, ਨਾ ਕਿ ਬਜ਼ੁਰਗਾਂ ਨੂੰ ਤੰਗ-ਪਰੇਸ਼ਾਨ ਕਰਕੇ ਕਾਰਵਾਈ ਦੀਆਂ ਗਿਣਤੀਆਂ ਪੂਰੀਆਂ ਕਰਨ ਤੇ ਧਿਆਨ ਦੇਵੇ। ਮੀਟਿੰਗ ਦੌਰਾਨ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਤੇ ਬਲਾਕ ਕੋਆਰਡੀਨੇਟਰ ਗੁਰਪ੍ਰੀਤ ਸਿੰਘ ਨੇ ਡੀ.ਐਸ.ਪੀ ਅਮਰਗੜ੍ਹ ਨੂੰ ਹਲਕੇ ਦੇ ਹੀ ਸਰਕਾਰੀ ਸਕੂਲ ਬਾਰੇ ਜਾਣਕਾਰੀ ਦਿੰਦਿਆ ਦਾਅਵਾ ਕੀਤਾ ਕਿ ਸਕੂਲੀ ਬੱਚਿਆਂ 'ਚ ਵੀ ਨਸ਼ਿਆਂ ਦਾ ਰੁਝਾਨ ਲਗਾਤਾਰ ਵੱਧ ਰਿਹਾ ਹੈ ਜਿਸਨੂੰ ਠੱਲ ਪਾਉਣ ਦੀ ਲੋੜ ਹੈ। ਡੀਐਸਪੀ ਅਮਰਗੜ੍ਹ ਸੰਜੀਵ ਕਪੂਰ ਨੇ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਹੀ ਅਪਰਾਧਾਂ ਤੇ ਕਾਬੂ ਪਾਇਆ ਜਾ ਸਕਦਾ ਹੈ। ਉਨ੍ਹਾਂ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਕੋਈ ਵੀ ਸੰਦੇਹਜਨਕ ਗਤੀਵਿਧੀ ਬਾਰੇ ਪਤਾ ਲਗਦਾ ਹਾ ਤਾਂ ਉਸਦੀ ਸੂਚਨਾ ਤੁਰੰਤ ਪੁਲਿਸ ਨੂੰ ਦਿੱਤੀ ਜਾਵੇ। ਸਕੂਲੀ ਬੱਚਿਆਂ 'ਚ ਨਸ਼ਿਆਂ ਦੇ ਰੁਝਾਨ ਨੂੰ ਨਕਾਰਦਿਆਂ ਡੀ.ਐਸ.ਪੀ ਅਮਰਗੜ੍ਹ ਨੇ ਆਖਿਆ ਕਿ ਅਮਰਗੜ੍ਹ ਪੁਲਿਸ ਨੂੰ ਹਾਲੇ ਤਕ ਕਿਸੇ ਤਰ੍ਹਾਂ ਦੀ ਕੋਈ ਸ਼ਿਕਾਇਤ ਪ੍ਰਾਪਤ ਨਹੀਂ ਹੋਈ ਪਰ ਉਸਦੇ ਬਾਵਜੂਦ ਵੀ ਅਸੀਂ ਸਕੂਲਾਂ 'ਚ ਜਾਕੇ ਬੱਚਿਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਜ਼ਰੂਰ ਜਾਗਰੂਕ ਕਰਾਂਗੇ। ਇਸ ਮੀਟਿੰਗ ਵਿਚ ਵਿਧਾਇਕ ਦੇ ਨਿੱਜੀ ਸਕੱਤਰ ਰਾਜੀਵ ਕੁਮਾਰ ਤੋਗਾਹੇੜੀ,ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਇੰਚਾਰਜ ਨਿਸਾਰ ਅਹਿਮਦ ਛੰਨਾ, ਹਲਕਾ ਕੋਆਰਡੀਨੇਟਰ ਗੁਰਪ੍ਰੀਤ ਸਿੰਘ ਬਿੱਟੂ ਬਨਭੌਰਾ, ਰਾਜ ਸਿੰਘ ਸਰਵਰਪੁਰ, ਚਮਕੌਰ ਸਿੰਘ ਗੁਆਰਾ, ਜਤਿੰਦਰ ਬਨਭੌਰਾ, ਸਾਧੂ ਸਿੰਘ ਫੌਜੀ ਛੋਕਰਾਂ, ਵਿਸਾਖੀ ਸਿੰਘ ਬਿਜੋਕੀ ਤੇ ਰਜਿੰਦਰ ਸਿੰਘ ਹੈਪੀ ਸਮੇਤ ਹੋਰ ਆਗੂ ਹਾਜਰ ਸਨ।

## ਸਬ-ਇੰਸਪੈਕਟਰ ਗਣੇਸ਼ਵਰ ਕੁਮਾਰ ਨੂੰ ਸਦਮਾ, ਮਾਤਾ ਦਾ ਦੇਹਾਂਤ

**ਬਲਜਿੰਦਰ ਸਿੰਘ ਚੌਹਾਨ**

**ਝੁਨੀਰ 14 ਫਰਵਰੀ :** ਥਾਣਾ ਝਨੀਰ, ਸਰਦੂਲਗੜ੍ਹ, ਜੌੜਕੀਆਂ ਵਿਖੇ ਥਾਣਾ ਮੁਖੀ ਤੌਰ 'ਤੇ ਆਪਣੀਆਂ ਸੇਵਾਵਾਂ ਨਿਭਾ ਚੁੱਕੇ ਸਬ ਇੰਸਪੈਕਟਰ ਗਣੇਸ਼ਵਰ ਕੁਮਾਰ ਨੂੰ ਪਿਛਲੇ ਦਿਨੀ ਗਹਿਰਾ ਸਦਮਾ ਲੱਗਿਆ ਜਦੋਂ ਉਨਾਂ ਦੇ ਮਾਤਾ ਜੀ ਸ੍ਰੀਮਤੀ ਪਰਮਜੀਤ ਕੌਰ ਅੱਠ ਫਰਵਰੀ ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਇਸ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਏ।



ਜਿੰਨ੍ਹਾ ਨਮਿਤ ਰੱਖੇ ਸ੍ਰੀ ਗਰੜ੍ਹ ਪ੍ਰਾਣ ਪਾਠਾਂ ਦੇ ਭੋਗ 19 ਫਰਵਰੀ ਨੂੰ ਮਾਤਾ ਵੈਸ਼ਨੋ ਦੇਵੀ ਮੰਦਰ ਪਟੇਲ ਨਗਰ ਬਠਿੰਡਾ ਵਿਖੇ ਪੈਣਗੇ। ਇਸ ਮੌਕੇ ਸਕੇ ਸਬੰਧੀਆਂ, ਰਿਸ਼ਤੇਦਾਰਾਂ, ਦੋਸਤਾਂ ਮਿੱਤਰਾਂ, ਵੱਖ ਵੱਖ ਅਧਿਕਾਰੀਆਂ ਤੋਂ ਇਲਾਵਾ ਰਾਜਨੀਤਿਕ, ਧਾਰਮਿਕ, ਸਮਾਜਿਕ ਸਖਸੀਅਤਾਂ ਵੱਲੋਂ ਸਬ-ਇੰਸਪੈਕਟਰ ਗਣੇਸਵਰ ਕੁਮਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

# ਪਿੰਡ ਦੀ ਸਰਪੰਚੀ ਜਿੱਤਣ ਦੇ ਯੋਗ ਨਾ ਰਹੇ ਨੇਤਾ ਐਮਐਲਏ ਟਿਕਟ ਦੇ ਦਾਅਵੇਦਾਰ, ਜ਼ਮੀਨੀ ਵਰਕਰਾਂ 'ਚ ਨਾਰਾਜ਼ਗੀ

**ਵਿੱਕੀ ਬਾਂਸਲ**

**ਬਾਘਾ ਪੁਰਾਣਾ, 14 ਫਰਵਰੀ :** ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਵਿੱਚ ਇਨ੍ਹਾਂ ਦਿਨੀਂ ਕਾਂਗਰਸ ਪਾਰਟੀ ਦੇ ਕਈ ਆਗੂਆਂ ਵੱਲੋਂ ਆਪਣੇ ਆਪ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਐਮਐਲਏ ਟਿਕਟ ਦਾ ਦਾਅਵੇਦਾਰ ਦੱਸਿਆ ਜਾ ਰਿਹਾ ਹੈ, ਜਿਸ ਨੂੰ ਲੈ ਕੇ ਪਾਰਟੀ ਅੰਦਰ ਖਾਸੀ ਚਰਚਾ ਅਤੇ ਅਸੰਤੋਸ ਦਾ ਮਾਹੌਲ ਬਣਿਆ ਹੋਇਆ ਹੈ। ਪਾਰਟੀ ਦੇ ਜ਼ਮੀਨੀ ਵਰਕਰਾਂ ਦਾ ਕਹਿਣਾ ਹੈ ਕਿ ਜਿਹੜੇ ਨੇਤਾ ਆਪਣੇ ਪਿੰਡ ਦੀ ਸਰਪੰਚੀ ਤੱਕ ਨਹੀਂ ਜਿੱਤ ਸਕੇ, ਉਹ ਅੱਜ ਸਿੱਧੇ ਤੌਰ 'ਤੇ ਐਮਐਲਏ ਬਣਨ ਦੇ ਸੁਪਨੇ ਦੇਖ ਰਹੇ ਹਨ, ਜੋ ਕਾਂਗਰਸ ਪਾਰਟੀ ਲਈ ਭਵਿੱਖ ਵਿੱਚ ਨੁਕਸਾਨਦਾਇਕ ਸਾਬਤ ਹੋ ਸਕਦਾ ਹੈ। ਸੂਤਰਾਂ ਮੁਤਾਬਕ, ਹਲਕੇ ਵਿੱਚ ਕੁਝ ਅਜਿਹੇ ਆਗੂ ਹਨ ਜੋ ਲੰਮੇ ਸਮੇਂ ਤੋਂ ਪਾਰਟੀ ਵਿੱਚ ਤਾਂ ਸਰਗਰਮ ਦਿਖਾਈ ਦੇ ਰਹੇ ਹਨ, ਪਰ ਜ਼ਮੀਨੀ ਪੱਧਰ 'ਤੇ ਉਨ੍ਹਾਂ ਦੀ ਪਕੜ ਕਾਫੀ ਕਮਜ਼ੋਰ ਹੈ। ਇਨ੍ਹਾਂ ਆਗੂਆਂ ਨੇ ਨਾ ਤਾਂ ਕਦੇ ਕੋਈ ਵੱਡੀ ਚੋਣ ਜਿੱਤੀ ਹੈ ਅਤੇ ਨਾ ਹੀ ਲੋਕਾਂ ਵਿੱਚ ਉਨ੍ਹਾਂ ਦੀ ਢੰਗ ਦੀ ਪਹਿਚਾਣ ਹੈ। ਇਸ ਦੇ ਬਾਵਜੂਦ, ਉਹ ਟਿਕਟ ਲਈ ਲਾਬੀ ਕਰ ਰਹੇ ਹਨ, ਜਿਸ ਕਾਰਨ ਪਾਰਟੀ ਦੇ ਸਮਰਪਿਤ ਵਰਕਰ ਆਪਣੇ ਆਪ ਨੂੰ ਅਣਡਿੱਠਾ ਮਹਿਸੂਸ ਕਰ ਰਹੇ ਹਨ। ਪਾਰਟੀ ਦੇ ਕੁਝ ਸੀਨੀਅਰ ਵਰਕਰਾਂ ਦਾ ਕਹਿਣਾ ਹੈ ਕਿ ਜੇਕਰ ਟਿਕਟ ਵੰਡ ਸਮੇਂ ਸਿਰਫ ਸਿਫਾਰਸ਼ਾਂ ਜਾਂ ਨਿੱਜੀ ਨੇੜਤਾ ਦੇ ਆਧਾਰ 'ਤੇ ਫੈਸਲੇ ਕੀਤੇ ਗਏ, ਤਾਂ 2027 ਦੀਆਂ ਚੋਣਾਂ ਵਿੱਚ ਕਾਂਗਰਸ ਨੂੰ ਭਾਰੀ ਨੁਕਸਾਨ ਝੱਲਣਾ ਪੈ ਸਕਦਾ ਹੈ। ਉਨ੍ਹਾਂ ਦਾ ਮਤਲਬ ਹੈ ਕਿ ਟਿਕਟ ਉਸੇ ਵਿਅਕਤੀ ਨੂੰ ਮਿਲਣੀ ਚਾਹੀਦੀ ਹੈ ਜੋ ਲੋਕਾਂ ਵਿੱਚ ਭਰੋਸਾ, ਸਵੀਕਾਰਤਾ ਅਤੇ ਜਿੱਤਣ ਦੀ ਸਮਰੱਥਾ ਰੱਖਦਾ ਹੋਵੇ। ਹਲਕੇ ਦੇ ਕਈ ਪਿੰਡਾਂ ਵਿੱਚ ਵਰਕਰਾਂ ਵੱਲੋਂ ਇਹ ਗੱਲ ਵੀ ਉੱਠਾਈ ਜਾ ਰਹੀ ਹੈ ਕਿ ਕੁਝ ਆਗੂ ਚੋਣਾਂ ਦੇ ਸਮੇਂ ਹੀ ਨਜ਼ਰ ਆਉਂਦੇ ਹਨ, ਜਦਕਿ ਮੁਸ਼ਕਲ ਵੇਲੇ ਪਾਰਟੀ ਨਾਲ ਖੜ੍ਹੇ ਰਹਿਣ ਵਾਲੇ ਵਰਕਰ ਹਮੇਸ਼ਾਂ ਪਿੱਛੇ ਧੱਕੇ ਜਾਂਦੇ ਹਨ। ਇਸ ਕਾਰਨ ਵਰਕਰਾਂ ਦਾ ਮਨੋਬਲ ਡਿੱਗ ਰਿਹਾ ਹੈ, ਜੋ ਕੀ ਪਾਰਟੀ ਲਈ ਚਿੰਤਾ ਦਾ ਵਿਸ਼ਾ ਹੈ। ਵਰਕਰਾਂ ਦੀ ਮੰਗ ਹੈ ਕਿ ਪਾਰਟੀ ਹਾਈਕਮਾਂਡ ਹਲਕੇ ਦੀ ਹਕੀਕਤ ਨੂੰ ਸਮਝਦੇ ਹੋਏ ਜ਼ਮੀਨੀ ਸਰਵੇ ਕਰਵਾਏ ਅਤੇ ਉਸ ਤੋਂ ਬਾਅਦ ਹੀ ਉਮੀਦਵਾਰ ਦੀ ਚੋਣ ਕੀਤੀ ਜਾਵੇ। ਉਨ੍ਹਾਂ ਦਾ ਕਹਿਣਾ ਹੈ ਕਿ ਸਿਰਫ ਨਾਂ-ਮਾਤਰ ਦੇ ਆਗੂਆਂ ਨੂੰ ਅੱਗੇ ਕਰਨਾ ਕਾਂਗਰਸ ਲਈ ਘਾਤਕ ਸਾਬਤ ਹੋਵੇਗਾ। ਕੁੱਲ ਮਿਲਾ ਕੇ, ਬਾਘਾ ਪੁਰਾਣਾ ਹਲਕੇ ਵਿੱਚ ਕਾਂਗਰਸ ਪਾਰਟੀ ਦੇ ਅੰਦਰ ਉਭਰ ਰਹੀ ਇਹ ਅੰਦਰੂਨੀ ਅਸਹਿਮਤੀ ਜੇਕਰ ਸਮੇਂ ਸਿਰ ਦੂਰ ਨਾ ਕੀਤੀ ਗਈ, ਤਾਂ 2027 ਦੀਆਂ ਚੋਣਾਂ ਵਿੱਚ ਪਾਰਟੀ ਨੂੰ ਵੱਡਾ ਖਾਮਿਆਜ਼ਾ ਭੁਗਤਣਾ ਪੈ ਸਕਦਾ ਹੈ। ਪਾਰਟੀ ਲਈ ਇਹ ਸਮਾਂ ਸੋਚ-ਵਿਚਾਰ ਅਤੇ ਸਹੀ ਫੈਸਲੇ ਕਰਨ ਦਾ ਹੈ, ਤਾਂ ਜੋ ਵਰਕਰਾਂ ਦਾ ਭਰੋਸਾ ਬਣਿਆ ਰਹੇ ਅਤੇ ਕਾਂਗਰਸ ਮੁੜ ਮਜ਼ਬੂਤ ਹੋ ਸਕੇ।

## ਸੱਚਖੰਡ ਵਾਸੀ ਸੰਤ ਬਾਬਾ ਹੀਰਾ ਸਿੰਘ ਜੀ ਦੀ ਸਾਲਾਨਾ ਬਰਸੀ ਮਨਾਈ



**ਅਸ਼ੋਕ ਕੁਮਾਰ**

**ਭਦੌੜ, 14 ਫਰਵਰੀ :** ਸੱਚ ਖੰਡ ਵਾਸੀ ਸੰਤ ਬਾਬਾ ਹੀਰਾ ਸਿੰਘ ਜੀ ਦੀ ਸਲਾਨਾ ਬਰਸੀ ਨੂੰ ਸਮਰਪਿਤ ਗੁਰਦੁਆਰਾ ਪਾਤਸਾਹੀ ਛੇਵੀਂ ਸਹਿਣਾ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਤਿੰਨ ਰੋਜਾ ਧਾਰਮਿਕ ਸਮਾਗਮ ਕਰਵਾਇਆ ਗਿਆ। ਸੱਚ ਖੰਡ ਵਾਸੀ ਸੰਤ ਬਾਬਾ ਹੀਰਾ ਸਿੰਘ ਜੀ ਦੇ ਪਰਿਵਾਰਕ ਮੈਂਬਰ ਹਰੀ ਸਿੰਘ ਗਗੜਾ ਯੂਕੇ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਲਾਨਾ ਬਰਸੀ ਨੂੰ ਸਮਰਪਿਤ 25 ਸਿੰਘਾਂ ਦੀ ਗੁਰੂ ਮਰਿਆਦਾ ਅਨੁਸਾਰ ਗੁਰਦੁਆਰਾ ਪਾਤਸਾਹੀ ਛੇਵੀਂ ਸਹਿਣਾ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਸਨ, ਜਿਨ੍ਹਾਂ ਦੇ ਭੋਗ ਪਾਏ ਗਏ। ਉਸ ਉਪਰੰਤ ਗੁਰਦੁਆਰਾ ਪਾਤਸਾਹੀ ਛੇਵੀਂ ਸਹਿਣਾ ਦੇ ਹੈੱਡ ਗ੍ਰੰਥੀ ਭਾਈ ਨਿਰਮਲ ਸਿੰਘ ਖਾਲਸਾ ਵੱਲੋਂ ਅਰਦਾਸ ਬੇਨਤੀ ਕੀਤੀ ਗਈ ਅਤੇ ਸੱਚ ਖੰਡ ਵਾਸੀ ਸੰਤ ਬਾਬਾ ਹੀਰਾ ਸਿੰਘ ਜੀ ਦੇ ਜੀਵਨ ਤੇ ਚਾਨਣਾ ਪਾਇਆ, ਗੁਰਦੁਆਰਾ ਪਾਤਸਾਹੀ ਛੇਵੀਂ ਸਹਿਣਾ ਦੇ ਮੁੱਖ ਸੇਵਾਦਾਰ ਬਾਬਾ ਨਰਿੰਦਰ ਸਿੰਘ ਖਾਲਸਾ, ਪ੍ਰਧਾਨ ਹਰਜੀਤ ਸਿੰਘ ਖਹਿਰਾ, ਮਾਂ ਬਲਦੇਵ ਸਿੰਘ ਆਦਿ ਵੱਲੋਂ 25 ਸਿੰਘਾਂ ਦਾ ਸਿਰੋਪਾਉ ਪਾ ਕੇ ਸਨਮਾਨ ਕੀਤਾ ਗਿਆ।

ਇਸ ਮੌਕੇ ਹਰਪਾਲ ਸਿੰਘ ਖਜਾਨਚੀ, ਗੁਰਮੇਲ ਸਿੰਘ ਝੱਲੀ, ਸੁਖਵਿੰਦਰ ਸਿੰਘ ਧਾਲੀਵਾਲ ਸਾਬਕਾ ਪੰਚਾਇਤ ਮੈਂਬਰ, ਨਾਹਰ ਸਿੰਘ ਢੀਂਡਸਾ, ਜਗ ਸਿੰਘ ਮੌੜ, ਅਵਤਾਰ ਸਿੰਘ, ਦਰਸਨ ਸਿੰਘ ਗਿੱਲ, ਜਸਵੰਤ ਸਿੰਘ ਸਰਾਂ, ਯੋਧਾ ਸਿੰਘ, ਡਾ ਰਘਬੀਰ ਸਿੰਘ ਸਰੰਦੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਹਾਜਰ, ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

## ਪੁਲਵਾਮਾ ਹਮਲੇ ਦੇ ਸ਼ਹੀਦਾਂ ਦੀ ਯਾਦ 'ਚ ਬਲੈਕ ਡੇ ਮਨਾਇਆ



ਫੋਟੋ : ਰਤਨ ਸ਼ਰਮਾ

**ਅਮਨ ਮਹਿਤਾ**

**ਬੁਢਲਾਡਾ, 14 ਫਰਵਰੀ :** ਜੀਆਈਐਮਟੀ ਕਾਲਜ ਬੁਢਲਾਡਾ ਵਿੱਚ 14 ਫਰਵਰੀ ਨੂੰ ਪੁਲਵਾਮਾ ਹਮਲਾ ਦੇ ਸਹੀਦਾਂ ਦੀ ਯਾਦ ਵਿੱਚ ਬਲੈਕ ਡੇ ਮਨਾਇਆ ਗਿਆ। ਇਸ ਮੌਕੇ ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ ਨੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਦੇਸ ਲਈ ਆਪਣੀ ਜਾਨ ਨਿਓਛਾਵਰ ਕਰਨ ਵਾਲੇ ਵੀਰ ਜਵਾਨਾਂ ਨੂੰ ਸਰਧਾਂਜਲੀ ਭੇਟ ਕੀਤੀ। ਕਾਰਜਕ੍ਰਮ ਦੌਰਾਨ ਵਿਦਿਆਰਥੀਆਂ ਵੱਲੋਂ ਦੇਸਭਕਤੀ ਭਰੇ ਭਾਸਣ ਅਤੇ ਕਵਿਤਾਵਾਂ ਪੇਸ ਕੀਤੀਆਂ ਗਈਆਂ ਤੇ ਕੈਂਡਲ ਮਾਰਚ ਕਰਕੇ ਸਹੀਦਾਂ ਨੂੰ ਨਮਨ ਕੀਤਾ ਗਿਆ। ਇਸ ਮੌਕੇ ਕਾਲਜ ਦੇ ਚੇਅਰਮੈਨ ਡਾ. ਨਵੀਨ ਸਿੰਗਲਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੁਲਵਾਮਾ ਹਮਲਾ ਦੇਸ਼ ਦੇ ਇਤਿਹਾਸ ਦੀ ਦੁਖਦਾਈ ਘਟਨਾ ਹੈ ਤੇ ਸਾਨੂੰ ਹਮੇਸਾ ਆਪਣੇ ਸੁਰੱਖਿਆ ਬਲਾਂ ਦੀ ਕੁਰਬਾਨੀ ਨੂੰ ਯਾਦ ਰੱਖਣਾ ਚਾਹੀਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਦੇਸ ਪ੍ਰਤੀ ਸਚੇਤ ਅਤੇ ਜ਼ਿੰਮੇਵਾਰ ਨਾਗਰਿਕ ਬਣਨ ਦੀ ਪ੍ਰੇਰਣਾ ਦਿੱਤੀ। ਕਾਲਜ ਦੀ ਪ੍ਰਿੰਸੀਪਲ ਡਾ. ਰੇਖਾ ਨੇ ਵੀ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਦੇਸ ਦੀ ਏਕਤਾ, ਅਖੰਡਤਾ ਅਤੇ ਸਾਂਤੀ ਲਈ ਹਮੇਸਾ ਤਿਆਰ ਰਹਿਣਾ ਚਾਹੀਦਾ ਹੈ। ਕਾਰਜਕ੍ਰਮ ਦੇ ਅੰਤ ਵਿੱਚ ਰਾਸਟਰੀ ਗਾਨ ਨਾਲ ਸਹੀਦਾਂ ਨੂੰ ਸਲਾਮੀ ਦਿੱਤੀ ਗਈ।

# ਸਮਾਜ ਤੇ ਧਰਮ ਦੀ ਸੇਵਾ ਲਈ ਲਾਲਚ ਮੁਕਤ ਜੀਵਨ ਜਿਊਣਾ ਚਾਹੀਦਾ : ਗੋਪਾਲ ਕ੍ਰਿਸ਼ਨ ਸ਼ਾਸਤਰੀ

**ਮਨਦੀਪ ਸਿੰਗਲਾ ਭੀਖੀ**

**ਭੀਖੀ, 14 ਫਰਵਰੀ :** ਸਥਾਨਕ ਸ਼ਿਵ ਮੰਦਿਰ ਵਿਖੇ ਮਹਾਸ਼ਿਵਰਾਤਰੀ ਉਤਸਵ ਦੇ ਸਬੰਧ 'ਚ ਚੱਲ ਰਹੀ ਸਪਤਾਹਿਕ ਸ੍ਰੀ ਮਦਭਾਗਵਤ ਕਥਾ ਦੌਰਾਨ ਅੱਜ ਸਮਾਜ ਸੇਵੀ ਸੁਨੀਲ ਕੁਮਾਰ ਨੀਟਾ ਦੇ ਪਰਿਵਾਰ ਵਲੋਂ ਜਯੋਤੀ ਪ੍ਰਚੰਡ ਕਰਕੇ ਕਥਾ ਦਾ ਸ਼ੁਭ ਆਰੰਭ ਕਰਵਾਇਆ।



ਕਥਾ ਪ੍ਰਵਚਨ ਕਰਦਿਆਂ ਪੰਡਿਤ ਗੋਪਾਲ ਕ੍ਰਿਸ਼ਨ ਸ਼ਾਸਤਰੀ ਨੇ ਕਿਹਾ ਕਿ ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਯੁਗਾਂ ਯੁੱਗ ਤੋਂ ਸਮੇਂ ਸਮੇਂ ਸਿਰ ਪ੍ਰਭੂ ਆਪ ਕਿਸੇ ਨਾ ਕਿਸੇ ਰੂਪ ਵਿੱਚ ਆ ਕੇ ਜਿਥੇ ਕੁਰਹਿਤਾਂ ਦਾ ਖਾਤਮਾ ਕਰਦੇ ਹਨ ਉਥੇ ਮਨੁੱਖ ਨੂੰ ਸ਼ਾਂਤੀ ਭਰਪੂਰ ਅਤੇ ਮਨੁੱਖਤਾ ਦੀ ਭਲਾਈ ਵਾਲਾ ਜੀਵਨ ਜਿਉਣ ਦੀ ਜਾਂਚ ਵੀ ਸਿਖਾਉਂਦੇ ਹਨ। ਉਨਾਂ ਕਿਹਾ ਕਿ ਬੇਸ਼ੱਕ ਅਜੋਕੇ ਦੌਰ ਵਿੱਚ ਧਰਮ ਦਾ ਪ੍ਰਚਾਰ ਪਸਾਰ ਸਿਖਰ 'ਤੇ ਹੈ ਪ੍ਰੰਤੂ ਫਿਰ ਵੀ ਅੱਜ ਅਨੇਕਾਂ ਬੁਰਾਈਆਂ ਸਮਾਜ ਨੂੰ ਦਲਦਲ ਵੱਲ਼ ਧੱਕ ਰਹੀਆਂ ਹਨ। ਉਨਾਂ ਕਿਹਾ ਕਿ ਸਮਾਜ ਅਤੇ ਧਰਮ ਦੀ ਸੇਵਾ ਲਈ ਸਾਨੂੰ ਲਾਲਚ ਮੁਕਤ ਜੀਵਨ ਜਿਊਣਾ ਚਾਹੀਦਾ ਹੈ ਅਤੇ ਲੋੜਵੰਦਾਂ ਅਤੇ ਦੀਨ ਦੁਖੀਆਂ ਦੀ ਭਲਾਈ ਲਈ ਤਤਪਰ ਰਹਿਣਾ ਚਾਹੀਦਾ ਹੈ।

ਇਸ ਮੌਕੇ ਅਸ਼ੋਕ ਕੁਮਾਰ ਬੱਗਾ, ਵਰਿੰਦਰ ਜਿੰਦਲ, ਸੁਭਾਸ਼ ਜਿੰਦਲ ਭਾਸ਼ੀ, ਚਿੰਕੂ ਸਿੰਗਲਾ, ਵਿਪਨ ਕੁਮਾਰ ਗੰਢੀ, ਭੋਲਾ ਮੱਲ ਮਿੱਤਲ, ਸੰਦੀਪ ਜਿੰਦਲ, ਪ੍ਰੇਮ ਮਿੱਤਲ ਰੂਬੀ, ਸੁਖਦੇਵ ਮਹੰਤ, ਹਰਮੇਸ਼ ਮਿੱਤਲ, ਨਿਤਿਨ ਰਿੰਕਾ, ਸੋਨੂੰ ਪੰਡਿਤ ਵੀ ਹਾਜਰ ਸਨ।

## ਮੀਰਾ ਪਬਲਿਕ ਸਕੂਲ 'ਚ ਦਾਦਾ-ਦਾਦੀ ਦਿਵਸ ਖ਼ੁਸੀ ਨਾਲ ਮਨਾਇਆ



**ਧਰਮ ਚੰਦ ਸਿੰਗਲਾ**

**ਸਰਦੂਲਗੜ੍ਹ, 14 ਫਰਵਰੀ :** ਸਿਰਸਾ-ਮਾਨਸਾ ਰੋਡ ਸਥਿਤ ਮੀਰਾ ਪਬਲਿਕ ਸਕੂਲ ਸਰਦੂਲੇਵਾਲਾ ਵਿੱਚ ਬੀਤੇ ਦਿਨ ਦਾਦਾ-ਦਾਦੀ ਦਿਵਸ ਬੜੀ ਰੌਣਕ ਅਤੇ ਉਤਸਾਹ ਨਾਲ ਮਨਾਇਆ ਗਿਆ। ਇਸ ਸਮਾਗਮ ਦਾ ਸੁਭ ਆਰੰਭ ਪਿੰਡ ਦੇ ਸਰਪੰਚ ਹਰਮੇਲ ਸਿੰਘ ਵੱਲੋਂ ਵਿਦਿਆਰਥੀਆਂ ਦੇ ਦਾਦਾ-ਦਾਦੀਆਂ ਦੀ ਹਾਜ਼ਰੀ 'ਚ ਕੀਤਾ ਗਿਆ। ਸਕੂਲ ਪ੍ਰਬੰਧਕਾਂ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਨਿੱਘਾ ਸਵਾਗਤ ਕਰਦੇ ਹੋਏ ਵਧਾਈ ਦਿੱਤੀ। ਸਕੂਲ ਦੇ ਪ੍ਰਿੰਸੀਪਲ ਡਾ. ਰਾਮ ਕ੍ਰਿਸਨ ਯਾਦਵ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਸ ਦਿਵਸ ਦਾ ਮਕਸਦ ਬੱਚਿਆਂ ਨੂੰ ਆਪਣੇ ਵੱਡਿਆਂ ਦੇ ਤਜਰਬੇ, ਅਸੀਸਾਂ ਅਤੇ ਸੰਸਕਾਰਾਂ ਨਾਲ ਜੋੜਨਾ ਹੈ। ਇਸ ਮੌਕੇ ਸਕੂਲ ਦੇ ਪ੍ਰਬੰਧਕ ਵਿਜੇ ਕੁਮਾਰ ਲਹਿਰੀ, ਮਹੇਸ ਗਰਗ, ਰਜਿੰਦਰ ਗਰਗ ਤੇ ਨਰੇਸ ਕੁਮਾਰ ਲਹਿਰੀ ਨੇ ਬੱਚਿਆਂ ਨੂੰ ਆਪਣੇ ਦਾਦਾ-ਦਾਦੀ ਦਾ ਆਦਰ-ਸਤਿਕਾਰ ਕਰਨ ਅਤੇ ਉਨ੍ਹਾਂ ਤੋਂ ਜੀਵਨ ਦੇ ਕੀਮਤੀ ਸਬਕ ਸਿੱਖਣ ਲਈ ਪ੍ਰੇਰਿਤ ਕੀਤਾ। ਪ੍ਰਬੰਧਕ ਕਮੇਟੀ ਮੈਂਬਰ ਸਤੀਸ ਕੁਮਾਰ ਲਹਿਰੀ ਨੇ ਅੰਤਰ-ਪੀੜ੍ਹੀ ਰਿਸਤਿਆਂ ਦੀ ਮਹੱਤਤਾ ਬਾਰੇ ਚਰਚਾ ਕਰਦਿਆਂ ਕਿਹਾ ਕਿ ਵੱਡਿਆਂ ਦਾ ਅਨੁਭਵ ਤੇ ਮਾਰਗ ਦਰਸ਼ਨ ਸਾਡੀ ਜ਼ਿੰਦਗੀ ਲਈ ਰਾਹ ਦਿਖਾਉਂਦਾ ਦੀਵਾ ਹੈ। ਇਸ ਮੌਕੇ ਬੱਚਿਆਂ ਵੱਲੋਂ ਗੀਤ, ਨਾਚ, ਨਾਟਕ ਅਤੇ ਹੋਰ ਰੰਗਾਰੰਗ ਪ੍ਰਸਤੁਤੀਆਂ ਪੇਸ ਕੀਤੀਆਂ ਗਈਆਂ, ਜਿਨ੍ਹਾਂ ਨੇ ਸਮਾਗਮ ਨੂੰ ਯਾਦਗਾਰ ਬਣਾ ਦਿੱਤਾ।

ਮੀਰਾ ਕਾਲਜ ਆਫ ਐਜੂਕੇਸਨ ਦੇ ਪ੍ਰਿੰਸੀਪਲ ਡਾ. ਰਾਕੇਸ ਕੁਮਾਰ ਨੇ ਕਿਹਾ ਕਿ ਪੁਰਾਣੀ ਕਹਾਵਤ "ਮੂਲ ਨਾਲੋਂ ਵਿਆਜ ਪਿਆਰਾ" ਅੱਜ ਵੀ ਸੱਚ ਸਾਬਤ ਹੁੰਦੀ ਹੈ, ਕਿਉਂਕਿ ਦਾਦਾ-ਦਾਦੀਆਂ ਨੂੰ ਆਪਣੇ ਪੋਤੇ-ਪੋਤਰੀਆਂ ਨਾਲ ਵਿਸ਼ੇਸ ਪਿਆਰ ਹੁੰਦਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਪਰਿਵਾਰਕ ਮੂਲਿਆਂ ਨੂੰ ਮਜਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਅੰਤ 'ਚ ਸਕੂਲ ਪ੍ਰਬੰਧਕਾਂ ਨੇ ਬੱਚਿਆਂ ਦੀ ਮਿਹਨਤ, ਤਿਆਰ ਕੀਤੇ ਮੰਚ ਸਜਾਵਟ ਤੇ ਸਮੂਹ ਅਧਿਆਪਕ ਵਰਗ ਦੀ ਭੂਮਿਕਾ ਦੀ ਭਰਪੂਰ ਸਰਾਹਨਾ ਕੀਤੀ। ਸਮਾਗਮ ਨੇ ਸਾਰੇ ਹਾਜਰੀਨਾਂ ਦੇ ਦਿਲਾਂ ਵਿੱਚ ਵੱਡਿਆਂ ਪ੍ਰਤੀ ਸਤਿਕਾਰ ਅਤੇ ਪਿਆਰ ਦੀ ਭਾਵਨਾ ਨੂੰ ਹੋਰ ਮਜਬੂਤ ਕੀਤਾ।

## ਮੰਡ ਅਲੂਵਾਲ ਵਿਖੇ ਸਰਬੱਤ ਦੇ ਭਲੇ ਲਈ ਅਖੰਡ ਪਾਠ ਆਰੰਭ



**ਮਲਕੀਤ ਕੌਰ**

**ਸੁਲਤਾਨਪੁਰ ਲੋਧੀ, 14 ਫਰਵਰੀ :** ਪਿੰਡ ਮੰਡ ਅੱਲੂਵਾਲ ਦੀ ਸਮੂਹ ਸੰਗਤ ਵੱਲੋਂ ਸਰਬੱਤ ਦੇ ਭਲੇ ਵਾਸਤੇ ਰਖਵਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਕਲ ਅੱਜ 15 ਫਰਵਰੀ 2026 ਦਿਨ ਐਤਵਾਰ ਨੂੰ ਪਾਏ ਜਾਣਗੇ। ਇਹ ਜਾਣਕਾਰੀ ਦਿੰਦੇ ਹੋਏ ਨੰਬਰਦਾਰ ਸਾਹਿਬ ਸਿੰਘ ਭੁੱਲਰ ਨੇ ਦੱਸਿਆ ਕਿ ਨਗਰ ਨਿਵਾਸੀ ਸਮੁੱਚੀ ਸੰਗਤ ਵੱਲੋਂ ਨਗਰ ਦੀ ਸੁੱਖ ਸਾਂਤੀ ਅਤੇ ਸਰਬੱਤ ਦੇ ਭਲੇ ਲਈ ਕੱਲ ਤੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕਰਵਾਏ ਗਏ ਸਨ ਜਿਨਾਂ ਦੇ ਭੋਗ ਅੱਜ 10 ਵਜੇ ਪੈਣਗੇ ਉਪਰੰਤ ਧਾਰਮਿਕ ਸਮਾਗਮ ਸਜਾਇਆ ਜਾਵੇਗਾ ਜਿਸ ਵਿੱਚ ਕੀਰਤਨੀ ਜਥੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਉਨ੍ਹਾਂ ਦੱਸਿਆ ਕਿ ਚੱਲ ਰਹੇ ਸਮਾਗਮ ਮੌਕੇ ਸਮੁੱਚੀਆਂ ਸੰਗਤਾਂ ਦਿਨ ਰਾਤ ਨਿਸਕਾਮ ਸੇਵਾ ਕਰਕੇ ਲਾਹਾ ਪ੍ਰਾਪਤ ਕਰ ਰਹੀਆਂ ਹਨ।

ਇਸ ਮੌਕੇ ਮਲਕੀਤ ਸਿੰਘ ਕੌੜਾ, ਕਲਵਿੰਦਰ ਸਿੰਘ, ਜਥੇਦਾਰ ਬਲਵੀਰ ਸਿੰਘ, ਹਰਵਿੰਦਰ ਸਿੰਘ, ਬਲਜਿੰਦਰ ਸਿੰਘ ਭੁੱਲਰ, ਸੰਤੋਖ ਸਿੰਘ, ਬਲਕਾਰ ਸਿੰਘ, ਸ਼ੀ ਸਤਪਾਲ ਜੀ, ਬਲਵਿੰਦਰ ਕੌਰ, ਸੰਦੀਪ ਕੌਰ, ਰਾਜਵਿੰਦਰ ਕੌਰ ਮੰਜੂ, ਮਨਦੀਪ ਕੌਰ, ਕਮਲਜੀਤ ਕੌਰ, ਬਲਵੀਰ ਕੌਰ, ਮਨਪ੍ਰੀਤ ਕੌਰ, ਪਿਆਰ ਕੌਰ, ਕੁਲਵਿੰਦਰ ਕੌਰ ਅਤੇ ਲਖਵਿੰਦਰ ਸਿੰਘ ਆਦਿ ਹਾਜ਼ਰ ਸਨ।

## ਮਹਾਂ ਸ਼ਿਵਰਾਤਰੀ ਮੌਕੇ ਵਿਸ਼ਾਲ ਸ਼ੋਭਾ ਯਾਤਰਾ ਕੱਢੀ

**ਕਿਰਪਾਲ ਸਿੰਘ ਸੰਧੇ**

**ਸੁਨਾਮ/ਊਧਮ ਸਿੰਘ ਵਾਲਾ, 14 ਫਰਵਰੀ :** ਬੀਤੇ ਦਿਨੀਂ ਸ਼ਹਿਰ ਸੁਨਾਮ ਊਧਮ ਸਿੰਘ ਵਾਲਾ ਵਿਖੇ ਸ਼੍ਰੀ ਸੀਤਾਸਰ ਮੰਦਿਰ ਵੱਲੋਂ ਮਹਾਂਸ਼ਿਵਰਾਤਰੀ ਦੇ ਪਾਵਨ ਉਤਸਵ ਨੂੰ ਸਮਰਪਿਤ ਕੱਢੀ ਗਈ ਵਿਸ਼ਾਲ ਸ਼ੋਭਾ ਯਾਤਰਾ ਵਿੱਚ ਭਾਜਪਾ ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਨੇ ਹਾਜ਼ਰੀ ਭਰੀ। ਇਸ ਮੌਕੇ ਭਾਜਪਾ ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਨੇ ਕਿਹਾ ਕਿ ਮਹਾਂਸ਼ਿਵਰਾਤਰੀ ਸਿਰਫ਼ ਧਾਰਮਿਕ ਆਸਥਾ ਦਾ ਤਿਉਹਾਰ ਹੀ ਨਹੀਂ, ਸਗੋਂ ਸੱਚਾਈ, ਸਹਿਣਸ਼ੀਲਤਾ ਅਤੇ ਆਤਮਿਕ ਸ਼ਕਤੀ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਸਮਾਜ ਵਿੱਚ ਭਾਈਚਾਰੇ, ਏਕਤਾ ਅਤੇ ਸਾਂਝੇ ਸੰਸਕਾਰਾਂ ਨੂੰ ਮਜ਼ਬੂਤ ਕਰਦੇ ਹਨ। ਉਨ੍ਹਾਂ ਸਭ ਭਗਤਾਂ ਨੂੰ ਮਹਾਂਸ਼ਿਵਰਾਤਰੀ ਦੀਆਂ ਹਾਰਦਿਕ ਵਧਾਈਆਂ ਦਿੰਦਿਆਂ ਕਿਹਾ ਕਿ ਸਾਨੂੰ ਆਪਣੇ ਜੀਵਨ 'ਚ ਭਗਵਾਨ ਸ਼ਿਵ ਦੇ ਆਦਰਸ਼ਾਂ ਨੂੰ ਅਪਨਾਉਣਾ ਚਾਹੀਦਾ ਹੈ। ਇਸ ਮੌਕੇ ਸ਼ੋਭਾ ਯਾਤਰਾ ਵਿੱਚ ਸ਼ਾਮਿਲ ਹੋਣ 'ਤੇ ਭਾਜਪਾ ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਦਾ ਸਮੂਹ ਮੰਦਰ ਕਮੇਟੀ ਵੱਲੋਂ ਸਨਮਾਨ ਵੀ ਕੀਤਾ ਗਿਆ। ਇਸ ਸ਼ੋਭਾ ਯਾਤਰਾ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਤੇ ਭਗਤਜਨ ਮੌਜੂਦ ਰਹੇ। ਇਸ ਮੌਕੇ ਵਿਕਰਮ ਗਰਗ ਵਿੱਕੀ, ਘਣਸ਼ਾਮ ਕਾਂਸਲ, ਸੰਜੇ ਗੋਇਲ ਖਡਿਆਲੀਆਂ, ਅਸ਼ੋਕ ਗੋਇਲ, ਰਜਿੰਦਰ ਕੁਮਾਰ ਗਰਗ, ਅਸ਼ੋਕ ਕਾਂਸਲ ਆਦਿ ਵੀ ਹਾਜ਼ਰ ਸਨ।



## ਮਾਤਾ ਗੁਜਰੀ ਜੀ ਭਲਾਈ ਕੇਂਦਰ ਵੱਲੋਂ ਬੂਟਿਆਂ ਦਾ ਲੰਗਰ ਲਾਇਆ


ਫੋਟੋ : ਰਤਨ ਸ਼ਰਮਾ

**ਅਮਨ ਮਹਿਤਾ**

**ਬੁਢਲਾਡਾ, 14 ਫਰਵਰੀ :** ਫੱਗਣ ਮਹੀਨੇ ਦਾ ਸੁਹਾਵਣਾ ਮੌਸਮ ਸੁਰੂ ਹੁੰਦੇ ਹੀ ਸਥਾਨਕ ਸਮਾਜ ਸੇਵੀ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਵਲੋਂ ਰਿਟਾਇਰ ਪਟਵਾਰੀ ਬਲਵਿੰਦਰ ਸਿੰਘ ਜੀ ਦੇ ਸਹਿਯੋਗ ਨਾਲ ਪਿੰਡ ਹਾਕਮ ਵਾਲਾ ਵਿਖੇ ਇੱਕ ਵਿਸੇਸ ਸਮਾਗਮ ਦੌਰਾਨ ਪੌਦਿਆਂ ਦਾ ਲਗਾਏ ਲੰਗਰ ਦੌਰਾਨ ਲਗਭਗ 300 ਪੌਦੇ ਵੰਡੇ ਗਏ। ਇਸਦੇ ਨਾਲ ਹੀ ਸੰਸਥਾ ਅਤੇ ਗੁਰਦੁਆਰਾ ਕਮੇਟੀ ਮੈਂਬਰਾਂ ਵਲੋਂ ਗੁਰਦੁਆਰਾ ਸਾਹਿਬ ਦੇ ਖੁੱਲ੍ਹੇ ਮੈਦਾਨ ਵਿੱਚ ਵੀ ਰੁੱਖਾਂ ਦੇ ਪੌਦੇ ਲਗਾਏ ਗਏ। ਇਸ ਤੋਂ ਪਹਿਲਾਂ ਸਮਾਗਮ ਦੌਰਾਨ ਸੰਬੋਧਨ ਕਰਦੇ ਹੋਏ ਮਾਸਟਰ ਕੁਲਵੰਤ ਸਿੰਘ ਅਤੇ ਬਲਵਿੰਦਰ ਸਿੰਘ ਪਟਵਾਰੀ ਨੇ ਸੰਗਤਾਂ ਨੂੰ ਨਾਮ ਜਪਣ, ਸੁਭ ਕਾਰਜ ਕਰਨ ਅਤੇ ਵਾਤਾਵਰਣ ਸੁਰੱਖਿਆ ਲਈ ਪੌਦੇ ਲਗਾਉਣ ਦੀ ਪ੍ਰੇਰਨਾ ਦਿੱਤੀ। ਪਟਵਾਰੀ ਬਲਵਿੰਦਰ ਸਿੰਘ ਨੇ 11 ਹਜਾਰ ਰੁਪਏ ਸੰਸਥਾ ਨੂੰ ਦੇਣ ਦਾ ਐਲਾਨ ਕੀਤਾ। ਪਿੰਡ ਦੀ ਪੰਚਾਇਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਸੰਸਥਾ ਦੇ ਇਸ ਕਾਰਜ ਲਈ ਧੰਨਵਾਦ ਕੀਤਾ ਅਤੇ ਸੰਸਥਾ ਵਲੋਂ 8 ਮਾਰਚ ਨੂੰ ਕੀਤੇ ਜਾ ਰਹੇ ਵਿਆਹ ਮਹਾਂ ਉਤਸਵ ਮੌਕੇ ਵੱਧ ਤੋਂ ਵੱਧ ਮਦਦ ਕਰਨ ਦਾ ਵਾਅਦਾ ਕੀਤਾ। ਇਸ ਮੌਕੇ ਸੰਸਥਾ ਮੈਂਬਰ ਮਾਸਟਰ ਕੁਲਵੰਤ ਸਿੰਘ, ਪਰਮਜੀਤ ਸਿੰਘ ਅਨੇਜਾ, ਅਮਰਜੀਤ ਸਿੰਘ ਕੈਂਥ, ਮਹਿੰਦਰਪਾਲ ਸਿੰਘ, ਪਿੰਡ ਦੇ ਗੁਰਦੁਆਰਾ ਕਮੇਟੀ ਪ੍ਰਧਾਨ ਜਗਤਾਰ ਸਿੰਘ, ਪਟਵਾਰੀ ਬਲਵਿੰਦਰ ਸਿੰਘ, ਸਰਪੰਚ ਸੁਖਵਿੰਦਰ ਸਿੰਘ, ਸਾਬਕਾ ਸਰਪੰਚ ਪਲਵਿੰਦਰ ਸਿੰਘ, ਸਾਬਕਾ ਪੰਚ ਸੁਖਵਿੰਦਰ ਸਿੰਘ ਭੋਲਾ, ਜਗਵੀਰ ਸਿੰਘ ਮਾਨ, ਕੁਲਦੀਪ ਸਿੰਘ ਮਾਨ, ਸਾਬਕਾ ਪੰਚ ਸੁਰਜੀਤ ਸਿੰਘ, ਰਾਜਵਿੰਦਰ ਸਿੰਘ, ਦਵਿੰਦਰ ਸਿੰਘ, ਡਾਕਟਰ ਸੁਖਪਾਲ ਸਿੰਘ, ਮਨਿੰਦਰਜੀਤ ਸਿੰਘ ਸਮੇਤ ਅਨੇਕਾਂ ਸੰਗਤਾਂ ਮੌਜੂਦ ਸਨ।

## ਪਿੰਡ ਮਾਖਾ 'ਚ ਸ੍ਰੀ ਗੁਰੂ ਰਵਿਦਾਸ ਜੀ ਦਾ 649ਵਾਂ ਪ੍ਰਕਾਸ਼ ਪੁਰਬ ਧੂਮਧਾਮ ਨਾਲ ਮਨਾਇਆ ਜਾਵੇਗਾ

**ਗੁਰਜੀਤ ਸ਼ੀਂਹ**

**ਮਾਨਸਾ, 14 ਫਰਵਰੀ :** ਸ੍ਰੀ ਗੁਰੂ ਰਵਿਦਾਸ ਜੀ ਦੇ 649ਵੇਂ ਜਨਮ ਦਿਹਾੜੇ ਦੇ ਪਵਿੱਤਰ ਮੌਕੇ 'ਤੇ ਸਤਿਗੁਰੂ ਰਵਿਦਾਸ ਜੀ ਵੈਲਫੇਅਰ ਸੁਸਾਇਟੀ ਮਾਖਾ ਵੱਲੋਂ ਵਿਸਾਲ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਸਮਾਗਮ 15 ਅਤੇ 16 ਫਰਵਰੀ 2026 ਨੂੰ ਗੁਰੂ ਰਵਿਦਾਸ ਭਵਨ, ਅਨੰਦ ਮੰਡੀ, ਪਿੰਡ ਮਾਖਾ (ਮਾਨਸਾ) ਵਿਖੇ ਮਨਾਇਆ ਜਾਵੇਗਾ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਮੇਟੀ ਦੇ ਮੁੱਖ ਸੇਵਾਦਾਰ ਗੁਰਦੀਪ ਸਿੰਘ ਮਾਖਾ ਨੇ ਦੱਸਿਆ ਕਿ 15 ਫਰਵਰੀ 2026 ਦਿਨ ਐਤਵਾਰ ਨੂੰ ਸਵੇਰੇ 9 ਵਜੇ ਪਾਠ ਪ੍ਰਕਾਸ ਕੀਤਾ ਜਾਵੇਗਾ ਅਤੇ 16 ਫਰਵਰੀ 2026 ਦਿਨ ਸੋਮਵਾਰ ਨੂੰ ਅਖੰਡ ਪਾਠ ਦਾ ਭੋਗ ਸਵੇਰੇ 10 ਵਜੇ ਪਾਇਆ ਜਾਵੇਗਾ। ਇਸ ਮੌਕੇ ਧਾਰਮਿਕ ਕੀਰਤਨ ਤੇ ਗੁਰਬਾਣੀ ਦੇ ਸੁਰੀਲੇ ਪ੍ਰਸਤੁਤੀਕਰਨ ਲਈ ਪ੍ਰਸਿੱਧ ਰਾਗੀ ਜਥੇ ਸ੍ਰੀ ਮਾਨ ਕਰਮ ਚੰਦ ਜੀ, ਤਪਸਵੀ ਬਾਬਾ ਪੀਪਲ ਦਾਸ ਜੀ ਦੇ ਗੁਰਮੁਖ ਸਿਸਿਆ, ਗਿੱਲ ਪੱਟੀ, ਬਠਿੰਡਾ ਆਦਿ ਹਾਜਰ ਹੋਣਗੇ। ਇਸ ਸਮਾਗਮ ਵਿੱਚ ਅਖਿਲ ਭਾਰਤੀਅ ਰਵਿਦਾਸੀਆ ਧਰਮ ਸੰਘਠਨ, ਪੰਜਾਬ ਦੀ ਵਿਸੇਸ ਹਾਜਰੀ ਰਹੇਗੀ। ਭੋਗ ਉਪਰੰਤ ਸੰਗਤਾਂ ਲਈ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਇਸ ਮੌਕੇ ਸਮਿਤੀ ਮੈਂਬਰਾਂ 'ਚੋ ਪ੍ਰਧਾਨ ਲਾਲ ਚੰਦ ਲੋਣੇ, ਸਰਪ੍ਰਸਤ ਜਰਨੈਲ ਸਿੰਘ ਦਰਮਾਹੀ, ਸਹਿਯੋਗੀ ਪੰਜਾਬ ਨਰਮਲ ਸਕੱਤਰ ਤੇ ਹੋਰ ਸੇਵਾਦਾਰ ਆਦਿ ਹਾਜਰ ਹੋਣਗੇ। ਸੰਗਤ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਹਾਜਰੀ ਭਰ ਕੇ ਗੁਰੂ ਘਰ ਦੀਆਂ ਬਖ਼ਸ਼ਿਸ਼ਾਂ ਪ੍ਰਾਪਤ ਕਰਨ।

# ਏਜੀਸੀ 'ਚ ਹੈਲਥਕੇਅਰ ਤੇ ਫਾਰਮਾਸਿਊਟਿਕਲ ਇੰਡਸਟਰੀ ਮੈਗਾ ਜਾਬ ਫੇਅਰ ਦਾ ਸ.ਫਲ ਆਯੋਜਨ

**ਅਨਿਲ ਕੁਮਾਰ**

**ਜੰਡਿਆਲਾ ਗੁਰੂ, 14 ਫਰਵਰੀ :** ਅੰਮ੍ਰਿਤਸਰ ਗਰੁੱਪ ਆਫ ਕਾਲਜਿਜ (ਏਜੀਸੀ) ਵੱਲੋਂ 13 ਫਰਵਰੀ ਨੂੰ ਕੈਂਪਸ 'ਚ ਹੈਲਥਕੇਅਰ ਅਤੇ ਫਾਰਮਾਸਿਊਟਿਕਲ ਇੰਡਸਟਰੀ ਮੇਗਾ ਜਾਬ ਫੇਅਰ ਦਾ ਸਫਲ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ 'ਚ ਵਿਦਿਆਰਥੀਆਂ ਅਤੇ ਹੈਲਥਕੇਅਰ ਅਤੇ ਫਾਰਮਾਸਿਊਟਿਕਲ ਖੇਤਰ ਦੀਆਂ ਪ੍ਰਸਿੱਧ ਸੰਸਥਾਵਾਂ ਨੇ ਉਤਸਾਹ ਨਾਲ ਭਾਗ ਲਿਆ। ਇਸ ਜਾਬ ਫੇਅਰ ਰਾਹੀਂ ਡਿਪਲੋਮਾ ਇਨ ਫਾਰਮੇਸੀ, ਬੈਚਲਰ ਆਫ ਫਾਰਮੇਸੀ, ਮਾਸਟਰ ਆਫ ਫਾਰਮੇਸੀ, ਮੈਡੀਕਲ ਲੈਬ ਟੈਕਨੋਲੋਜੀ, ਰੇਡੀਓਲੋਜੀ ਅਤੇ ਇਮੇਜਿੰਗ ਟੈਕਨੋਲੋਜੀ, ਓਪਰੇਸਨ ਥੀਏਟਰ ਟੈਕਨੋਲੋਜੀ, ਨਿਊਟ੍ਰਿਸਨ ਐਂਡ ਡਾਇਟੇਟਿਕਸ ਅਤੇ ਰਸਾਇਣ ਵਿਗਿਆਨ (ਬੈਚ 2024, 2025 ਅਤੇ 2026) ਦੇ 300 ਤੋਂ ਵੱਧ ਵਿਦਿਆਰਥੀਆਂ ਨੂੰ ਕਰੀਅਰ ਦੇ ਮੌਕੇ ਪ੍ਰਦਾਨ ਕੀਤੇ ਗਏ।



ਇਸ ਮੌਕੇ 14 ਅਗੇਤੀ ਫਾਰਮਾਸਿਊਟਿਕਲ ਕੰਪਨੀਆਂ, ਹਸਪਤਾਲਾਂ ਅਤੇ ਹੈਲਥਕੇਅਰ ਸੰਸਥਾਵਾਂ ਨੇ ਭਾਗ ਲਿਆ। ਖੇਤਰ ਦੇ 25 ਤੋਂ ਵੱਧ ਸਿੱਖਿਆ ਸੰਸਥਾਵਾਂ ਦੀ ਭਾਗੀਦਾਰੀ ਨੇ ਇਸ ਪ੍ਰੋਗਰਾਮ ਨੂੰ ਇੱਕ ਮਹੱਤਵਪੂਰਨ ਅਕਾਦਮਿਕ ਤੇ ਪੇਸਾਵਰ ਇਕੱਠ ਬਣਾਇਆ। ਚੇਅਰਮੈਨ ਐਡਵੋਕੇਟ ਅਮਿਤ ਸਰਮਾ ਨੇ ਆਯੋਜਕ ਟੀਮ ਨੂੰ ਵਧਾਈ ਦਿੰਦਿਆਂ ਸਿੱਖਿਆ ਤੇ ਉਦਯੋਗ ਦਰਮਿਆਨ ਮਜਬੂਤ ਸਾਂਝ ਦੀ ਲੋੜ ਉੱਤੇ ਜੋਰ ਦਿੱਤਾ। ਮੈਨੇਜਿੰਗ ਡਾਇਰੈਕਟਰ ਡਾ. ਰਜਨੀਸ ਅਰੋੜਾ ਨੇ ਕਿਹਾ ਕਿ ਅਜਿਹੇ ਉਪਰਾਲੇ ਵਿਦਿਆਰਥੀਆਂ ਦੀ ਰੋਜਗਾਰ ਯੋਗਤਾ ਨੂੰ ਮਜਬੂਤ ਕਰਦੇ ਹਨ। ਪ੍ਰਿੰਸੀਪਲ ਡਾ. ਗੌਰਵ ਤੇਜਪਾਲ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਪਹਿਲਕਦਮੀਆਂ ਵਿਦਿਆਰਥੀਆਂ ਦੇ ਪੇਸਾਵਰ ਆਤਮਵਿਸਵਾਸ ਨੂੰ ਮਜਬੂਤ ਕਰਦੀਆਂ ਹਨ। ਇਹ ਪ੍ਰੋਗਰਾਮ ਏਜੀਸੀ ਦੀ ਕੌਸਲ ਵਿਕਾਸ, ਉਦਯੋਗਿਕ ਸਹਿਯੋਗ ਅਤੇ ਕਰੀਅਰ ਕੇਂਦ੍ਰਿਤ ਸਿੱਖਿਆ ਪ੍ਰਤੀ ਵਚਨਬੱਧਤਾ ਨੂੰ ਦੁਹਰਾਉਂਦਾ ਹੈ।

# ਵਾਰਡ ਨੰ. 2 ਤੋਂ ਪਰਮਜੀਤ ਸਿੰਘ ਭਿੰਦੀ ਵੱਲੋਂ ਸ਼ਕਤੀ ਪ੍ਰਦਰਸ਼ਨ

**ਪੁਸ਼ਪਿੰਦਰ ਅੱਤਰੀ**

**ਧੂਰੀ, 14 ਫਰਵਰੀ :** ਆਗਾਮੀ ਨਗਰ ਕੌਂਸਲ ਚੋਣਾਂ ਦੇ ਮੱਦੇ ਨਜਰ ਧੂਰੀ ਦੇ ਸਿਆਸੀ ਮੈਦਾਨ 'ਚ ਸਰਗਰਮੀਆਂ ਤੇਜ ਹੋ ਗਈਆਂ ਹਨ। ਵਾਰਡ ਨੰਬਰ 2 ਤੋਂ ਯੂਥ ਆਗੂ ਪਰਮਜੀਤ ਸਿੰਘ ਭਿੰਦੀ ਨੇ ਅੱਜ ਸਥਾਨਕ ਇੱਕ ਰੈਸਟੋਰੈਂਟ 'ਚ ਭਾਰੀ ਇਕੱਠ ਕਰਕੇ ਆਪਣਾ ਸਕਤੀ ਪ੍ਰਦਰਸਨ ਕੀਤਾ।

### ਨਗਰ ਕੌਂਸਲ ਚੋਣਾਂ ਲਈ ਠੋਕੀ ਦਾਵੇਦਾਰੀ



ਇਸ ਮੌਕੇ ਉਨਾਂ ਨੇ ਨੌਜਵਾਨਾਂ ਦੀ ਵੱਡੀ ਗਿਣਤੀ ਦੀ ਮੌਜੂਦਗੀ ਵਿੱਚ ਆਮ ਆਦਮੀ ਪਾਰਟੀ ਕੋਲੋਂ ਆਪਣੀ ਦਾਵੇਦਾਰੀ ਪੇਸ ਕੀਤੀ ਸਮਾਗਮ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੇ ਓਐਸਡੀ ਸੁਖਬੀਰ ਸਿੰਘ ਬਲਾਚੋਰ ਤੋਂ ਵਿਧਾਇਕਾ ਸੰਤੋਸ ਕਟਾਰੀਆ ਪਾਰਟੀ ਦੇ ਸੂਬਾਈ ਸੀਨੀਅਰ ਆਗੂ ਸਤਿੰਦਰ ਸਿੰਘ ਚੱਠਾ ਅਤੇ ਵਕਫ ਬੋਰਡ ਪੰਜਾਬ ਦੇ ਮੈਂਬਰ ਡਾਕਟਰ ਅਨਵਰ ਭਸੌੜ ਨੇ ਵਿਸੇਸ ਤੌਰ 'ਤੇ ਸ਼ਿਰਕਤ ਕੀਤੀ।

ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਦੇ ਓਐਸਡੀ ਸੁਖਬੀਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਆਪਣੇ ਮਿਹਨਤ ਹੀ ਅਤੇ ਵਫਾਦਾਰ ਵਰਕਰਾਂ ਦਾ ਪੂਰਾ ਸਤਿਕਾਰ ਕਰਦੀ ਹੈ। ਉਨਾਂ ਜਾਣਕਾਰੀ ਦਿੱਤੀ ਕਿ ਮੁੱਖ ਮੰਤਰੀ ਦੇ ਦਿਸਾ ਨਿਰਦੇਸਾਂ ਹੇਠ ਧੂਰੀ ਦੇ ਸਰਬ ਪੱਖੀ ਵਿਕਾਸ ਲਈ ਕਰੋੜਾਂ ਰੁਪਏ ਖਰਚੇ ਜਾ ਰਹੇ ਹਨ ਉਹਨਾਂ ਜੋਰ ਦੇ ਕੇ ਕਿਹਾ ਕਿ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਉਨ੍ਹਾਂ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਹਿਰ ਦੀ ਤਰੱਕੀ ਲਈ ਸਰਕਾਰ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲਣ।

ਇਸ ਮੌਕੇ ਹਲਕਾ ਬਲਾਚੌਰ ਤੋਂ ਵਿਧਾਇਕਾ ਬੀਬੀ ਸੰਤੋਸ ਕਟਾਰੀਆ ਨੇ ਭਾਵੁਕ ਹੁੰਦਿਆਂ ਕਿਹਾ ਕਿ ਧੂਰੀ ਉਹਨਾਂ ਦਾ ਪੇਕਾ ਘਰ ਹੈ ਅਤੇ ਇਥੋਂ ਦੇ ਲੋਕਾਂ ਵੱਲੋਂ ਮਿਲੇ ਅਥਾ ਪਿਆਰ ਦੀ ਉਹ ਹਮੇਸਾ ਰਿਣੀ ਰਹਿਣਗੇ ਸਮਾਗਮ ਦੇ ਅਖੀਰ ਵਿੱਚ ਪਰਮਜੀਤ ਸਿੰਘ ਭਿੰਦੀ ਨੇ ਆਏ ਹੋਏ ਸਾਰੇ ਮਹਿਮਾਨਾਂ ਪਾਰਟੀ ਆਗੂਆਂ ਤੇ ਮਹੱਲਾ ਨਿਵਾਸੀਆਂ ਦਾ ਧੰਨਵਾਦ ਕਰਦੇ ਹਾਂ ਵਾਰਡ ਦੀ ਬਿਹਤਰੀ ਲਈ ਕੰਮ ਕਰਨ ਦਾ ਵਿਸਵਾਸ ਦਿਵਾਇਆ। ਇਸ ਮੌਕੇ ਜ਼ਿਲ੍ਹਾ ਪਰਿਸਦ ਮੈਂਬਰ ਹਰਜਿੰਦਰ ਸਿੰਘ ਕਾਂਜਲਾ ਹਾਜਰ ਸਨ।

# ਕਾਮਰਸ ਓਲੰਪਿਆਡ 'ਚ ਡੀਏਵੀ ਦੇ ਵਿਦਿਆਰਥੀਆਂ ਨੇ ਜਿੱਤੇ ਸੋਨ ਤਮਗੇ

**ਰੋਮੀ ਕਪੂਰ, ਸੁਰਿੰਦਰ ਦਮਦਮੀ**

**ਕੋਟਕਪੂਰਾ, 14 ਫਰਵਰੀ :** ਡੀਏਵੀ ਪਬਲਿਕ ਸਕੂਲ ਕੋਟਕਪੂਰਾ ਦੇ ਵਿਦਿਆਰਥੀਆਂ ਨੇ ਨਵੰਬਰ 2025 ਨੂੰ ਇੰਟਰਨੈਸਨਲ ਓਲੰਪਿਆਡ ਫਾਊਂਡੇਸਨ ਵੱਲੋਂ ਕਰਵਾਏ ਕਾਮਰਸ ਓਲੰਪਿਆਡ ਵਿੱਚ ਵੱਧ-ਚੜ੍ਹ ਕੇ ਭਾਗ ਲਿਆ। ਇਸ ਓਲੰਪਿਆਡ ਵਿੱਚ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਸਾਨਦਾਰ ਪ੍ਰਦਰਸਨ ਕਰਦਿਆਂ ਹੋਇਆਂ 8 ਗੋਲਡ, 13 ਸਿਲਵਰ, 12 ਕਾਂਸੇ ਦੇ ਮੈਡਲ ਹਾਸਲ ਕੀਤੇ। ਵਿਦਿਆਰਥੀਆਂ ਨੇ ਕੁੱਲ 33 ਮੈਡਲ ਹਾਸਲ ਕੀਤੇ। ਸਕੂਲ ਦੀ ਵਿਦਿਆਰਥਣ ਭਾਵਿਆ ਗੋਇਲ, ਦਿਸਤੀ ਗੋਇਲ, ਦਿਵਾਂਸੂ ਸਿੰਗਲਾ, ਗੁਰਵਿੰਦਰ ਸਿੰਘ, ਟੀਆ, ਪ੍ਰਾਚੀ ਗਰਗ, ਪ੍ਰਿਆ ਅਤੇ ਯਤੀ ਨੇ ਗੋਲਡ ਮੈਡਲ ਹਾਸਲ ਕਰਕੇ ਉੱਤਮਤਾ ਲਈ ਇੱਕ ਮਾਪਦੰਡ ਸਥਾਪਤ ਕੀਤਾ। ਸਕੂਲ ਦੀ ਸਫਲਤਾ 'ਚ ਵਾਧਾ ਕਰਦੇ ਹੋਏ, ਵਿਦਿਆਰਥਣ ਖੁਸਮੀਨ ਕੌਰ, ਅਭਿਸ਼ੇਕ ਕੁਮਾਰ, ਅਨੁਸਕਾ ਰਾਣਾ, ਭਾਗੀਤਾ, ਭਾਵਿਕਾ, ਗੁਰਪ੍ਰੀਤ ਕੌਰ, ਹਿਤੇਨ ਗੁਪਤਾ, ਜਸਪ੍ਰੀਤ ਕੌਰ, ਲਕਸੇ ਨਾਰੰਗ, ਨਿਸਠਾ ਜੈਨ, ਰਿਪਨਦੀਪ ਕੌਰ, ਸਤੁਤੀ ਅਤੇ ਸੁਖਮਨਜੀਤ ਕੌਰ ਨੇ ਸਿਲਵਰ ਮੈਡਲ ਪ੍ਰਾਪਤ ਕੀਤੇ, ਜਦੋਂ ਕਿ ਵਿਦਿਆਰਥੀ ਅਕਸ਼ਿਤ ਗੋਇਲ, ਅਕਸ਼ਿਤ ਸੋਨੀ, ਅੰਤਰਾ, ਕਰਮਨਜੋਤ ਕੌਰ, ਕਸ਼ਿਸ਼ ਕਟਾਰੀਆ, ਮੌਲਿਕ ਗੋਇਲ, ਸਗੁਨ, ਹਰਮਨਪ੍ਰੀਤ ਕੌਰ, ਮੁਸਕਾਨ ਕੌਰ ਮਾਨ, ਰਸਮੀਤ ਕੌਰ, ਸਚਿਨ ਗਰਗ ਤੇ ਯਸ਼ਿਕਾ ਨੇ ਤਾਂਬੇ ਦੇ ਮੈਡਲ ਪ੍ਰਾਪਤ ਕਰਕੇ ਸਕੂਲ ਤੇ ਮਾਪਿਆਂ ਦਾ ਨਾਂ ਰੌਸਨ ਕੀਤਾ।



ਫੋਟੋ : ਵਿੱਕੀ ਬਾਲੀਵੁੱਡ

ਪ੍ਰਿੰਸੀਪਲ ਡਾ. ਰਾਜਵੀਰ ਸਿੰਘ ਕੰਗ ਨੇ ਆਪਣੀ ਖੁਸੀ ਸਾਂਝੀ ਕਰਦਿਆਂ ਹੋਇਆ ਕਿਹਾ ਕਿ ਕਾਮਰਸ ਵਿਸੇ ਵਿੱਚ ਬੱਚਿਆਂ ਦੀ ਵੱਧਦੀ ਰੁਚੀ ਉਨ੍ਹਾਂ ਦੀ ਮੰਜਲ ਦੇ ਰਸਤੇ ਖੋਲ੍ਹਦੀ ਹੈ। ਇਸ ਪ੍ਰਕਾਰ ਦੀਆਂ ਗਤੀਵਿਧੀਆਂ ਨਾਲ ਵਿਦਿਆਰਥੀਆਂ ਅੰਦਰ ਕਿਰਿਆਤਮਕਤਾ ਆਉਂਦੀ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਤਮਵਿਸਵਾਸ ਤੇ ਦ੍ਰਿੜਤਾ ਨਾਲ ਉੱਚ ਟੀਚਿਆਂ ਲਈ ਯਤਨਸੀਲ ਰਹਿਣ ਲਈ ਉਤਸਾਹਿਤ ਕੀਤਾ। ਉਨ੍ਹਾਂ ਕਾਮਰਸ ਵਿਭਾਗ ਦੇ ਅਧਿਆਪਕ ਮੈਡਮ ਸ਼ਿਲਪੀ ਗਰਗ, ਯੋਗੇਸ ਛਾਬੜਾ ਅਤੇ ਦਿਨੇਸ ਗਰਗ ਨੂੰ ਵਿਦਿਆਰਥੀਆਂ ਦੀ ਇਸ ਪ੍ਰਾਪਤੀ ਤੇ ਵਧਾਈ ਦਿੱਤੀ। ਸਵੇਰ ਦੀ ਸਭਾ ਵਿੱਚ ਪ੍ਰਿੰਸੀਪਲ ਸਾਹਿਬ ਨੇ ਜੇਤੂ ਵਿਦਿਆਰਥੀਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਛੇਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀ ਹਾਜਰ ਸਨ। ਸਕੂਲ ਦੇ ਡਾਇਰੈਕਟਰ ਸ੍ਰੀ ਵੀ.ਕੇ ਚੋਪੜਾ, ਚੇਅਰਮੈਨ ਸ੍ਰੀ ਅਜੈ ਗੋਸੁਵਾਮੀ, ਮੈਨੇਜਰ ਮੈਡਮ ਡਾ: ਸਤਵੰਤ ਕੌਰ ਭੁੱਲਰ ਅਤੇ ਲੋਕਲ ਕਮੇਟੀ ਮੈਂਬਰਾਂ ਨੇ ਵਿਦਿਆਰਥੀਆਂ ਨੂੰ ਓਲੰਪਿਆਡ 'ਚ ਮੈਡਲ ਜਿੱਤਣ ਵਧਾਈ ਦਿੰਦਿਆਂ ਹੋਇਆਂ ਉਜਵਲ ਭਵਿੱਖ ਲਈ ਸੁਭਕਾਮਨਾਵਾਂ ਦਿੱਤੀਆਂ।

# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੱਲੋਂ ਦਿੱਲੀ 'ਚ ਵੱਖ-ਵੱਖ ਕੰਪਨੀਆਂ ਦੇ ਪ੍ਰਤੀਨਿਧੀਆਂ ਨਾਲ ਮੁਲਾਕਾਤ



**ਦਸਨਸ**

**ਚੰਡੀਗੜ੍ਹ/14 ਫਰਵਰੀ :** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਰਾਜ ਸਰਕਾਰ ਨਿਵੇਸ਼ਕਾਂ ਦਾ ਵਿਸ਼ਵਾਸ ਅਤੇ ਨੀਤੀਆਂ ਵਿੱਚ ਪਾਰਦਰਸ਼ਤਾ ਬਣਾਉਣ ਦੇ ਟੀਚੇ ਨਾਲ ਕੰਮ ਕਰ ਰਹੀ ਹੈ। ਹਰਿਆਣਾ ਉਦਯੋਗਿਕ ਨਿਵੇਸ਼ ਲਈ ਸਭ ਤੋਂ ਵਧੀਆ ਰਾਜਾਂ ਵਿੱਚੋਂ ਇੱਕ ਹੈ, ਜਿਸ ਵਿੱਚ ਅਨੁਕੂਲ ਮਾਹੌਲ ਹੈ। ਮੁੱਖ ਮੰਤਰੀ ਸਨੀਵਾਰ ਨੂੰ ਨਵੀਂ ਦਿੱਲੀ ਵਿੱਚ ਨਿਵੇਸਕਾਂ ਨਾਲ ਮੁਲਾਕਾਤ ਕਰ ਰਹੇ ਸਨ। ਮੀਟਿੰਗ ਦੌਰਾਨ, ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਰਾਜ ਵਿੱਚ ਨਿਵੇਸ਼ ਸਬੰਧੀ ਵੱਖ-ਵੱਖ ਅੰਤਰਰਾਸਟਰੀ ਕੰਪਨੀਆਂ ਦੇ ਪ੍ਰਤੀਨਿਧੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਆਉਣ ਵਾਲੀਆਂ ਯੋਜਨਾਵਾਂ ਬਾਰੇ ਜਾਣਿਆ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਅਜਿਹੀਆਂ ਨੀਤੀਆਂ ਬਣਾ ਰਹੀ ਹੈ ਜੋ ਨਿਵੇਸਕਾਂ ਦੇ ਵਿਸਵਾਸ ਨੂੰ ਵੱਧ ਤੋਂ ਵੱਧ ਕਰਨ। ਇਸ ਦੇ ਨਾਲ ਹੀ, ਆਪਣੀਆਂ ਨੀਤੀਆਂ ਵਿੱਚ ਪਾਰਦਰਸਤਾ ਹੈ। ਇਹ ਕੰਮ ਸਰਕਾਰੀ ਪ੍ਰਵਾਨਗੀਆਂ ਲਈ ਲੋੜੀਂਦੇ ਸਮੇਂ ਨੂੰ ਘੱਟ ਤੋਂ ਘੱਟ ਕਰਨ ਅਤੇ ਤੇਜੀ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਦੇ ਟੀਚੇ ਨਾਲ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਭਾਰਤ ਅਤੇ ਯੂਰਪੀ ਸੰਘ ਵਿਚਕਾਰ ਹੋਏ ਸਮਝੌਤੇ ਨਾਲ ਹਰਿਆਣਾ ਦੇ ਉਦਯੋਗਾਂ ਨੂੰ ਫਾਇਦਾ ਹੋਵੇਗਾ। ਉਨ੍ਹਾਂ ਨੇ ਹਰਿਆਣਾ-ਯੂਰਪੀਅਨ ਵਰਕਿੰਗ ਗਰੁੱਪ ਦੇ ਗਠਨ ਦਾ ਐਲਾਨ ਕੀਤਾ। ਇਸਦਾ ਮੁੱਖ ਉਦੇਸ ਯੂਰਪੀਅਨ ਯੂਨੀਅਨ ਦੇ ਐਮਐਸਐਮਈਜ ਨੂੰ ਹਰਿਆਣਾ ਦੇ ਐਮਐਸਐਮਈਜ ਨਾਲ ਮੇਲਣਾ ਹੋਵੇਗਾ ਤਾਂ ਜੋ ਸਾਡੇ ਉਦਯੋਗ ਆਪਣੇ ਉਦਯੋਗਾਂ ਦੀਆਂ ਜਰੂਰਤਾਂ ਨੂੰ ਪੂਰਾ ਕਰ ਸਕਣ। ਇਸ ਨਾਲ ਹਰਿਆਣਾ ਦੇ ਉਦਯੋਗਾਂ ਨੂੰ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਵਿਦੇਸੀ ਕੰਪਨੀਆਂ ਦੀ ਪਛਾਣ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਹਰਿਆਣਾ ਵਿੱਚ ਨਿਰਮਾਣ ਕੰਪਨੀਆਂ ਨਾਲ ਜੋੜਿਆ ਜਾਵੇਗਾ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਐਚਐਸਵਾਈਆਈਡੀਸੀ ਉਦਯੋਗ ਸਥਾਪਤ ਕਰਨ ਲਈ ਲਗਾਤਾਰ ਜਮੀਨ ਪ੍ਰਦਾਨ ਕਰ ਰਿਹਾ ਹੈ। ਵੱਖ-ਵੱਖ ਉਦਯੋਗਿਕ ਜੋਨ ਬਣਾਏ ਜਾ ਰਹੇ ਹਨ। ਰਾਜ ਸਰਕਾਰ 10 ਨਵੇਂ ਆਈਐਮਟੀ ਵਿਕਸਤ ਕਰ ਰਹੀ ਹੈ। ਉਨ੍ਹਾਂ ਨੇ ਹਰਿਆਣਾ ਵਿੱਚ ਉਦਯੋਗਾਂ ਲਈ ਜਮੀਨ ਦੀ ਮੰਗ ਕਰਨ ਵਾਲੀਆਂ ਕੰਪਨੀਆਂ ਦੇ ਪ੍ਰਤੀਨਿਧੀਆਂ ਨਾਲ ਵੀ ਮੁਲਾਕਾਤ ਕੀਤੀ। **ਜਲਦੀ ਹੀ ਜੀਸੀਸੀਜ ਬਾਰੇ ਇੱਕ ਨੀਤੀ ਪੇਸ ਕਰੇਗਾ ਹਰਿਆਣਾ :** ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅੱਜ ਦੁਨੀਆ ਭਰ ਦੀਆਂ ਕੰਪਨੀਆਂ ਵੱਖ-ਵੱਖ ਦੇਸਾਂ ਵਿੱਚ ਕੰਮ ਕਰ ਰਹੀਆਂ ਹਨ। ਨਤੀਜੇ ਵਜੋਂ, ਗਲੋਬਲ ਸਮਰੱਥਾ ਕੇਂਦਰਾਂ (ਜੀਸੀਸੀਜ) ਦਾ ਰੁਝਾਨ ਤੇਜੀ ਨਾਲ ਵਧਿਆ ਹੈ। ਰਾਜ ਸਰਕਾਰ ਜਲਦੀ ਹੀ ਗਲੋਬਲ ਸਮਰੱਥਾ ਕੇਂਦਰਾਂ (ਜੀਸੀਸੀਜ) ਲਈ ਇੱਕ ਨਵੀਂ ਨੀਤੀ ਪੇਸ ਕਰੇਗੀ। ਇਹ ਹਰਿਆਣਾ ਵਿੱਚ ਜੀਸੀਸੀਜ ਸਥਾਪਤ ਕਰਨ ਦੀਆਂ ਇੱਛਾ ਰੱਖਣ ਵਾਲੀਆਂ ਕੰਪਨੀਆਂ ਨੂੰ ਸਹੂਲਤ ਦੇਵੇਗਾ। ਇਸ ਮੌਕੇ ਉਦਯੋਗ ਅਤੇ ਵਣਜ ਵਿਭਾਗ ਦੇ ਕਮਿਸਨਰ ਅਤੇ ਸਕੱਤਰ ਡਾ. ਅਮਿਤ ਅਗਰਵਾਲ, ਐਚਐਸਆਈਆਈਡੀਸੀ ਸੀਸੀਆਈ ਦੇ ਡਾਇਰੈਕਟਰ ਜਨਰਲ ਸ੍ਰੀ ਯਸ ਗਰਗ ਅਤੇ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

# ਘਰ 'ਚ ਅੱਗ ਲੱਗਣ ਕਾਰਨ ਸਿਲੰਡਰ ਫ਼ਟਿਆ

## ਜ਼ਰੂਰੀ ਕਾਗਜ਼ਾਤ, ਮੋਟਰਸਾਈਕਲ ਤੇ ਘਰੇਲੂ ਸਾਮਾਨ ਸੜ ਕੇ ਸੁਆਹ

**ਸਾਦਿਕ/14 ਫਰਵਰੀ/ਮਨਜੀਤ :** ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬੁਰਜ ਮਸਤਾ ਤੋਂ ਦਿਨ ਚੜ੍ਹਦੇ ਹੀ ਇੱਕ ਬਹੁਤ ਹੀ ਬੁਰੀ ਖਬਰ ਆਈ ਹੈ ਜਿੱਥੇ ਅੱਜ ਸਵੇਰੇ ਕਰੀਬ 8 ਵਜੇ ਰਾਜ ਕੁਮਾਰ ਉਰਫ਼ ਰਾਜੂ ਦੇ ਘਰ ਵਿੱਚ ਅੱਗ ਲੱਗ ਗਈ ਤੇ ਇਹ ਅੱਗ ਵਧਦੀ ਹੋਈ ਰਸੋਈ ਤੱਕ ਪਹੁੰਚ ਗਈ ਤੇ ਰਸੋਈ 'ਚ ਪਿਆ ਸਿਲੰਡਰ ਅੱਗ ਦੀ ਲਪੇਟ 'ਚ ਆ ਕੇ ਫ਼ਟ ਗਿਆ। ਜਿਸ ਕਾਰਨ ਜੋਰ ਦਾ ਧਮਾਕਾ ਹੋਇਆ ਤੇ ਇਸ ਧਮਾਕੇ ਕਾਰਨ ਪੂਰਾ ਪਿੰਡ ਹੀ ਇੱਕ ਵਾਰ ਸਹਿਮ ਗਿਆ। ਜਦੋਂ ਪਿੰਡ ਵਾਸੀਆਂ ਨੂੰ ਰਾਜੂ ਦੇ ਘਰ ਵਿੱਚ ਅੱਗ ਲੱਗਣ ਦਾ ਪਤਾ ਲਗਿਆ ਤਾਂ ਉਦੋਂ ਤੱਕ ਧਮਾਕੇ ਨਾਲ ਘਰ ਦੀ ਛੱਤ ਵੀ ਉੱਡ ਗਈ ਤੇ ਘਰ 'ਚ ਪਿਆ ਸਾਰਾ ਸਮਾਨ ਵੀ ਬੁਰੀ ਤਰਾਂ ਸੜ ਕੇ ਸੁਆਹ ਹੋ ਗਿਆ ਸੀ। ਪਿੰਡ ਵਾਲਿਆਂ ਨੇ ਮੌਕੇ ਤੇ ਪਹੁੰਚ ਕੇ ਅੱਗ ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਅਤੇ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ। ਮੌਕੇ ਤੇ ਪਹੁੰਚ ਕੇ ਫਾਇਰ ਬ੍ਰਿਗੇਡ ਦੇ ਕਰਮਚਾਰੀਆਂ ਨੇ ਬੜੀ ਮੁਸ਼ੱਕਤ ਨਾਲ ਅੱਗ ਤੇ ਕਾਬੂ ਪਾਇਆ। ਇਸ ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਫਰੀਦਕੋਟ ਦੇ ਥਾਣਾ ਸਦਰ ਦੇ ਪੁਲਿਸ ਅਧਿਕਾਰੀਆਂ ਨੇ ਮੌਕੇ ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਜ਼ਿਕਰਯੋਗ ਹੈ ਕਿ ਅੱਗ ਲੱਗਣ ਕਾਰਨ ਘਰ 'ਚ ਪਏ ਜ਼ਰੂਰੀ ਕਾਗਜ਼ਾਤ, ਮੋਟਰਸਾਈਕਲ ਸਮੇਤ ਸਾਰਾ ਘਰੇਲੂ ਸਮਾਨ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਿਆ।



# ਵਿਧਾਇਕ ਮਾਲੇਰਕੋਟਲਾ ਨੂੰ ਮੰਤਰੀ ਮੰਡਲ 'ਚ ਸ਼ਾਮਲ ਕਰਨ ਦੀ ਮੰਗ ਤੇਜ਼



**ਸਲੀਮ**

**ਮਾਲੇਰਕੋਟਲਾ/14 ਫਰਵਰੀ :** ਮਾਲੇਰਕੋਟਲਾ ਹਲਕੇ ਵਿੱਚ ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਸਿਆਸੀ ਵਰਗਾਂ ਵੱਲੋਂ ਇਹ ਮੰਗ ਜੋਰ ਪਕੜ ਰਹੀ ਹੈ ਕਿ ਸੂਬਾ ਸਰਕਾਰ ਯੋਗ ਅਤੇ ਜਨਸੇਵਾ ਲਈ ਸਮਰਪਿਤ ਮੁਸਲਿਮ ਨੁਮਾਇੰਦੇ ਨੂੰ ਪੰਜਾਬ ਮੰਤਰੀ ਮੰਡਲ ਵਿੱਚ ਸਾਮਲ ਕਰੇ। ਆਗੂਆਂ ਦਾ ਕਹਿਣਾ ਹੈ ਕਿ ਇਸ ਨਾਲ ਨਾ ਸਿਰਫ ਮਾਲੇਰਕੋਟਲਾ ਹਲਕੇ ਦੀ ਨੁਮਾਇੰਦਗੀ ਮਜਬੂਤ ਹੋਵੇਗੀ, ਸਗੋਂ ਸੂਬੇ ਦੇ ਅਲਪ ਸੰਖਿਆਕ ਵਰਗ ਨੂੰ ਵੀ ਯੋਗ ਪ੍ਰਤੀਨਿਧਿਤਾ ਮਿਲੇਗੀ।ਇਸ ਸਬੰਧੀ ਕੌਂਸਲਰ ਮੁਹੰਮਦ ਹਬੀਬ ਨੇ ਕਿਹਾ ਕਿ ਮਾਲੇਰਕੋਟਲਾ ਇਤਿਹਾਸਕ ਅਤੇ ਸਮਾਜਿਕ ਪੱਖੋਂ ਮਹੱਤਵਪੂਰਨ ਹਲਕਾ ਹੈ, ਜਿਸ ਦੀਆਂ ਲੰਬੇ ਸਮੇਂ ਤੋਂ ਚੱਲ ਰਹੀਆਂ ਲੋਕ ਮੰਗਾਂ ਨੂੰ ਪ੍ਰਭਾਵਸਾਲੀ ਢੰਗ ਨਾਲ ਉਠਾਉਣ ਲਈ ਮਜਬੂਤ ਆਵਾਜ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜਿਹੜੇ ਆਗੂ ਲੋਕਾਂ ਵਿਚ ਰਹਿ ਕੇ ਜਨਸੇਵਾ ਕਰ ਰਹੇ ਹਨ, ਉਹਨਾਂ ਨੂੰ ਮੰਤਰੀ ਮੰਡਲ ਵਿੱਚ ਸਾਮਲ ਕਰਨਾ ਸਮੇਂ ਦੀ ਲੋੜ ਹੈ।ਇਸ ਮੌਕੇ ਮੁਹੰਮਦ ਰਸੀਦ ਕਿਲ੍ਹਾ, ਮੁਹੰਮਦ ਸਰੀਫ ਕਿਲ੍ਹਾ ਅਤੇ ਮੁਹੰਮਦ ਨਾਹਿਦ ਨੇ ਵੀ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਮਾਲੇਰਕੋਟਲਾ ਦੇ ਵਿਕਾਸ ਲਈ ਮਜਬੂਤ ਅਤੇ ਪ੍ਰਭਾਵਸਾਲੀ ਨੁਮਾਇੰਦਗੀ ਜਰੂਰੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸਮਾਜ ਦੇ ਹਰ ਵਰਗ ਨੂੰ ਯੋਗ ਹਿੱਸੇਦਾਰੀ ਦੇਣੀ ਚਾਹੀਦੀ ਹੈ ਅਤੇ ਲੋਕਾਂ ਵਿੱਚ ਸਰਗਰਮ ਆਗੂਆਂ ਨੂੰ ਅੱਗੇ ਲਿਆਉਣਾ ਚਾਹੀਦਾ ਹੈ, ਤਾਂ ਜੋ ਇਲਾਕੇ ਦੀਆਂ ਸਮੱਸਿਆਵਾਂ ਦਾ ਹੱਲ ਤੇਜੀ ਨਾਲ ਹੋ ਸਕੇ।ਸਥਾਨਕ ਆਗੂਆਂ ਅਤੇ ਇਲਾਕਾ ਨਿਵਾਸੀਆਂ ਨੇ ਉਮੀਦ ਜਤਾਈ ਕਿ ਸਰਕਾਰ ਇਸ ਮੰਗ 'ਤੇ ਸੰਵੇਦਨਸੀਲਤਾ ਨਾਲ ਵਿਚਾਰ ਕਰਕੇ ਜਲਦ ਹੀ ਉਚਿਤ ਫੈਸਲਾ ਲਏਗੀ, ਤਾਂ ਜੋ ਮਾਲੇਰਕੋਟਲਾ ਦੇ ਵਿਕਾਸ, ਸਿਹਤ, ਸਿੱਖਿਆ ਅਤੇ ਰੋਜਗਾਰ ਸੰਬੰਧੀ ਮੁੱਦਿਆਂ ਨੂੰ ਤਰਜੀਹ ਮਿਲ ਸਕੇ।

# ਮਹਾਂ ਸ਼ਿਵਰਾਤਰੀ ਦੇ ਸ਼ੁਭ ਤਿਉਹਾਰ ਮੌਕੇ ਅਦਾਰਾ 'ਦੇਸ਼ ਸੇਵਕ' ਦੇ ਪੱਤਰਕਾਰ ਪੁਸ਼ਪਿੰਦਰ ਅੱਤਰੀ ਵੱਲੋਂ ਧੂਰੀ ਵਿਸ਼ੇਸ਼ ਸਪਲੀਮੈਂਟ


ਰਾਹੁਲ ਚਾਬਾ ਡੀ.ਸੀ. ਸੰਗਰੂਰ | ਸਰਤਾਜ ਸਿੰਘ ਚਾਹਲ, ਐਸਐਸਪੀ ਸੰਗਰੂਰ | ਰਿਸ਼ਬ ਬਾਂਸਲ ਐਸਡੀਐਮ ਧੂਰੀ | ਗੁਰਪ੍ਰੀਤ ਸਿੰਘ ਡੀਐਸਪੀ ਧੂਰੀ | ਕਰਮਵੀਰ ਸਿੰਘ ਸੰਧੂ ਮੁੱਖ ਅਫ਼ਸਰ ਥਾਣਾ ਸਦਰ ਧੂਰੀ
ਵਿਨੋਦ ਵਰਮਾ ਪ੍ਰਧਾਨ ਪੰਜਾਬ ਜਰਨਲਿਸਟ ਐਸੋ. ਧੂਰੀ | ਹਰਜਿੰਦਰ ਸਿੰਘ ਦੁੱਗਾਂ, ਜ਼ਿਲ੍ਹਾ ਇਚਾਰਜ 'ਦੇਸ਼ ਸੇਵਕ' ਸੰਗਰੂਰ | ਰੱਜਤ ਅੱਤਰੀ ਐਸਡੀਓ pspcl | ਸੁਖਪਾਲ ਸਿੰਘ ਪਾਲਾ 'ਆਪ' ਬਲਾਕ ਪ੍ਰਧਾਨ ਧੂਰੀ | ਅਯਾਨ ਅੱਤਰੀ

ਮਹਾਂ ਸ਼ਿਵਰਾਤਰੀ ਦੇ ਸ਼ੁਭ ਤਿਉਹਾਰ ਮੌਕੇ ਸਮੂਹ ਦੇਸ਼ ਵਾਸੀਆਂ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ।
ਵੱਲੋਂ : ਨੰਬਰਦਾਰ ਜਸਪਾਲ ਸਿੰਘ ਬਰੜ੍ਹਵਾਲ ਬਲਾਕ ਪ੍ਰਧਾਨ ਕਿਸਾਨ ਵਿੰਗ ਆਮ ਆਦਮੀ ਪਾਰਟੀ, ਧੂਰੀ

ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ | ਸੰਦੀਪ ਤਾਇਲ ਸਾਬਕਾ ਪ੍ਰਧਾਨ ਨਗਰ ਕੌਂਸਲ, ਧੂਰੀ | ਪੁਸ਼ਪਾ ਤਾਇਲ ਪ੍ਰਧਾਨ ਨਗਰ ਕੌਂਸਲ, ਧੂਰੀ
ਮਹਾਂ ਸ਼ਿਵਰਾਤਰੀ ਦੇ ਸ਼ੁਭ ਤਿਉਹਾਰ ਮੌਕੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਵੱਲੋਂ : ਪੁਸ਼ਪਾ ਤਾਇਲ, ਪ੍ਰਧਾਨ ਨਗਰ ਕੌਂਸਲ ਧੂਰੀ

ਮਹਾਂ ਸ਼ਿਵਰਾਤਰੀ ਦੇ ਸ਼ੁਭ ਤਿਉਹਾਰ ਮੌਕੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਵੱਲੋਂ : ਗੁਰਪ੍ਰੀਤ ਸਿੰਘ ਗਿੱਲ ਐਡਵੋਕੇਟ, ਸਕੱਤਰ ਬਾਰ ਐਸੋਸੀਏਸ਼ਨ, ਧੂਰੀ

ਧੰਨਵਾਦ
ਮੈਂ ਉਨ੍ਹਾਂ ਸਾਰੇ ਸੱਜਣਾ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਵਿਸ਼ੇਸ਼ ਸਪਲੀਮੈਂਟ ਕੱਢਣ ਲਈ ਮੈਨੂੰ ਭਰਪੂਰ ਸਹਿਯੋਗ ਦਿੱਤਾ। ਇਨ੍ਹਾਂ ਸੱਜਣਾ ਤੋਂ ਮੈਂ ਅੱਗੇ ਵੀ ਇਹੋ ਆਸ ਰੱਖਦਾ ਹਾਂ। ਮੈਂ ਇਲਾਕਾ ਵਾਸੀਆਂ ਨੂੰ ਵਿਸ਼ਵਾਸ਼ ਦਿਵਾਉਂਦਾ ਹਾਂ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ 'ਦੇਸ਼ ਸੇਵਕ' ਰਾਹੀਂ ਉਠਾਉਂਦਾ ਰਹਾਂਗਾ।
ਪੁਸ਼ਪਿੰਦਰ ਅੱਤਰੀ
ਪੱਤਰਕਾਰ : ਧੂਰੀ
ਮੋਬਾ : 97792-62290

- ਪਿੰਡ ਬਰੜ੍ਹਵਾਲ ਬੜ੍ਹਾਵਾਸ ਵਿਚ ਨਵਾਂ ਸੀਵਰੇਜ ਪਾਇਆ
- ਲੋੜਵੰਦ ਲੋਕਾਂ ਲਈ ਪੀਣ ਵਾਲੇ ਪਾਣੀ ਵਾਸਤੇ ਸਬਮਰਸੀਬਲ ਮੋਟਰਾਂ ਲਗਵਾਈਆਂ
- ਪਿੰਡ ਬਰੜ੍ਹਵਾਲ ਬੜ੍ਹਾਵਾਸ ਦੀ ਫਿਰਨੀ ਦੇ ਆਲ਼ੇ-ਦੁਆਲੇ ਇੰਟਰ ਲਾਕਿੰਗ ਟਾਈਲਾਂ ਲਗਵਾਈਆਂ
- ਬਰੜ੍ਹਵਾਲ ਬੜ੍ਹਾਵਾਸ ਦੀ ਐਸ.ਸੀ ਧਰਮਸ਼ਾਲਾ ਦਾ ਨਵਾਂ ਸ਼ੈੱਡ ਬਣਵਾਇਆ

ਵੱਲੋਂ : ਕਰਮਜੀਤ ਸਿੰਘ ਸਰਪੰਚ ਤੇ ਸਮੂਹ ਗ੍ਰਾਮ ਪੰਚਾਇਤ ਬਰੜ੍ਹਵਾਲ ਬੜ੍ਹਾਵਾਸ, ਬਲਾਕ ਧੂਰੀ, ਜ਼ਿਲ੍ਹਾ ਸੰਗਰੂਰ

ਕਿੰਗਜ਼ ਵਿਊ ਇੰਟਰਨੈਸ਼ਨਲ ਸਕੂਲ
ਭਲਵਾਨ ਰੋਡ, ਧੂਰਾ (ਧੂਰੀ)
- ਇਥੇ ਵਧੀਆ ਤਜ਼ਰਬੇਕਾਰ ਸਟਾਫ਼ ਹੈ
- ਬੱਚਿਆਂ ਲਈ ਟ੍ਰਾਂਸਪੋਰਟ ਦਾ ਪੂਰਾ ਪ੍ਰਬੰਧ ਹੈ।
- ਬੱਚਿਆਂ ਦੇ ਖੇਡਣ ਲਈ ਵਧੀਆ ਖੇਡ ਦਾ ਮੈਦਾਨ ਹੈ।

ਵੱਲੋਂ : ਹਰਸ਼ਪ੍ਰੀਤ ਸਿੰਘ ਸੰਧੂ ਪ੍ਰਧਾਨ ਕਿੰਗਜ਼ ਵਿਊ ਇੰਟਰਨੈਸ਼ਨਲ ਸਕੂਲ, ਧੂਰਾ

ਮਹਾਂ ਸ਼ਿਵਰਾਤਰੀ ਦੇ ਸ਼ੁਭ ਤਿਉਹਾਰ ਮੌਕੇ ਸਮੂਹ ਦੇਸ਼ ਵਾਸੀਆਂ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ।
ਪ੍ਰੋ:ਮਨਮੋਹਣ ਲਾਲ (ਕਾਨੂੰਗੋ): 98551-53868, 98779-45390
ਰਾਜਦੀਪ ਸ਼ਰਮਾ (ਬੀ.ਐਸ.ਸੀ. ਐਗਰੀਕਲਚਰ ਆਨਰਜ): 98550-25868
ਸ੍ਰੀ ਗੋਵਿੰਦ ਐਗਰੋ
ਇਥੇ ਕੀਤੇਮਾਰ ਦਵਾਈਆਂ, ਵਧੀਆ ਕੁਆਲਟੀ ਦੇ ਸੁਧਰੇ ਬੀਜ ਅਤੇ ਸਪਰੇ ਪੰਪ ਮਿਲਦੇ ਹਨ ਜੀ।
email. srigovindagro@gmail.com
ਰੇਲ ਪਾਰਕ ਚੌਕ, ਨੇੜੇ ਭਲਵਾਨ ਵਾਲਾ ਅੱਡਾ, ਧੂਰੀ-148024

ਇਥੇ ਫ਼ਸਲਾਂ ਦੀਆਂ ਕੀੜੇਮਾਰ ਨਦੀਨ ਨਾਸ਼ਕ ਵਧੀਆ ਕੁਆਲਿਟੀ ਦੀਆਂ ਦਵਾਈਆਂ ਮਿਲਦੀਆਂ ਹਨ।
ਸ਼ੰਭੂ ਅੱਤਰੀ
ਵੱਲੋਂ : ਅੱਤਰੀ ਐਗਰੋ ਸਰਵਿਸ ਸੈਂਟਰ, ਬਾਗੜੀਆਂ ਚੌਕ ਧੂਰੀ

ਮਹਾਂ ਸ਼ਿਵਰਾਤਰੀ ਦੇ ਸ਼ੁਭ ਤਿਉਹਾਰ ਮੌਕੇ ਸਮੂਹ ਦੇਸ਼ ਵਾਸੀਆਂ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ।
ਵੱਲੋਂ : ਪਵਨ ਹਰਚੰਦਪੁਰੀ, ਪ੍ਰਧਾਨ ਕੇਂਦਰੀ ਲੇਖਕ ਪੰਜਾਬੀ ਸਭਾ ਸੇਖੋਂ (ਰਜਿ.)

ਮਹਾਂ ਸ਼ਿਵਰਾਤਰੀ ਦੇ ਸ਼ੁਭ ਤਿਉਹਾਰ ਮੌਕੇ ਸਮੂਹ ਦੇਸ਼ ਵਾਸੀਆਂ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ। ਆਓ ਆਪਾਂ ਰਲਕੇ ਪੰਜਾਬ ਨੂੰ ਨਸ਼ਾ ਮੁਕਤ ਕਰਕੇ ਰੰਗਲਾ ਪੰਜਾਬ ਬਣਾਈਏ।
ਵੱਲੋਂ : ਸਤਿੰਦਰ ਸਿੰਘ ਚੱਠਾ
ਜੁਆਇੰਟ ਸਕੱਤਰ ਵਪਾਰ ਮੰਡਲ ਆਮ ਆਦਮੀ ਪਾਰਟੀ ਪੰਜਾਬ ਪ੍ਰਧਾਨ ਆਲ ਇੰਡੀਆ ਐਗਜ਼ੀਕਿਊਟਿਵ ਐਫਸੀਆਈ ਸਟਾਫ਼ ਯੂਨੀਅਨ

ਮਹਾਂ ਸ਼ਿਵਰਾਤਰੀ ਦੇ ਸ਼ੁਭ ਤਿਉਹਾਰ ਮੌਕੇ ਸਮੂਹ ਦੇਸ਼ ਵਾਸੀਆਂ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ।
- ਇਸ ਯੂਨੀਅਨ ਵਿੱਚ 600 ਦੇ ਲੱਗਭਗ ਟਰੱਕ ਹਨ।
- ਭਾਰਤ ਦੇ ਕੋਨੇ-ਕੋਨੇ ਵਿੱਚ ਵਪਾਰੀਆਂ ਦਾ ਮਾਲ ਭਰੋਸੇਯੋਗ ਤਰੀਕੇ ਨਾਲ ਭੁਗਤਾਨ ਕਰਦੇ ਹਨ।
- ਵਪਾਰੀ ਦੇ ਰਹਿਣ-ਸਹਿਣ ਵਾਸਤੇ ਪੂਰੇ ਪ੍ਰਬੰਧ ਹਨ।
- ਪ੍ਰਧਾਨ ਗਗਨਜੀਤ ਸਿੰਘ ਜਵੰਧਾ ਬੜੀ ਈਮਾਨਦਾਰੀ ਤੇ ਮਿਹਨਤ ਨਾਲ ਵਧੀਆ ਕੰਮ ਚਲਾ ਰਹੇ ਹਨ।
- ਵਪਾਰੀਆਂ ਦੀਆਂ ਸਹੂਲਤਾਂ ਵਾਸਤੇ ਟਰੱਕ ਹਰ ਸਮੇਂ ਉਪਲੱਬਧ ਹਨ

ਵੱਲੋਂ : ਗਗਨਜੀਤ ਸਿੰਘ ਜਵੰਧਾ, ਪ੍ਰਧਾਨ
ਦੀ ਧੂਰੀ ਟਰੱਕ ਅਪਰੇਟਰ ਐਸੋਸੀਏਸ਼ਨ, ਐਮ.ਕੇ. ਰੋਡ ਧੂਰੀ

ਸੰਸਥਾਪਕ ਸ਼ਿਵ ਕੁਮਾਰ ਲੌਮਸ | ਕ੍ਰਿਸ਼ਨ ਕੌਸ਼ਲ (ਸੱਬੀ)
ਮਹਾਂ ਸ਼ਿਵਰਾਤਰੀ ਦੇ ਸ਼ੁਭ ਤਿਉਹਾਰ ਮੌਕੇ ਸਮੂਹ ਦੇਸ਼ ਵਾਸੀਆਂ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ। ਆਓ ਆਪਾਂ ਰਲਕੇ ਪੰਜਾਬ ਨੂੰ ਨਸ਼ਾ ਮੁਕਤ ਕਰਕੇ ਰੰਗਲਾ ਪੰਜਾਬ ਬਣਾਈਏ।
ਵੱਲੋਂ : ਕ੍ਰਿਸ਼ਨ ਕੌਸ਼ਲ (ਸੱਬੀ) ਪ੍ਰਧਾਨ
ਸ੍ਰੀ ਬ੍ਰਾਹਮਣ ਸਭਾ (ਰਜਿ.) ਬਰੜਵਾਲ ਰੋਡ, ਧੂਰੀ

ਡਾ. ਅਛਰੂ ਰਾਮ ਸ਼ਰਮਾ ਚੇਅਰਮੈਨ, ਰਾਈਸੀਲਾ ਗਰੁੱਪ ਧੂਰੀ
ਮਹਾਂ ਸ਼ਿਵਰਾਤਰੀ ਦੇ ਸ਼ੁੱਭ ਤਿਉਹਾਰ ਮੌਕੇ ਦੇਸ਼ ਵਾਸੀਆਂ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ।
ਵਿਜੇ ਕੁਮਾਰ ਗੋਇਲ, ਡਾਇਰੈਕਟਰ ਰਾਈਸੀਲਾ ਗਰੁੱਪ ਧੂਰੀ




ਕੀ ਤੁਸੀਂ ਜਾਣਦੇ ਹੋ ?
- ਹਾਲ ਵਿੱਚ ਹੋਏ ਟੌਕਸੀਕੋਲੋਜੀ ਪ੍ਰੀਖਣਾਂ ਤੋਂ ਪਤਾ ਚੱਲਿਆ ਹੈ ਕਿ 3-MONO-CHLOROPROPRANEDIOL (3-MCPD) ਅਤੇ GLYCIDYL FATTY ACID ESTERS (GE) ਸੰਭਾਵੀ ਕੈਂਸਰ ਕਾਰਕ ਹਨ।
- ਯੂਰਪੀਅਨ ਕਮਿਸ਼ਨ ਨੇ ਹਾਲ ਹੀ ਵਿੱਚ 25 ਅਪ੍ਰੈਲ, 2023 ਨੂੰ ਰੈਗੂਲੇਸ਼ਨ (EU) 2023/915 ਲਾਗੂ ਕੀਤੀ ਹੈ ਜਿਸ ਵਿੱਚ ਖਾਣ ਵਾਲੇ ਤੇਲਾਂ ਵਿੱਚ 3-MCPD ਅਤੇ GE ਲਈ ਅਧਿਕਤਮ ਸੀਮਾਵਾਂ ਨਿਰਧਾਰਤ ਕੀਤੀਆਂ ਗਈਆਂ ਹਨ।
- "ਰਾਈਸੀਲਾ" ਇਕਲੌਤਾ ਰਿਫਾਇੰਡ ਰਾਈਸ ਬ੍ਰਾਨ ਆਇਲ ਦਾ ਬ੍ਰਾਂਡ ਹੈ ਜੋ ਨਵੇਂ ਯੂਰਪੀਅਨ ਫੂਡ ਸੇਫਟੀ ਰੈਗੂਲੇਸ਼ਨ ਦੇ ਤਹਿਤ 3-MCPD ਅਤੇ GE ਦੀ ਪਾਲਣਾ ਕਰਨ ਦੀ ਗਾਰੰਟੀ ਦਿੰਦਾ ਹੈ।

"ਰਾਈਸੀਲਾ" ਟ੍ਰਾਂਸ ਫੈਟ ਫ੍ਰੀ ਹੋਣ ਦੀ ਵੀ ਗਾਰੰਟੀ ਦਿੰਦਾ ਹੈ। TRANS FAT FREE
Contact Us at Ph. 1800 180 2411 (toll free), email at: info@ricela.com, visit us at www.ricela.in

ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ, ਬਰੜਵਾਲ
ਇਹ ਸਕੂਲ ਇਲਾਕੇ ਦਾ ਇਕ ਵਧੀਆ ਤੇ ਜਾਣਿਆ-ਪਛਾਣਿਆ ਸਕੂਲ ਹੈ, ਜਿਥੇ ਤਜ਼ਰਬੇਕਾਰ ਸਟਾਫ਼ ਹੈ। ਸਕੂਲ ਵਿੱਚ ਬੱਚਿਆਂ ਲਈ ਵਧੀਆ ਟਰਾਂਸਪੋਰਟ ਦੀ ਸਹੂਲਤ ਹੈ। ਬੱਚਿਆਂ ਦੇ ਖੇਡਣ ਲਈ ਖੁੱਲ੍ਹਾ ਖੇਡ ਮੈਦਾਨ ਹੈ। ਇਸ ਸਕੂਲ ਵਿੱਚ ਵਧੀਆ ਤੇ ਨਵੀਆਂ ਤਕਨੀਕਾਂ ਵਾਲੇ ਪਾਠਕ੍ਰਮ ਵਰਤ ਕੇ ਬੱਚਿਆਂ ਨੂੰ ਆਧੁਨਿਕ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ। ਸਕੂਲ ਵਿੱਚ ਐਲੀਮੈਂਟਰੀ ਪੱਧਰ 'ਤੇ ਆਰਟੀਫਿਸ਼ੀਅਲ ਇੰਟੈਲੀਜੈਂਸੀ (ਏਆਈ) ਪ੍ਰਦਾਨ ਕੀਤੀ ਜਾਂਦੀ ਹੈ ਤਾਂ ਕਿ ਬੱਚਿਆਂ ਵਿੱਚ ਤਕਨੀਕੀ ਜਾਣਕਾਰੀ ਵਧੇ। ਬੱਚਿਆਂ ਵਾਸਤੇ ਰੋਬੋਟਿਕਸ ਲੈਬ ਦੀ ਸ਼ੁਰੂਆਤ ਕੀਤੀ ਹੈ। ਜਿਥੇ ਵਿਦਿਆਰਥੀਆਂ ਨੂੰ ਰੋਬੋਟ ਬਣਾਉਣ ਉਨ੍ਹਾਂ ਨੂੰ ਪ੍ਰੋਗਰਾਮ ਕਰਨ ਅਤੇ ਵੱਖ-ਵੱਖ ਤਕਨੀਕੀ ਸਮੱਸਿਆਵਾਂ ਨੂੰ ਹੱਲ ਕਰਨ ਦੇ ਯੋਗ ਬਣਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਸਕੂਲ ਦੇ ਵਿਦਿਆਰਥੀ ਖੇਡਾਂ ਵਿੱਚ ਉੱਚੇ ਪੱਧਰ 'ਤੇ ਮੱਲਾਂ ਮਾਰ ਰਹੇ ਹਨ। ਜਿਸ ਨਾਲ ਵਿਦਿਆਰਥੀ ਰਾਜ ਪੱਧਰ, ਨੈਸ਼ਨਲ ਤੇ ਇੰਟਰਨੈਸ਼ਨਲ ਪੱਧਰ 'ਤੇ ਵੀ ਆਪਣਾ ਲੋਹਾ ਮਨਵਾ ਰਹੇ ਹਨ।



ਵੱਲੋਂ : ਦੇਸ਼ ਭਗਤ ਕਾਲਜ, ਟਰੱਸਟ ਬਰੜਵਾਲ